PUNJAB VIDHAN SABHA

DEBATES

Wednesday, the 25th March, 2015

Vol. X– No. 8

OFFICIAL REPORT

CONTENTS

	Page
Postponed Starred Questions and Answers	(8) 1
Starred Questions and Answers	(8) 34
Written Answers to Starred Questions laid on the table of the House Under Rule 38	(8) 41
Unstarred Questions and Answers	(8) 57
Matters raised during Zero Hour and the statement by the Deputy Chief Minister	(8) 67
Calling Attention Notices under Rule 66	(8) 80
Presentation of Report of the Committee	(8) 104
Papers to be Laid on the Table of the House	(8) 105
Motion under Rule 16	(8) 106
Motion reg. Constitution of Elected Committees for the year 2015-16	(8) 106
Official Resolutions:	
1. Reg. Recommendation to the State Government to take up the matter with the Central Government for seeking apology from the Canadian Govt. in the Canadian Parliament with references to the Atrocities committed by them on the Indian people in the year 1914	(8) 109
Announcement made by the Hon'ble Speaker	(8) 110
Official Resolution reg. Recommendation to the State Government to take up the matter with the Central Government for seeking apology from the Canadian Govt. in the Canadian Parliament with reference to the Atrocities committed by them on the Indian people in the year 1914 *(Resumption).*	(8) 111
2. Reg. Recommendation to the State Government to	(8) 123

Punjab Vidhan Sabha Secretariat, Chandigarh

Price : Rs._____.

approach the Central Govt. to implement to recommendations of Dr. Swaminathan Committee concerning the farmers.

3. Reg. Recommendation to the State Government for providing residential accommodation on the concessional rates to the Ex- Speakers of Punjab Vidhan Sabha on the pattern on Central Government. (8) 146

Legislative Business:

1. The Punjab Shops and Commercial Establishments (Amendment) Bill, 2015 (8) 149
2. The Minimum Wages (Punjab Amendment) Bill, 2015 (8) 151
3. The Punjab Agricultural Produce Markets (Amendment) Bill, 2015 (8) 154
4. The I.K.Gujral Punjab Technical University (Amendment) Bill,2015 (8) 158
5. The Akal University Bill, 2015 (8) 165
   Extension of time of the sitting of the House (8) 175
   The Akal University Bill, 2015 *(Resumption)* (8) 176
6. The Surya World University Bill, 2015 (8) 180
7. The Punjab Ancient, Historical Monuments, Archaeological Sites and Cultural Heritage Maintenance Board (Amendment) Bill,2015 (8) 183
8. The Punjab Development of Trade, Commerce and Industries Bill, 2015 (8) 186
9. The Punjab Regional and Town Planning and Development (Amendment) Bill, 2015 (8) 186
10. The Punjab State Technical Education and Industrial Training Board (Amendment) Bill, 2015 (8) 188
11. The East Punjab Ministers Salaries (Amendment) Bill, 2015 (8) 190
12. The Punjab Legislative Assembly Speaker's and Deputy Speaker's Salaries (Amendment) Bill, 2015 (8) 193
13. The Punjab Legislative Assembly (Salaries and Allowances of Members) Amendment Bill, 2015 (8) 195
14. The Punjab State Legislative Members (Pension and Medical Facilities Regulation) Amendment Bill, 2015 (8) 198

Official Resolution moved by Sardar Laal Singh of Indian National Congress party reg. recommendation to the state government for developing a colony for all the MLA's/Ex-MLA's through Gamada in order to help general public in the hour of their needs. (8) 201

Official Resolution (As Amended) moved by Sardar Laal Singh of Indian National Congress party reg. recommendation to the state government for developing a colony for all the MLA's/Ex-MLA's through Gamada in order to help general public in the hour of their needs. (8) 203

APPENDIX (i-ii)

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
8)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ

9) ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ
10) ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
11) ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ
12) ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ
13) ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
14) ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15) ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਜਾਈ ਮੰਤਰੀ
17) ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ-ਸਮੱਗਰੀ ਮੰਤਰੀ
18) ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
2)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
5)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6)	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਸਿੰਚਾਈ
7)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ
13)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14)	ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ

15) ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16) ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
17) ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18) ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19) ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Wednesday, the 25th March, 2015

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

POSTPONED STARRED QUESTIONS AND ANSWERS

ਮਾਨਯੋਗ ਸਪੀਕਰ: ਪਹਿਲਾਂ ਮੁਲਤਵੀ ਕੀਤੇ ਗਏ ਨਿਸ਼ਾਨ ਵਾਲੇ ਪ੍ਰਸ਼ਨ ਲਏ ਜਾਣਗੇ।

ਸਕਾਲਰਸ਼ਿਪ ਅਧੀਨ ਫੰਡ ਜਾਰੀ ਕਰਨਾ

***1981. ਸ਼੍ਰੀ ਸੁਨੀਲ ਜਾਖੜ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੇਂਦਰ ਸਰਕਾਰ ਵੱਲੋਂ ਸਾਲ 2013-14 ਅਤੇ 2014-15 ਦੌਰਾਨ ਮਿਨਾਰਟੀ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਕਿੰਨਾ ਫੰਡ ਕਿਹੜੀ ਕਿਹੜੀ ਮਿਤੀ ਨੂੰ ਜਾਰੀ ਕੀਤਾ ਗਿਆ।

(ਅ) ਉਪਰੋਕਤ ਭਾਵ (ੳ) ਵਿੱਚ ਵਰਣਿਤ ਸ਼ਕਾਲਰਸ਼ਿਪ ਸਬੰਧਤ ਮਹਿਕਮੇ ਨੂੰ ਕਦੋਂ ਅਤੇ ਕਿੰਨਾ-ਕਿੰਨਾ ਪ੍ਰਾਪਤ ਹੋਇਆ।

ਸਰਦਾਰ ਗੁਲਜਾਰ ਸਿੰਘ ਰਣੀਕੇ : (ੳ) ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

(ਅ) ਸੂਚਨਾ ਅਨੁਲੱਗ 'ਅ' ਤੇ ਰੱਖੀ ਜਾਂਦੀ ਹੈ।

ਅਨੁਲਗ-'ੳ'

ਘੱਟ ਗਿਣਤੀ ਵਰਗ ਨੂੰ ਸਕਾਲਰਸ਼ਿਪ ਦਾ ਲਾਭ ਭਾਰਤ ਸਰਕਾਰ, ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼ ਵੱਲੋਂ ਅਧਿਸੂਚਿਤ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆ ਨੂੰ ਦਿੱਤਾ ਜਾਂਦਾ ਹੈ।

ਸਾਲ 2013-14 ਅਤੇ 2014-15 ਦੌਰਾਨ ਭਾਰਤ ਸਰਕਾਰ ਤੋਂ ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ

[ਭਲਾਈ ਮੰਤਰੀ]

ਜਾਰੀ ਕੀਤੇ ਫੰਡਾਂ ਦਾ ਮਿਤੀ-ਵਾਰ ਵੇਰਵਾ

ਸਾਲ 2013-14 **(ਰਕਮ ਕਰੋੜਾਂ ਵਿੱਚ)**

ਲੜੀ ਨੰ.	ਸਕੀਮ ਦਾ ਨਾਂ	ਭਾਰਤ ਸਰਕਾਰ ਵੱਲੋਂ ਫੰਡ ਜਾਰੀ ਕਰਨ ਦੀ ਮਿਤੀ	ਫੰਡਾਂ ਦਾ ਵੇਰਵਾ
1.	ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ (75:25)	10.12.2013 18.12.2013	31.55 ਕਰੋੜ 38.90 ਕਰੋੜ 70.45 ਕਰੋੜ
2.	ਘੱਟ ਗਿਣਤੀ ਵਰਗ ਲਈ ਪੋਸਟ-ਮੈਟ੍ਰਿਕ ਸਕਲਰਸ਼ਿਪ ਸਕੀਮ (100% ਕੇਂਦਰੀ ਪ੍ਰਾਯੋਜਿਤ)	30.8.2013 10.12.2013 24.12.2013 30.01.2014 11.02.2014	21.77 ਕਰੋੜ 00.48 ਕਰੋੜ 1.05 ਕਰੋੜ 1.46 ਕਰੋੜ 16.62 ਕਰੋੜ 41.38 ਕਰੋੜ

ਸਾਲ 2014-15 **(ਰਕਮ ਕਰੋੜਾਂ ਵਿੱਚ)**

ਲੜੀ ਨੰ.	ਸਕੀਮ ਦਾ ਨਾਂ	ਭਾਰਤ ਸਰਕਾਰ ਵੱਲੋਂ ਫੰਡ ਜਾਰੀ ਕਰਨ ਦੀ ਮਿਤੀ	ਫੰਡਾਂ ਦਾ ਵੇਰਵਾ
1.	ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ (1.4.2014 ਤੋਂ 100% ਕੇਂਦਰੀ ਪ੍ਰਾਯੋਜਿਤ)	08.01.2015	43.86 ਕਰੋੜ
2.	ਘੱਟ ਗਿਣਤੀ ਵਰਗ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ (100% ਕੇਂਦਰੀ ਪ੍ਰਾਯੋਜਿਤ)	ਰਾਸ਼ੀ ਭਾਰਤ ਸਰਕਾਰ ਵੱਲੋਂ ਡਾਇਰੈਕਟ ਬੈਨੀਫਿਟ ਟ੍ਰਾਂਸਫਰ ਰਾਹੀਂ ਵੰਡੀ ਜਾ ਰਹੀ ਹੈ-	

ਅਨੁਲਗ 'ਅ'

ਘੱਟ ਗਿਣਤੀ ਵਰਗ ਨੂੰ ਸਕਾਲਰਸ਼ਿਪ ਦਾ ਲਾਭ ਭਾਰਤ ਸਰਕਾਰ, ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼ ਵੱਲੋਂ ਅਧਿਸੂਚਿਤ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ।

ਸਾਲ 2013-14 ਅਤੇ 2014-15 ਦੌਰਾਨ ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਸਕੀਮਾਂ ਅਧੀਨ ਰਾਜ ਸਰਕਾਰ ਵੱਲੋਂ ਜਾਰੀ ਕੀਤੇ ਫੰਡਾਂ ਦਾ ਮਿਤੀ ਵਾਰ ਵੇਰਵਾ:

ਸਾਲ 2013-14 **(ਰਕਮ ਕਰੋੜਾਂ ਵਿੱਚ)**

ਲੜੀ ਨੰ.	ਸਕੀਮ ਦਾ ਨਾਂ	ਖਜ਼ਾਨੇ ਵਿੱਚੋਂ ਰਾਸ਼ੀ ਡਰਾਅ ਹੋਣ ਦੀ ਮਿਤੀ	ਫੰਡਾਂ ਦਾ ਵੇਰਵਾ
1.	ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ (75:25)	28.06.2014	93.93 ਕਰੋੜ (70.45 ਭਾਰਤ ਸਰਕਾਰ) (23.48 ਕਰੋੜ)
2.	ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ (100% ਕੇਂਦਰੀ ਪ੍ਰਾਯੋਜਿਤ)	28.8.2014	41.38 ਕਰੋੜ

ਸਾਲ 2014-15 **(ਰਕਮ ਕਰੋੜਾਂ ਵਿੱਚ)**

ਲੜੀ ਨੰ.	ਸਕੀਮ ਦਾ ਨਾਂ	ਖਜ਼ਾਨੇ ਵਿੱਚੋਂ ਰਾਸ਼ੀ ਡਰਾਅ ਹੋਣ ਦੀ ਮਿਤੀ	ਫੰਡਾਂ ਦਾ ਵੇਰਵਾ
1.	ਘੱਟ ਗਿਣਤੀ ਵਰਗ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ (1.4.2014 ਤੋਂ 100% ਕੇਂਦਰੀ ਪ੍ਰਾਯੋਜਿਤ)	11.3.2015	29.56 ਕਰੋੜ

[ਭਲਾਈ ਮੰਤਰੀ]

2.	ਘੱਟ ਗਿਣਤੀ ਵਰਗ ਲਈ - ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ (100% ਕੇਂਦਰੀ ਪ੍ਰਾਯੋਜਿਤ)	ਰਾਸ਼ੀ ਭਾਰਤ ਸਰਕਾਰ ਵੱਲੋਂ ਡਾਇਰੈਕਟ ਬੈਨੀਫਿਟ ਟ੍ਰਾਂਸਫਰ ਰਾਹੀਂ ਵੰਡੀ ਜਾ ਰਹੀ ਹੈ।

ਮਾਨਯੋਗ ਸਪੀਕਰ : ਪਹਿਲਾਂ ਆਪਣਾ ਜਵਾਬ ਤਾਂ ਦੇ ਦਿਉ। ਡੇਟਸ ਨੂੰ ਬਾਅਦ ਵਿੱਚ ਜਦੋਂ ਸਪਲੀਮੈਂਟਰੀ ਕਰਨਗੇ ਉਦੋਂ ਦੱਸਣਾ। ਪਹਿਲਾਂ ਤੁਸੀਂ ਆਪਣਾ ਜਵਾਬ ਪੜ੍ਹੋ। ਫਿਰ ਉਹ ਜਦੋਂ ਸਪਲੀਮੈਂਟਰੀ ਪੁੱਛਣਗੇ ਤਾਂ ਦੱਸ ਦੇਣਾ। ਜਿਹੜਾ ਪ੍ਰੋਸੀਜ਼ਰ ਹੈ, ਉਸ ਤਰ੍ਹਾਂ ਕਰੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਬੇਸਿਕ ਸਵਾਲ ਪੁੱਛਣਾ ਚਾਹੁੰਦਾ ਹਾਂ। ਇਸ ਰਕਮ ਦੀ ਪਹਿਲਾਂ ਸੈਂਟਰ ਗੌਰਮਿੰਟ ਵਿੱਚ 75:25 ਸਕੀਮ ਸੀ । Last year, it has become 100% Centrally sponsered scheme. Central Government ਤੋਂ ਪੈਸਾ ਰੀਸੀਵ ਹੋਣ ਤੋਂ ਬਾਅਦ ਤੁਸੀਂ ਡਿਪਾਰਟਮੈਂਟ ਕੋਲੋਂ ਇੱਕ ਸਾਲ ਜਾਂ ਛੇ ਮਹੀਨਿਆਂ ਬਾਅਦ ਐਕਸੈਪਟ ਕਰਦੇ ਹੋ, ਉਨੀ ਦੇਰ ਇਸ ਪੈਸੇ ਦਾ ਇਸਤੇਮਾਲ ਕਿੱਥੇ ਕੀਤਾ ਗਿਆ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਪੈਸੇ ਦਾ ਇਸਤੇਮਾਲ ਕਿਤੇ ਵੀ ਨਹੀਂ ਕੀਤਾ ਗਿਆ। ਇਸ ਦਾ ਪ੍ਰੋਸੈਸ ਕਾਫੀ ਲੰਮਾ ਹੁੰਦਾ ਹੈ। ਪਹਿਲਾਂ ਰਿਪੋਰਟਾਂ ਡੀ.ਡੀ.ਓ ਤੋਂ ਥੱਲੇ ਆਉਂਦੀਆਂ ਹਨ, ਫਿਰ ਸੈਂਟਰ ਵਿੱਚ ਜਾਂਦੀਆਂ ਹਨ ਅਤੇ ਕਾਫੀ ਲੰਮਾ ਪ੍ਰੋਸੈਸ ਹੁੰਦਾ ਹੈ। ਇਸ ਕਰਕੇ ਲੇਟ ਹੁੰਦਾ ਹੈ। ਜਿਹੜੀ ਗੱਲ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਕਾਫੀ ਲੇਟ ਹੋਇਆ ਹੈ, ਉਹ ਠੀਕ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, sorry, with your permission, ਇੱਕ ਹੋਰ ਸਪਲੀਮੈਂਟਰੀ ਕਰਦਾ ਹਾਂ। ਮੰਤਰੀ ਜੀ ਕਹਿੰਦੇ ਹਨ ਕਿ ਬੜਾ ਕੰਪਲੀਕੇਟਿਡ ਪ੍ਰੋਸੈਸ ਹੈ। For E-transfer, we are turning the entire service by setting E-Kiosks in the villages: ਸੈਂਟਰ ਗੌਰਮਿੰਟ ਇਲੈਕਟ੍ਰੋਨੀਕਲੀ ਪੈਸਾ ਟਰਾਂਸਫਰ ਇਥੇ ਕਰ ਦਿੰਦੀ ਹੈ। ਜਿਹੜਾ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਥੋੜ੍ਹਾ ਲੇਟ ਹੋ ਗਿਆ ਹੈ। ਮੈਂ ਦੱਸਦਾ ਹਾਂ ਕਿ ਮਿਤੀ

30.8.2013 ਨੂੰ Post Matric Scholarship receive ਹੋਇਆ ਹੈ। ਟੋਟਲ ਅਮਾਉਂਟ 41.38 ਕਰੋੜ ਰੁਪਏ ਹੈ।ਪੰਜਾਬ ਗੌਰਮਿੰਟ ਨੇ ਮਿਤੀ 28.8.2014 ਨੂੰ ਰੀਲੀਜ਼ ਕੀਤੇ, precisely two days short of full year. ਕੀ ਇਹ ਥੋੜ੍ਹਾ ਹੈ? ਇਹ ਤਾਂ ਮੈਂ ਹਾਲੇ ਇੱਕ ਪੜ੍ਹ ਰਿਹਾ ਹਾਂ। ਬਾਕੀ ਇੱਕ ਥਾਂ ਇਨ੍ਹਾਂ ਦਾ ਬਿਆਨ ਹੀ ਗਲਤ ਲੱਗਿਆ ਹੈ, ਕਹੋ ਤਾਂ ਮੈਂ ਉਹ ਅਲੱਗ ਪੁੱਛ ਲੈਂਦਾ ਹਾਂ। He has misquoted that they have received the funds from the Government at a later date sometime in January whereas I have a letter dated 27 August 2014 from the Ministry of Minority Affairs. Not only there is a direction, it says that I am directed to refer to the Ministry letter regarding fiscal allocation made to the States and U.Ts. ਉਸ ਨੇ ਹਿਮਾਚਲ ਪ੍ਰਦੇਸ਼ ਨੂੰ, ਉੜੀਸਾ ਨੂੰ, ਪੰਜਾਬ ਨੂੰ 43.86 ਕਰੋੜ ਰੁਪਏ ਅਗਸਤ 2014 ਵਿੱਚ ਦਿੱਤੇ। ਤੁਹਾਡੇ ਜਵਾਬ ਵਿੱਚ ਆਇਆ ਕਿ ਤੁਹਾਨੂੰ ਇਹ ਜਿਹੜਾ ਪੈਸਾ ਹੈ, ਉਹ ਮਿਤੀ 8.1.2015 ਨੂੰ ਰੀਸੀਵ ਹੋਇਆ। It is totally and factually incorrect. They are misleading the House.

ਮਾਨਯੋਗ ਸਪੀਕਰ : ਉਨ੍ਹਾਂ ਨੇ ਪ੍ਰੋਸੀਜ਼ਰ ਦੱਸਿਆ ਹੈ। ਇਹ ਨਹੀਂ ਕਿ ਉਨ੍ਹਾਂ ਨੇ ਪੈਸਾ ਕਿਤੇ ਹੋਰ ਪਾਸੇ ਡਿਵਾਇਡ ਕੀਤਾ ਹੈ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤਾਂ ਸਮਝਦਾ ਸੀ ਕਿ ਤੁਹਾਡਾ ਅੱਜ ਮੂਡ ਠੀਕ ਹੈ ਅਤੇ ਤੁਸੀਂ ਮੰਤਰੀਆਂ ਨੂੰ ਖਿੱਚ ਰਹੇ ਹੋ। You at least are using your authority, they cannot get.

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ।

ਮਾਨਯੋਗ ਸਪੀਕਰ : ਪਹਿਲਾਂ ਉਨ੍ਹਾਂ ਦਾ ਜਵਾਬ ਸੁਣ ਲਉ।

ਸ਼੍ਰੀ ਸੁਨੀਲ ਜਾਖੜ : ਪੈਸਾ ਇੱਕ ਸਾਲ ਕਿੱਧਰ ਵਰਤਿਆ ਹੈ? ਮੰਤਰੀ ਸਾਹਿਬ ਜਵਾਬ ਦੇ ਦੇਣ, ਮੇਰੀ ਇੰਨੀ ਹੀ ਗੁਜ਼ਾਰਿਸ਼ ਹੈ।

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਬਹੁਤ ਸਿਆਣੇ ਅਤੇ ਤਜ਼ਰਬੇ ਵਾਲੇ ਹਨ। ਕਿਤੇ ਵੀ ਪੈਸਾ ਨਹੀਂ ਗਿਆ। ਠੀਕ ਹੈ, ਲੇਟ ਹੋਇਆ ਹੈ ਕਿਉਂਕਿ ਪ੍ਰਾਸੈਸ ਲੰਬਾ ਸੀ। ਰਿਪੋਰਟਾਂ ਥੱਲਿਉਂ ਆਈਆਂ, ਫਿਰ

[ਭਲਾਈ ਮੰਤਰੀ]

ਵਿਭਾਗ ਤੋਂ ਮੰਗਵਾਈਆਂ ਅਤੇ ਜਦੋਂ ਸਾਡੇ ਕੋਲ ਆ ਗਈਆਂ ਤਾਂ ਅਸੀਂ ਪੈਸਾ ਅੱਗੇ ਦੇ ਦਿੱਤਾ। ਇਸ ਪੈਸੇ ਦਾ ਕੋਈ ਮਿਸਯੂਜ਼ ਨਹੀਂ ਹੋਇਆ। ਇਹ ਪੈਸਾ ਕਿਸੇ ਵੀ ਮਹਿਕਮੇ ਨੂੰ ਟਰਾਂਸਫਰ ਨਹੀਂ ਹੋਇਆ। ਸਾਡੇ ਖਜ਼ਾਨੇ ਵਿੱਚ ਪੈਸਾ ਆ ਗਿਆ ਅਤੇ ਅਸੀਂ ਬੱਚਿਆਂ ਤੱਕ ਪਹੁੰਚਾ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜੇਕਰ ਮੈਂ ਕਹਿ ਦਿੱਤਾ ਕਿ ਕਿਉਂ ਗਰੀਬ ਨੂੰ ਅੱਗੇ ਕੀਤਾ ਹੈ ਤਾਂ ਤੁਸੀਂ ਕਹੋਗੇ ਕਿ ਸਾਡੇ ਮੰਤਰੀ ਨੂੰ ਗਰੀਬ ਕਹਿ ਦਿੱਤਾ। ਮੈਂ ਆਪਣੇ ਕਾਬਲ ਡਿਪਟੀ ਸੀ.ਐਮ. ਸਾਹਿਬ ਨੂੰ ਪੁੱਛ ਲੈਂਦਾ ਹਾਂ। ਕੱਲ੍ਹ ਇਨ੍ਹਾਂ ਨੇ ਬੜਾ ਛਾਤੀ ਠੋਕ ਕੇ ਕਿਹਾ ਸੀ ਕਿ ਮੈਨੂੰ ਗਰੀਬਾਂ ਦੀ ਗੱਲ ਦੱਸੋ ਕਿ ਤੁਸੀਂ ਕੀ ਕੀਤਾ ਹੈ? ਇਹ ਗਰੀਬਾਂ ਦੇ ਨਹੀਂ ਹਨ। ਤੁਸੀਂ ਦੱਸ ਦਿਉ ਕਿ ਮਾਈਨੌਰਟੀ ਵਿੱਚ ਕੌਣ ਹੈ। Is Sunil Jakhar a part of the minority? He is not. ਕੀ ਸਿੱਖ ਬੱਚੇ ਮਾਈਨੌਰਟੀ ਵਿੱਚ ਹਨ? ਤੁਸੀਂ ਪੰਥ ਦੇ ਠੇਕੇਦਾਰ ਬਣੇ ਫਿਰਦੇ ਹੋ। ਸਪੀਕਰ ਸਾਹਿਬ, ਜਿਸ ਦੀ ਆਮਦਨ 1 ਲੱਖ ਰੁਪਏ ਤੋਂ ਘੱਟ ਹੈ those people are eligible. It is the only step which has been taken towards wefare of economically backward people. ਚਾਹੇ ਕਿਸੇ ਵੀ ਜਮਾਤ ਦਾ ਹੈ even Sikhs are entitled. ਇਹ ਸਕੀਮ ਉਨ੍ਹਾਂ ਵਾਸਤੇ ਹੈ। Do you see him wearing a turban?

ਮਾਨਯੋਗ ਸਪੀਕਰ : ਇਹ ਸਾਰਿਆਂ ਲਈ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, I am fighting for a cause. ਡਿਪਟੀ ਸੀ.ਐਮ. ਸਾਹਿਬ ਤੁਸੀਂ ਦੱਸ ਦਿਉ ਕਿ in this age of electronically transfers, ਲਿਸਟ ਬਣ ਕੇ ਡੀ.ਈ.ਓ. ਕੋਲ ਜਾਂਦੀ ਹੈ ਕਿ ਇੰਨੇ ਬੱਚਿਆਂ ਦੀ ਐਡਮਿਸ਼ਨ ਹੋਈ ਹੈ, ਇਨ੍ਹਾਂ ਦੀ ਸਕਾਲਰਸ਼ਿਪ ਹੈ। ਇਸ ਲਈ ਪੈਸਾ ਅਗਸਤ ਵਿੱਚ ਰਿਲੀਜ਼ ਹੋ ਗਿਆ ਪਰ ਅਗਲੇ ਸਾਲ ਅਗਸਤ ਵਿੱਚ ਦੇ ਰਹੇ ਹੋ। Where is the gap? That money comes into the Treasury. ਜਿਹੜੇ ਵੇਜ਼ ਐਂਡ ਮੀਨਜ਼ ਵਿੱਚੋਂ ਪੈਸੇ ਕੱਢੀ ਫਿਰਦੇ ਹਨ ਕਿ ਇੱਧਰੋਂ ਵੀ ਚੁੱਕ ਲਉ, ਇਨ੍ਹਾਂ ਜਵਾਕਾਂ ਨੂੰ ਤਾਂ ਫਿਰ ਦੇ ਦੇਵਾਂਗੇ। ਮੰਤਰੀ ਸਾਹਿਬ ਇਹ ਜਵਾਕ ਗਰੀਬ ਹਨ, ਗਰੀਬਾਂ ਦੀ ਗੱਲ ਕਰੋ। ਐਵੇਂ ਨਾ ਇੱਥੇ ਸਿਲੇ ਲੈ ਕੇ ਆਵੋ। ਤੁਸੀਂ ਕੁਝ ਨਾ ਕੁਝ ਸਿਲਾ ਲਉ। ਮੈਂ ਖੜ੍ਹਾ ਹੋ ਕੇ ਤੁਹਾਨੂੰ ਮੁਬਾਰਕਬਾਦ ਦੇਵਾਂਗਾ। ਮੈਨੂੰ ਕੋਈ ਸ਼ੌਂਕ ਨਹੀਂ ਹੈ ਕਿ ਮੈਂ ਇੱਥੇ ਖੜ੍ਹੇ ਹੋ ਕੇ ਸੰਘ ਫਾੜਾਂ। ਤੁਸੀਂ ਕਹੋਗੇ ਕਿ

ਇਹ ਫਿਰ ਚਾਲੂ ਹੋ ਗਿਆ। It is a very serious issue. ਫਿਰ ਤੁਸੀਂ ਗਲਤ ਸਟੇਟਮੈਂਟ ਦੇ ਰਹੇ ਹੋ। ..(ਵਿਘਨ)..

ਮਾਨਯੋਗ ਸਪੀਕਰ : ਜਾਖੜ ਜੀ, ਇਸ ਤਰ੍ਹਾਂ ਠੀਕ ਨਹੀਂ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕੋਈ ਹੱਲ ਤਾਂ ਕਰਵਾਉ। ਮੇਰਾ ਐਸ.ਸੀ.,ਬੀ.ਸੀ. ਦਾ ਵੀ ਇਹੀ ਸਵਾਲ ਸੀ ਕਿ ਮੈਨੂੰ ਤਰੀਕ ਦੱਸ ਦਿਉ। ਉਨ੍ਹਾਂ ਨੇ ਜਵਾਬ ਨਹੀਂ ਦਿੱਤਾ। That should also be clubbed with it. ਉਹ ਵੀ ਜਵਾਬ ਨਹੀਂ ਆਇਆ। ਐਸ.ਸੀ., ਬੀ.ਸੀ. ਬੱਚਿਆਂ ਨੂੰ ਸੈਂਟਰ ਗੌਰਮਿੰਟ ਤੋਂ ਪੈਸੇ ਕਿਸ ਦਿਨ ਆਏ। ਅੱਗੇ ਡਿਪਾਰਟਮੈਂਟ ਨੂੰ ਕਿਸ ਦਿਨ ਪੈਸੇ ਰਿਲੀਜ਼ ਹੋਏ। ਡੀ.ਏ.ਵੀ. ਕਾਲਜ ਜਲੰਧਰ ਦੇ, Rs. 2 crores are pending even today. ਅਬੋਹਰ ਦੇ ਡੀ.ਏ.ਵੀ. ਕਾਲਜ ਦੇ 75 ਲੱਖ ਰੁਪਏ ਦਾ ਸਟਾਈਪੰਡ ਪੈਂਡਿੰਗ ਹੈ, it is still due today. ਦੁਆਬਾ ਖੇਤਰ ਦੇ ਇਕੱਲੇ ਲਵਲੀ ਯੂਨੀਵਰਸਿਟੀ ਨੂੰ ਛੱਡ ਦਿਉ, ਪਤਾ ਨਹੀਂ ਇਹ ਉਨ੍ਹਾਂ ਉਤੇ ਕਿਵੇਂ ਮਿਹਰਬਾਨ ਹੋ ਗਏ ? ਸਾਰੇ ਕਾਲਜਾਂ ਵਾਲੇ ਚੀਕਾਂ ਮਾਰਦੇ ਹਨ ਕਿ ਸਾਡੇ ਪੈਸੇ ਨਹੀਂ ਆਏ। ਤੁਸੀਂ ਖੜ੍ਹੇ ਹੋ ਕੇ ਬਿਆਨ ਦੇ ਦਿੱਤਾ ਕਿ ਪੈਸੇ ਚਲੇ ਗਏ ਅਤੇ ਢੀਂਡਸਾ ਸਾਹਿਬ ਨੇ ਮੋਹਰ ਲਗਾ ਦਿੱਤੀ। ਮੈਨੂੰ ਲੋਕ ਜਾ ਕੇ ਪੁੱਛਣਗੇ ਕਿ ਮਸਲਾ ਤਾਂ ਸਾਡਾ ਹੱਲ ਨਹੀਂ ਹੋਇਆ। ਮੈਂ ਉਨ੍ਹਾਂ ਨੂੰ ਕਹਿ ਦੇਵਾਂਗਾ ਕਿ ਰਣੀਕੇ ਸਾਹਿਬ ਨੇ ਕਹਿ ਦਿੱਤਾ ਹੈ ਅਤੇ ਸਪੀਕਰ ਸਾਹਿਬ ਨੇ ਦਿਲਾਸਾ ਦਿਵਾ ਦਿੱਤਾ ਹੈ ਕਿ ਇਹ ਪ੍ਰਾਸੈਸ ਇਸੇ ਤਰ੍ਹਾਂ ਹੀ ਹੋਵੇਗਾ। ਡਿਪਟੀ ਸੀ.ਐਮ. ਸਾਹਿਬ ਤੁਸੀਂ ਖੜ੍ਹੇ ਹੋ ਕੇ ਕਹਿ ਦਿਉ ਕਿ ਇਹ ਤਾਂ ਇਸ ਤਰ੍ਹਾਂ ਹੀ ਚੱਲੇਗਾ।

ਉਪ ਮੁੱਖ ਮੰਤਰੀ (ਬੈਠੇ-ਬੈਠੇ) : ਅੱਗੇ ਤੋਂ ਠੀਕ ਕਰ ਦਿਆਂਗੇ।

ਸ਼੍ਰੀ ਸੁਨੀਲ ਜਾਖੜ : ਕਦੋਂ ਤੋਂ ਠੀਕ ਕਰ ਦਿਉਗੇ? When will you correct these anomalies? No, this is not a laughing matter. Speaker Sahib, I seek your indulgence. ਗਰੀਬਾਂ ਦਾ ਮਸਲਾ ਹੈ। Let us be serious on this issue.

ਉਪ ਮੁੱਖ ਮੰਤਰੀ : ਮੈਂ ਜਾਖੜ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ We are looking into it, whatever are the delays, we will make the system correct and will also talk to the Government of India to make the system faster.

Shri Sunil Jakhar : Let us not blame Government of India. ਇਸ ਗੱਲ ਤੇ I am not going to blame ਕਿ ਐਨ.ਡੀ.ਏ. ਬੈਠੀ ਹੈ। This is a recurring problem.

ਉਪ ਮੁੱਖ ਮੰਤਰੀ : ਇਹ ਸਿਸਟਮ ਉਦੋਂ ਸੀ, ਜਦੋਂ ਯੂ.ਪੀ.ਏ. ਦੀ ਸਰਕਾਰ ਸੀ। ਹੁਣ ਐਨ.ਡੀ.ਏ. ਦੀ ਸਰਕਾਰ ਆ ਗਈ ਹੈ।

ਸ਼੍ਰੀ ਸੁਨੀਲ ਜਾਖੜ : ਦੇਖੋ, this is the level of seriousness. ਫਿਰ ਤੁਸੀਂ ਕਹੋਗੇ ਕਿ ਅਸੀਂ ਰੌਲਾ ਪਾ ਕੇ ਬਾਹਰ ਨਿਕਲ ਜਾਵਾਂਗੇ। Is this the only way to be helped?

ਉਪ ਮੁੱਖ ਮੰਤਰੀ : ਜਾਖੜ ਸਾਹਿਬ, let me get it to your notice. ਪਹਿਲਾਂ ਇਹ ਸਿਸਟਮ ਬਹੁਤ ਲੈਂਥੀ ਹੁੰਦਾ ਸੀ, ਇਸ ਤੋਂ ਵੀ ਜ਼ਿਆਦਾ ਹੁੰਦਾ ਸੀ। ਜਦੋਂ ਤੋਂ ਅਸੀਂ ਆਨਲਾਈਨ ਕੀਤਾ ਹੈ in terms of application receiving, ਇੱਕ ਵੱਡੀ ਗੱਲ ਹੋਈ ਹੈ। ਮਾਈਨਾਰਟੀ ਵਾਲੇ ਮਨਿਸਟਰ ਕੋਲ ਮੈਂ ਵੀ ਤਿੰਨ ਚਾਰ ਮਹੀਨੇ ਪਹਿਲਾਂ ਗਿਆ ਸੀ। ਤੁਸੀਂ ਹੈਰਾਨ ਰਹਿ ਜਾਵੋਗੇ ਕਿ ਇਸ ਸਾਲ ਵਿੱਚ ਪੂਰੇ ਇੰਡੀਆ ਵਿੱਚ approximately, I don't know the exact figure 15-16 ਕਰੋੜ ਰੁਪਿਆ ਮਾਇਨਾਰਟੀ ਨੂੰ ਦਿੰਦੇ ਹਨ। I think we should compliment our department ਕਿ ਅਸੀਂ ਤਕਰੀਬਨ ਸਾਢੇ ਚਾਰ ਸੌ ਕਰੋੜ ਐਪਲੀਕੇਸ਼ਨ ਦੇ ਕੇ ਲਿਆਂਦੇ ਹਨ ਜਦੋਂ ਕਿ ਤਿੰਨ-ਚਾਰ ਸਾਲ ਪਹਿਲਾਂ ਕੇਵਲ 40-50 ਕਰੋੜ ਰੁਪਏ ਹੀ ਆਉਂਦੇ ਸਨ।ਕਈ ਸੂਬੇ ਜਿਵੇਂ ਯੂ.ਪੀ. ਵਗੈਰਾ ਹਨ, ਉਹ 20-20 ਕਰੋੜ ਰੁਪਏ ਵਾਸਤੇ ਅਪਲਾਈ ਹੀ ਨਹੀਂ ਸਨ ਕਰਦੇ। We changed the system. ਹੁਣ ਆਨ-ਲਾਈਨ ਅਪਲਾਈ ਕਰਨ ਲੱਗ ਪਏ ਹਾਂ। ਪਹਿਲਾਂ ਤਾਂ ਇਸ ਵਿਚ ਬਹੁਤ ਹੀ ਪੰਗਾ ਸੀ। ਇਸ ਸਾਲ ਤੋਂ ਸੈਂਟਰ ਦੇ ਮਨਿਸਟਰ ਕਹਿ ਰਹੇ ਸਨ ਕਿ ਇੰਜ ਲਗਦਾ ਹੈ ਕਿ ਸਾਰਾ ਪੈਸਾ ਤੁਸੀਂ ਹੀ ਲੈ ਜਾਣਾ ਹੈ। ਅਗਲੇ ਸਾਲ ਤੋਂ ਅਸੀਂ ਸਕੂਲਾਂ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਡਾਇਰੈਕਟ ਕਰ ਰਹੇ ਹਾਂ ਕਿ ਜਦੋਂ ਵੀ ਐਡਮਿਸ਼ਨ ਹੁੰਦੀ ਹੈ, ਉਸ ਸਮੇਂ ਜਿੰਨੇ ਵੀ ਮਾਈਨਰਟੀਜ਼ ਜਾਂ ਐਸ.ਸੀ./ਬੀ.ਸੀ. ਸਟੂਡੈਂਟ ਹਨ, Principals have to go online to the department portal and give the applications. We are trying to make the system much better and much faster.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਵਾਬ ਦੇ ਦਿੱਤਾ ਹੈ, ਚੰਗਾ ਹੈ। ਪਰ ਦੇਖੋ, the proof of the pudding lies in its eating ਜਦੋਂ ਹੋਵੇਗਾ ਉਸ ਸਮੇਂ ਸਮਝਿਆ ਜਾਵੇਗਾ। ..(ਟਰਾਂਸਪੋਰਟ ਮੰਤਰੀ ਵੱਲੋਂ ਵਿਘਨ).. ਕੋਹਾੜ ਸਾਹਿਬ, ਇਹ ਬਹੁਤ ਹੀ ਸੀਰੀਅਸ ਮਸਲਾ ਹੈ ਅਤੇ ਗਰੀਬਾਂ ਦਾ ਮਸਲਾ ਹੈ। ਕੋਈ ਫਰਕ ਨਹੀਂ ਪੈਂਦਾ ਜੇਕਰ ਕੁਝ ਮਿੰਟ ਲੇਟ ਹੋ ਜਾਵਾਂਗੇ। ਸਪੀਕਰ ਸਾਹਿਬ, ਇਕ ਸਾਲ ਬੱਚਿਆਂ ਦਾ ਪੈਸਾ ਮਹਿਕਮੇ ਵਿਚ ਇਸਤੇਮਾਲ ਹੋਇਆ ਹੈ। ਕਿਤੇ ਪੈਸਾ ਖਜ਼ਾਨੇ ਵਿਚ ਆ ਗਿਆ, ਉਥੋਂ ਕਿਸੇ ਦੂਜੇ ਪਾਸੇ ਤੁਰ ਗਿਆ, ਕਿਧਰੇ ਹੈਲੀਕਾਪਟਰ ਵਾਲੇ ਪਾਸੇ ਤੁਰ ਗਿਆ। ਮੇਰੇ ਕਹਿਣ ਦਾ ਭਾਵ ਹੈ ਕਿ ਉਹ ਗਰੀਬਾਂ ਤੱਕ ਨਹੀਂ ਪਹੁੰਚਿਆ। ਮੈਂ ਕਹਿੰਦਾ ਹਾਂ ਕਿ ਤੁਸੀਂ ਉਥੋਂ ਸਾਰਾ ਪੈਸਾ ਲੈ ਆਓ, ਪਰ ਇਥੇ ਆ ਕੇ ....

ਮਾਨਯੋਗ ਸਪੀਕਰ : ਉਹ ਕਹਿ ਰਹੇ ਹਨ ਕਿ ਇਹ ਪੈਸਾ ਕਿਤੇ ਵੀ ਡਾਈਵਰਟ ਨਹੀਂ ਹੋਇਆ।

ਸ਼੍ਰੀ ਸੁਨੀਲ ਜਾਖੜ : ਸਰ, ਡਾਈਵਰਟ ਵਾਲੀ ਗੱਲ ਜਦੋਂ ਕੈਗ ਕਹੇਗਾ, ਕੀ ਉਦੋਂ ਮੰਨੋਗੇ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, I assure him that by the next year, ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪੈਸਾ ਸਿੱਧਾ ਕਾਲਜਾਂ ਨੂੰ ਜਾਂਦਾ ਹੈ। ..(ਵਿਘਨ..) ਇਹ ਸਟੂਡੈਂਟਸ ਨੂੰ ਨਹੀਂ ਜਾਂਦਾ, ਕਾਲਜਾਂ ਨੂੰ ਜਾਂਦਾ ਹੈ ਅਤੇ ਸਟੂਡੈਂਟਸ ਦੇ ਬਿਹਾਫ ਤੇ ਉਨ੍ਹਾਂ ਨੂੰ ਜਾਂਦਾ ਹੈ। I, on behalf of the Minister, assure the House that in the coming year we will try to ensure that ਇਹ ਉਨ੍ਹਾਂ ਨੂੰ ਜਲਦੀ ਜਲਦੀ ਜਾਵੇ। Our aim in the coming year is to get maximum scholarships from Government of India and we have taken personal interest in it and will make the system good. I met the Union Minister. ਮੇਰੇ ਨਾਲ ਸਾਂਪਲਾ ਜੀ ਵੀ ਸਨ, ਜਦੋਂ ਅਸੀਂ ਯੂਨੀਅਨ ਮਨਿਸਟਰ ਨੂੰ ਮਿਲੇ ਸੀ। He was very impressed. ਪਿਛਲੀ ਵਾਰ ਇਹ ਕੋਈ 250 ਕਰੋੜ ਰੁਪਏ ਦੇ ਕਰੀਬ ਸੀ। ਇਸ ਸਾਲ ਇਹ ਦੁਗਣੇ ਦੇ ਕਰੀਬ ਹੋਵੇਗਾ। ਪਹਿਲੇ ਸਾਲਾਂ ਵਿਚ ਇਥੇ ਮਸਾਂ 20-30 ਕਰੋੜ ਰੁਪਏ ਹੀ ਆਉਂਦਾ ਹੁੰਦਾ ਸੀ ਅਤੇ ਇਸ ਤੋਂ ਵੱਧ ਨਹੀਂ ਸੀ ਹੁੰਦਾ। ਪਰ ਆਉਣ ਵਾਲੇ ਸਾਲ ਵਿਚ, ਅਪ੍ਰੈਲ ਤੋਂ ਬਾਅਦ you will see a drastic change.

ਨੀਲੇ ਕਾਰਡ ਜਾਰੀ ਕਰਨਾ

***1893. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਹੁਣ ਤੱਕ ਜਾਰੀ ਕੀਤੇ ਗਏ ਨੀਲੇ ਕਾਰਡਾਂ (ਆਟਾ-ਦਾਲ ਸਕੀਮ ਅਧੀਨ) ਦੀ ਜ਼ਿਲ੍ਹਾ-ਵਾਰ ਕੁੱਲ ਗਿਣਤੀ ਕਿੰਨੀ ਹੈ?

(ਅ) ਉਪਰੋਕਤ ਵਰਣਿਤ ਕਾਰਡਾਂ ਵਿਚੋਂ ਸਰਕਾਰ ਦੁਆਰਾ ਯੋਗ ਅਤੇ ਅਯੋਗ ਪਾਏ ਗਏ ਕੇਸਾਂ ਦੀ ਵੱਖ-2 ਗਿਣਤੀ ਕਿੰਨੀ ਹੈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : (ੳ) ਰਾਜ ਵਿੱਚ ਹੁਣ ਤੱਕ ਜਾਰੀ ਕੀਤੇ ਗਏ ਨੀਲੇ ਕਾਰਡਾਂ (ਆਟਾ-ਦਾਲ ਸਕੀਮ ਅਧੀਨ) ਦੀ ਕੁੱਲ ਗਿਣਤੀ 30,92,075 ਹੈ, ਜਿਸਦੀ ਜ਼ਿਲ੍ਹਾ-ਵਾਰ ਡੀਟੇਲ ਨੱਥੀ ਕੀਤੀ ਗਈ ਹੈ।

(ਅ) ਸਰਕਾਰ ਵਲੋਂ ਉਪਰੋਕਤ ਦੱਸੇ ਗਏ ਕਾਰਡਾਂ ਦੀ ਪੜਤਾਲ ਦੇ ਆਦੇਸ਼ ਦਿੱਤੇ ਗਏ ਹਨ। ਇਸ ਉਪਰੰਤ ਯੋਗ ਅਤੇ ਅਯੋਗ ਕਾਰਡਾਂ ਬਾਰੇ ਪਤਾ ਲੱਗ ਸਕੇਗਾ ਅਤੇ ਉਪਰੋਕਤ (ੳ) ਵਿੱਚ ਦੱਸੀ ਗਈ ਕੁੱਲ ਗਿਣਤੀ ਅਤੇ ਜਿਲ੍ਹਾਵਾਰ ਗਿਣਤੀ ਵਿੱਚ ਤਬਦੀਲੀ ਆ ਸਕਦੀ ਹੈ।

ਐਨ.ਐਫ.ਐਸ.ਏ./ ਐਨ.ਏ.ਡੀ. ਐਸ ਤਹਿਤ ਪਰਿਵਾਰਾਂ ਦੀ ਕੁੱਲ ਗਿਣਤੀ

ਅੰਮ੍ਰਿਤਸਰ	267788
ਤਰਨਤਾਰਨ	143785
ਗੁਰਦਾਸਪੁਰ	158002
ਪਠਾਨਕੋਟ	67963
ਕਪੂਰਥਲਾ	91409
ਜਲੰਧਰ	192144
ਹੁਸ਼ਿਆਰਪੁਰ	182323

ਸ਼ਹੀਦ ਭਗਤ ਸਿੰਘ ਨਗਰ	61411
ਪਟਿਆਲਾ	168168
ਸੰਗਰੂਰ	201522
ਬਰਨਾਲਾ	69939
ਲੁਧਿਆਣਾ	369129
ਫਤਿਹਗੜ੍ਹ ਸਾਹਿਬ	71123
ਐਸ.ਏ.ਐਸ.ਨਗਰ	94986
ਰੋਪੜ	81210
ਫਿਰੋਜ਼ਪੁਰ	91646
ਫਾਜ਼ਿਲਕਾ	137473
ਮੋਗਾ	115077
ਫਰੀਦਕੋਟ	64813
ਸ੍ਰੀ ਮੁਕਤਸਰ ਸਾਹਿਬ	147319
ਬਠਿੰਡਾ	199522
ਮਾਨਸਾ	115323
ਜੋੜ	3092075

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ: ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ 31 ਲੱਖ ਦੇ ਕਰੀਬ ਨੀਲੇ ਕਾਰਡ ਧਾਰਕ ਹਨ ਅਤੇ ਪੜਤਾਲ ਅਜੇ ਜਾਰੀ ਹੈ। ਜ਼ਿਲ੍ਹਾਵਾਰ ਡਿਟੇਲ ਮੈਨੂੰ ਨਹੀਂ ਮਿਲੀ ਪਰ ਇਨ੍ਹਾਂ ਨੇ ਲਿਖਿਆ ਹੈ ਕਿ ਨਾਲ ਨੱਥੀ ਕੀਤੀ ਗਈ ਹੈ, ਚਲੋ, ਬਾਅਦ ਵਿਚ ਵੇਖ ਲਵਾਂਗੇ। ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਕਿ ਨਜਾਇਜ਼ ਨੀਲੇ ਕਾਰਡ ਬਣੇ ਹੋਏ ਸੀ। ਅਖਬਾਰਾਂ ਵਿਚ ਅਸੀਂ ਵੀ ਤੇ ਤੁਸੀਂ ਵੀ ਪੜ੍ਹਿਆ ਹੋਣਾ ਹੈ। ਡੀ.ਸੀਜ਼. ਦੇ ਵੀ ਬਿਆਨ ਆਏ ਹਨ ਕਿ ਤਕਰੀਬਨ 25% ਤੋਂ ਵੱਧ ਨੀਲੇ ਕਾਰਡ ਗਲਤ ਬਣੇ ਹੋਏ ਹਨ। ਮੈਂ ਗੁਜਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ

[ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ]

ਨੀਲੇ ਕਾਰਡ ਗਲਤ ਬਣੇ ਹਨ ਅਤੇ ਸਰਕਾਰ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਲੋਕਾਂ ਨੇ ਉਨ੍ਹਾਂ ਦਾ ਨਜਾਇਜ਼ ਫਾਇਦਾ ਉਠਾਇਆ ਹੈ, ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ? ਜਾਂ ਜਿਨ੍ਹਾਂ ਦੇ ਕਹਿਣ ਤੇ ਉਨ੍ਹਾਂ ਦੇ ਗਲਤ ਕਾਰਡ ਬਣੇ ਹਨ, ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਇਹ ਸਾਬਤ ਤਾਂ ਕਰ ਲਈਏ ਕਿ ਇਹ ਫਿਗਰ 25% ਹੈ ਵੀ ਹੈ ਜਾਂ ਨਹੀਂ। ਫਰੈਂਕਲੀ ਜੇਕਰ ਕਿਸੇ ਨੇ ਇਹ ਕਿਹਾ ਹੈ ਤਾਂ ਮੈਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ, I am sorry. ਹੁਣ ਸਾਰਾ ਕੁਝ ਡਾਕੂਮੈਂਟਾਈਜ਼ ਹੋ ਰਿਹਾ ਹੈ ਤੇ ਸਾਰਾ ਰਿਕਾਰਡ ਬਣ ਰਿਹਾ ਹੈ। ..(ਵਿਘਨ).. ਪਹਿਲਾਂ ਇਹ ਬਣ ਲੈਣ ਦਿਉ ਜੀ। ਦੇਖੋ, ਪਾਵਰਟੀ ਦਾ ਇਕ ਡਾਇਨਮਿਕ ਪ੍ਰੋਸੈਸ ਹੈ। ਕੋਈ ਗਰੀਬੀ ਦੀ ਰੇਖਾ ਤੋਂ ਥੱਲੇ ਆ ਜਾਂਦਾ ਹੈ, ਫਿਰ ਬਾਹਰ ਨਿਕਲ ਜਾਂਦਾ ਹੈ, ਮੁੜ ਦੁਬਾਰਾ ਗਰੀਬੀ ਰੇਖਾ ਵਿਚ ਆ ਜਾਂਦਾ ਹੈ। ਵਾਕਿਆ ਹੀ, ਜਿਹੜਾ ਮੈਂਬਰ ਸਾਹਿਬ ਨੇ ਕਿਹਾ ਹੈ ਜੇਕਰ ਕੋਈ ਨਜਾਇਜ਼ ਬਣੇ ਹਨ, ਨਿਯਮਾਂ ਦੇ ਅਧੀਨ ਜੋ ਐਕਸ਼ਨ ਬਣਦਾ ਹੈ, ਜੋ ਪ੍ਰਾਸੀਕਿਊਸ਼ਨ ਬਣਦੀ ਹੈ, ਉਹ ਡੈਫੀਨੇਟਲੀ ਕੀਤੀ ਜਾਵੇਗੀ। ਮੈਂਬਰ ਸਾਹਿਬ ਮੈਨੂੰ ਮਿਲ ਵੀ ਲੈਣ, ਅਸੀਂ ਤੁਹਾਨੂੰ ਦਿਖਾ ਵੀ ਦਿਆਂਗੇ ਕਿ ਅਸੀਂ ਕੀ-ਕੀ ਪਲਾਨ ਕੀਤਾ ਹੋਇਆ ਹੈ। ਇਕ ਵਾਰੀ ਪੂਰੀ ਲਿਸਟ ਬਣ ਕੇ ਸਾਡੇ ਕੋਲ ਆ ਜਾਣ ਦਿਉ।

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਪੰਜਾਬ ਦਾ ਤਾਂ ਮੈਨੂੰ ਪਤਾ ਨਹੀਂ । ਮੇਰੇ ਹਲਕੇ ਰਾਜਾਸਾਂਸੀ ਵਿੱਚ ਪੜਤਾਲ ਚੱਲ ਰਹੀ ਹੈ । ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੇ ਗਰੀਬ ਲੋਕ ਸਾਡੇ ਨਾਲ ਸੰਬੰਧਿਤ ਸੀ, ਉਨ੍ਹਾਂ ਦੇ ਕਾਰਡ ਨਹੀਂ ਬਣੇ ਪਰ ਥੋੜ੍ਹੇ ਬਹੁਤ ਜਿਨ੍ਹਾਂ ਦੇ ਵੀ ਬਣੇ ਹਨ, ਉਹ ਵੀ ਉਨ੍ਹਾਂ ਦੇ ਕੱਟੇ ਜਾ ਰਹੇ ਹਨ ਤੇ ਇਹ ਗਿਣਤੀ ਘਟਾ ਰਹੇ ਹਨ। ਜਿਹੜੇ ਨਜਾਇਜ਼ ਬਣੇ ਹਨ, ਉਹ ਫਿਰ ਉਸ ਤਰ੍ਹਾਂ ਹੀ ਰਹਿਣੇ ਹਨ। ਮੈਂ ਫਿਰ ਇਹੀ ਗੱਲ ਕਰਨੀ ਹੈ.....

ਮਾਨਯੋਗ ਸਪੀਕਰ : ਐਲੀਗੇਸ਼ਨ ਨਾ ਲਗਾਓ ।

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਪਹਿਲਾਂ ਮੇਰੀ ਬੇਨਤੀ ਸੁਣ ਲਓ । ਮੈਂ ਦੋ ਹੀ ਗੱਲਾਂ ਕਰਨੀਆਂ ਹਨ । ਮੇਰੀ ਪਹਿਲੀ ਬੇਨਤੀ ਹੈ ਕਿ ਕੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਵੇਗੀ ? ਮੇਰੀ

ਦੂਜੀ ਬੇਨਤੀ ਹੈ ਕਿ ਜਿਹੜੇ ਕਾਰਡ ਰਹਿ ਗਏ ਹਨ, ਕੀ ਉਹ ਦੁਬਾਰਾ ਬਣਾ ਦਿੱਤੇ ਜਾਣਗੇ?

ਮੰਤਰੀ : ਸਪੀਕਰ ਸਾਹਿਬ, ਜਿਵੇਂ ਮੈਂਬਰ ਸਾਹਿਬ ਨੇ ਗੱਲ ਕਹੀ ਹੈ, ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ ਕਿ ਹਰ ਚੀਜ਼ ਨੂੰ ਚਾਂਸ ਮਿਲਣਾ ਚਾਹੀਦਾ ਹੈ । ਜਿਸ ਦੇ ਨਾਂ ਕੱਟ ਗਏ ਹਨ, ਉਨ੍ਹਾਂ ਦੀ ਅਪੀਲ ਹੋਣੀ ਚਾਹੀਦੀ ਹੈ, ਚਾਹੇ ਉਹ ਜਾਇਜ਼ ਹੈ ਤੇ ਚਾਹੇ ਉਹ ਨਜਾਇਜ਼ ਹੈ। ਇਨ੍ਹਾਂ ਨੇ ਪਹਿਲਾਂ 25 ਪਰਸੈਂਟ ਨਜਾਇਜ਼ ਕਾਰਡਾਂ ਦੀ ਗੱਲ ਕੀਤੀ ਹੈ ਤੇ ਹੁਣ ਕਹਿ ਰਹੇ ਹਨ ਕਿ ਜਾਇਜ਼ ਕਾਰਡ ਕੱਟੇ ਜਾ ਰਹੇ ਹਨ । ਇਸੇ ਕਰਕੇ ਹੀ ਅਸੀਂ ਇਹ ਕਰ ਰਹੇ ਹਾਂ ਕਿ ਜਿਹੜੇ ਕਾਰਡ ਕੱਟੇ ਵੀ ਜਾਣਗੇ, ਉਨ੍ਹਾਂ ਦੀ ਬਕਾਇਦਾ ਲਿਸਟ ਲੱਗੇਗੀ, ਬਕਾਇਦਾ ਅਨਾਊਂਸਮੈਂਟ ਹੋਵੇਗੀ । ਜਿਨ੍ਹਾਂ ਦੇ ਕਾਰਡ ਕੱਟੇ ਗਏ ਹਨ, ਉਨ੍ਹਾਂ ਨੂੰ ਰਾਈਟ ਦਿੱਤਾ ਜਾਵੇਗਾ, ਟਾਈਮ ਦਿੱਤਾ ਜਾਵੇਗਾ ਤਾਂ ਕਿ ਉਹ ਆਪਣੀ ਗੱਲ ਫਿਰ ਕਰ ਸਕਣ ਕਿ ਸਾਡੇ ਕਾਰਡ ਨਜਾਇਜ਼ ਹੀ ਕੱਟੇ ਗਏ ਹਨ । ਬਾਕੀ ਜਿਵੇਂ ਮੈਂਬਰ ਸਾਹਿਬ ਦਾ ਖਿਆਲ ਹੈ ਕਿ ਕਿਸੇ ਪ੍ਰੈਸ਼ਰ ਥੱਲੇ ਕੱਟੇ ਗਏ ਹੋਣ, ਮੈਂ ਆਪ ਇਨ੍ਹਾਂ ਦੇ ਏਰੀਏ ਵਿੱਚ, ਇਨ੍ਹਾਂ ਦੀ ਸੈਟਿਸਫੈਕਸ਼ਨ ਨਾਲ ਇਨ੍ਹਾਂ ਦਾ ਆਪ ਪੂਰਾ ਚੈੱਕ ਕਰਾਂਗਾ ਤੇ ਜਿਹੜੇ ਨਜਾਇਜ਼ ਕੱਟੇ ਗਏ ਹਨ, ਉਨ੍ਹਾਂ ਨੂੰ ਸਹੀ ਕਰਵਾਇਆ ਜਾਵੇਗਾ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਬਹੁਤ ਹੀ ਇੰਪਾਰਟੈਂਟ ਕੁਐਸਚਨ ਹੈ । ਸਾਰੀ ਸਟੇਟ ਦਾ ਇਨ੍ਹਾਂ ਨੇ ਵੇਰਵਾ ਦਿੱਤਾ ਹੈ ਕਿ ਕਿੰਨੇ ਕਾਰਡ ਬਣੇ ਹਨ । ਸਪੀਕਰ ਸਾਹਿਬ, ਅਬੋਹਰ ਵਿੱਚ ਤਕਰੀਬਨ 17000 ਨੀਲੇ ਕਾਰਡ ਬਣੇ ਹਨ । Is it not mandatry for the SDM to verify them ?

ਮਾਨਯੋਗ ਸਪੀਕਰ : ਤੁਸੀਂ ਸੈਪਰੇਟ ਕੁਐਸਚਨ ਦੇ ਦਿਉ ।

Shri Sunil Jakhar : No, No. This is general thing. Is it not mandatary?

ਮਾਨਯੋਗ ਸਪੀਕਰ : ਕਿਸੇ ਪਰਟੀਕੁਲਰ ਏਰੀਏ ਦੀ ਤਾਂ ਤੁਸੀਂ ਸਪਲੀਮੈਂਟਰੀ ਪੁੱਛ ਸਕਦੇ ਹੋ ।

ਸ਼੍ਰੀ ਸੁਨੀਲ ਜਾਖੜ : ਇਹ ਤਾਂ ਸਾਰੇ ਪੰਜਾਬ ਦਾ ਇੱਕ ਹੀ ਰੂਲ ਹੈ । Whether SDMs verify these things or not ?

ਮਾਨਯੋਗ ਸਪੀਕਰ : ਤੁਸੀਂ ਸੈਪਰੇਟ ਕੁਐਸਚਨ ਦੇ ਦਿਉ ।

ਸ਼੍ਰੀ ਸੁਨੀਲ ਜਾਖੜ : ਮੇਰੇ ਕੋਲ ਫਾਰਮੈਟ ਹੈ । ਅਬੋਹਰ ਵਾਸਤੇ ਤਾਂ ਕੋਈ ਅੱਡ ਛਪਿਆ ਨਹੀਂ, ਸਾਰੇ ਪੰਜਾਬ ਦਾ ਫਾਰਮੈਟ ਹੈ ।

ਮਾਨਯੋਗ ਸਪੀਕਰ : ਉਨ੍ਹਾਂ ਨੂੰ ਪੁੱਛ ਲੈਂਦੇ ਹਾਂ ਕਿ ਕੋਈ ਜਵਾਬ ਦੇ ਸਕਦੇ ਹਨ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਸ ਵਿੱਚ ਲਿਖਿਆ ਹੈ, ਬਿਨੈਕਾਰ ਦਾ ਕਲੇਮ ਪ੍ਰਵਾਨ/ਰੱਦ ਕੀਤਾ ਗਿਆ। ਉਪ ਮੰਡਲ ਮੈਜਿਸਟਰੇਟ ਦੇ ਹਸਤਾਖਰ ਅਤੇ ਮੋਹਰ ਹੈ। Is it mandatary or is there any other way to issue these cards ?

ਮੰਤਰੀ : ਸਪੀਕਰ ਸਾਹਿਬ, ਕੀ ਜਾਖੜ ਸਾਹਿਬ ਦੱਸਣਗੇ ਕਿ ਇਹ ਕਿੱਥੋਂ ਪੜ੍ਹ ਰਹੇ ਹਨ ?

ਸ਼੍ਰੀ ਸੁਨੀਲ ਜਾਖੜ : ਪੰਜਾਬ ਸਰਕਾਰ ਦੀ ਨਵੀਂ ਆਟਾ ਦਾਲ ਸਕੀਮ ਅਧੀਨ ਲਾਭ ਲੈਣ ਲਈ ਭਰਿਆ ਜਾਣ ਵਾਲਾ ਕਲੇਮ ਫਾਰਮ - ਸਵੈ-ਘੋਸ਼ਣਾ ਪੱਤਰ ਹੈ।

ਮੰਤਰੀ : ਸਪੀਕਰ ਸਾਹਿਬ, ਇਸ ਦੀ ਇਸ ਕੁਐਸਚਨ ਨਾਲ ਕੀ ਰੈਲੇਵੈਂਸੀ ਹੈ? .. (ਵਿਘਨ).. ।

Shri Sunil Jakhar : This is the basic issue.

ਮੰਤਰੀ : ਜਾਖੜ ਸਾਹਿਬ, ਸੁਣ ਤਾਂ ਲਓ । ਮੈਂ ਵੈਸੇ ਕਹਿ ਰਿਹਾ ਹਾਂ, ਇਸ ਕੁਐਸਚਨ ਨਾਲ ਰੈਲੇਵੈਂਸੀ ਤਾਂ ਨਹੀਂ ਹੈ, ਪਰ ਚਲੋ, ਤੁਸੀਂ ਕੀਤਾ ਹੈ ਪਰ ਇਸ ਵਿੱਚ ਦੱਸ ਦਿਉ ਕਿ what is the exact point. I will attempt to address your concern.

Shri Sunil Jakhar : I am accused ਕਿ ਮੈਂ ਸਪੀਚ ਦੇਣ ਲੱਗ ਜਾਂਦਾ ਹਾਂ । But I want to explain the background. ਬੇਸਿਕ ਇਸ਼ੂ ਇਹ ਹੈ ਕਿ ਸਾਡੇ ਅਬੋਹਰ ਵਿੱਚ 32000 ਐਪਲੀਕੇਸ਼ਨਜ਼ ਆਈਆਂ, on these forms. 17000 ਕਾਰਡ ਬਣੇ and none of the cards has been verified by the SDM or anybody else. ਇਹ ਬਲੈਂਕ ਹੀ ਹੈ । ਕੀ ਇਹ ਗਲਤ

ਬਣੇ ਹਨ ? Because SDM did not want to put his neck into it. ਉਸ ਮੇਰੇ ਸ਼ੇਰ ਨੇ ਬਿਨਾਂ ਵੈਰੀਫਾਈ ਕੀਤਿਆਂ ਨੀਲੇ ਕਾਰਡ ਇਸ਼ੂ ਕਰ ਦਿੱਤੇ । Now who is going to blame them and what action is going to be taken ?

Minister : Speaker Sahib, first of all, get a list of approval ਜਿਹੜੀ ਸਾਨੂੰ ਡਿਸਟ੍ਰਿਕਟ ਐਡਮਨਿਸਟਰੇਸ਼ਨ ਤੋਂ ਆਉਂਦੀ ਹੈ । ਮੈਂ ਇੱਕ ਕਲੀਅਰ ਕਰਦਾ ਹਾਂ ਕਿ Food Department only issue blue cards. It does not go into the verification of the authenticity of the claim in the first stage. The applications are invited by the district administration. ਡੀ.ਸੀਜ਼ ਕੋਲ ਐਪਲੀਕੇਸ਼ਨਜ਼ ਆਉਂਦੀਆਂ ਸਨ, ਜੋ ਕਿ 2013 ਵਿੱਚ ਆਈਆਂ ਸਨ। 2013 ਵਿੱਚ ਨੋਟਿਸ ਇਸ਼ੂ ਹੋਏ ਸਨ । ਆਬਜੈਕਸ਼ਨ ਇਨਵਾਈਟ ਹੋਏ ਸਨ, ਪੂਰਾ ਸ਼ਡਿਊਲਡ ਬਣ ਕੇ ਪਬਲਿਸ਼ ਹੋਇਆ ਸੀ । Subsequent to that ਜੋ ਡੀ.ਸੀਜ਼ ਨੇ ਚੈਕ ਕੀਤਾ, ਉਹ ਲਿਸਟ ਫੂਡ ਸਪਲਾਈ ਵਿਭਾਗ ਨੂੰ ਦੇ ਦਿੱਤੀ । ਜੇ 17000 ਐਪਲੀਕੇਸ਼ਨਜ਼ ਆਈਆਂ ਤਾਂ 17000 ਕਾਰਡ ਬਣਾ ਦਿੱਤੇ ਤੇ ਜੇ 18000 ਐਪਲੀਕੇਸ਼ਨਜ਼ ਆਈਆਂ ਤਾਂ 18000 ਕਾਰਡ ਬਣਾ ਕੇ ਲਿਸਟ ਪਬਲਿਸ਼ ਕਰ ਦਿੱਤੀ । ਜਾਖੜ ਸਾਹਿਬ ਦਾ ਕਹਿਣਾ ਹੈ ਕਿ ਜਿਹੜੀ ਲਿਸਟ ਭੇਜੀ ਗਈ ਹੈ, ਐਸ. ਡੀ. ਐਮ ਅਤੇ ਡੀ. ਸੀਜ਼ ਵਿਚਾਲੇ ਕੋਈ ਫਾਈਲ ਮੂਵਮੈਂਟ ਹੋਈ ਹੈ ਜਾਂ ਉਨ੍ਹਾਂ ਵਿਚਾਲੇ ਕੋਈ ਡਿਸਕਸ ਹੋਇਆ ਹੈ। ਉਸ ਵਿੱਚ ਇਨ੍ਹਾਂ ਦਾ ਕਹਿਣਾ ਹੈ ਕਿ ਐਸ.ਡੀ.ਐਮਜ਼ ਨੇ ਸਾਈਨ ਨਹੀਂ ਕੀਤੇ ਤੇ ਡੀ.ਸੀਜ਼ ਨੂੰ ਵਿਦਾਊਟ ਸਾਈਨ ਆ ਗਈਆਂ । Am I right ? Is that the point?

Shri Sunil Jakhar : My simple point is that these Blue Cards have not been verified because nobody wants to put signature on it.

ਮੰਤਰੀ : ਮੈਂ ਇਹੀ ਬੇਨਤੀ ਕਰ ਰਿਹਾ ਹਾਂ, ਤੁਹਾਡਾ ਇਹ ਕਹਿਣਾ ਹੈ, what I try to understand ਕਿ ਜਿਹੜੀ ਇੰਟਰਐਕਸ਼ਨ ਹੋਈ, between the SDM and the DC, ਉਸ ਵਿੱਚ SDM ਦੇ ਸਾਈਨ ਨਹੀਂ ਹੋਏ । I don't know if that was the laid down procedure or not for the DCs.

[ਖੁਰਾਕ ਤੇ ਸਿਵਲ ਸਪਲਾਈ ਮੰਤਰੀ]

ਇਸ ਦਾ ਮਤਲਬ ਹੈ ਕਿ ਐਸ.ਡੀ.ਐਮ. ਤੋਂ ਇਲਾਵਾ ਕਿਸੇ ਹੋਰ ਤੋਂ ਸੈਟਿਸਫੈਕਸ਼ਨ ਹੁੰਦੀ ਹੈ ਤਾਂ that is an internal letter between the DCs and SDMs if at all it was internal, it was not laid down by the Food Department or anybody. But again, coming back to the main issue ਆਪਣਾ ਮੇਜਰ ਪਰਪਜ਼ ਇਹ ਹੈ ਕਿ ਜਿਹੜੇ ਕਾਰਡ ਹਨ, ਉਨ੍ਹਾਂ ਦੀ ਅਥਾਂਟੀਕੇਸ਼ਨ ਪਰਾਪਰ ਹੋਣੀ ਚਾਹੀਦੀ ਹੈ, ਚੈਕਿੰਗ ਪਰਾਪਰ ਹੋਣੀ ਚਾਹੀਦੀ ਹੈ, ਕਿਸੇ ਦਾ ਨਜਾਇਜ਼ ਨਹੀਂ ਬਣਨਾ ਚਾਹੀਦਾ। ਕਿਸੇ ਦਾ ਗਲਤ ਨਹੀਂ ਬਣਨਾ ਚਾਹੀਦਾ। That is the basic thing we are standing upon. ਮੈਂ ਫਿਰ ਜਿਹੜੀ ਸਰਕਾਰੀਆ ਸਾਹਿਬ ਨੂੰ ਗੱਲ ਕਹੀ ਹੈ, ਮੈਂ ਤੁਹਾਨੂੰ ਵੀ ਕਹਿ ਦਿੰਦਾ ਹਾਂ ਜੀ ਕਿ ਜਿਹੜੇ ਕਾਰਡ ਚੈੱਕ ਹੋ ਰਹੇ ਹਨ ਜਾਂ ਤੁਹਾਡਾ ਖਿਆਲ ਹੈ ਕਿ ਰੌਂਗਲੀ ਰਿਜੈਕਟ ਹੋਏ ਹਨ, ਪਲੀਜ਼, ਮੈਂ ਤੁਹਾਡੇ ਨਾਲ ਲੱਗ ਜਾਂਦਾ ਹਾਂ। ਤੁਸੀਂ ਦੱਸ ਦਿਓ ਕਿਹੜੇ ਹੋਏ ਹਨ, we can delve into it, we can go into it ਔਰ ਜੇਕਰ ਕੋਈ ਗਲਤ ਹੈ ਤਾਂ ਆਪਾਂ ਉਸ ਨੂੰ ਰੈਕਟੀਫਾਈ ਕਰਵਾ ਦਿੰਦੇ ਹਾਂ।

Shri Sunil Jakhar : Speaker Sahib, I appreciate the effort that the Hon'ble Minister has made to explain everything in detail. My simple question is that this is a pro forma published by Government of Punjab, how can he say that it is a dialogue between SDM and DC and we are not privy to it. It is your department's pro forma.

ਮੰਤਰੀ : ਸਰ, ਮੈਂ ਬੇਨਤੀ ਕਰ ਰਿਹਾ ਹਾਂ ਕਿ ਫੂਡ ਡਿਪਾਰਟਮੈਂਟ ਦਾ ਜਿਹੜਾ ਕੰਮ ਹੈ, we issue the cards, the D.C., S.D.M. have to deal with it, ਐਸ.ਡੀ.ਐਮ. ਅਗਾਂਹ ਤਹਿਸੀਲਦਾਰ ਨੂੰ ਦੇਵੇ, ਪਟਵਾਰੀਆਂ ਨੂੰ ਦੇਵੇ, ਐਜੂਕੇਸ਼ਨ ਡਿਪਾਰਟਮੈਂਟ ਨੂੰ ਦੇਵੇ, ਉਹ ਵੈਰੀਫਿਕੇਸ਼ਨ ਵਾਸਤੇ ਕਿਸ ਨੂੰ ਦਿੰਦੇ ਹਨ, that is their internal matter which they have to decide upon, the end result is that output should be an accurate census of the beneficiaries, are we having an issue with accuracy or are we having an issue ਕਿ ਐਸ.ਡੀ.ਐਮ. ਤੋਂ ਕਿਉਂ ਨਹੀਂ ਕਰਵਾਇਆ ਹੈ?

Shri Sunil Jakhar : I am trying to prove that inaccuracy is there on such a scale that SDM has refused to put his signatures under political pressure 17,000 ਲੋਕਾਂ ਨੂੰ ਗਲਤ ਇਸ਼ੂ ਕਰ ਦਿੱਤੇ ...(ਵਿਘਨ)...

ਮਾਨਯੋਗ ਸਪੀਕਰ : ਉਨ੍ਹਾਂ ਨੇ ਡਿਟੇਲ ਵਿਚ ਜਵਾਬ ਦੇ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪਲੀਜ਼। ਮੈਂ ਗਰੀਬ ਦੀ ਗੱਲ ਕਰ ਰਿਹਾ ਹਾਂ, ਨੀਲੇ ਕਾਰਡ ਵਾਲਿਆਂ ਦੀ ਗੱਲ ਕਰ ਰਿਹਾ ਹਾਂ। ਇੱਕ ਰੁਪਏ ਦੀ ਗੱਲ ਸੀ ਕਹਿੰਦੇ ਕਿ ਇੱਕ ਰੁਪਿਆ ਦੇਵਾਂਗੇ ਪਰ ਹੁਣ ਵਾਪਸ ਦੋ ਰੁਪਏ ਤੇ ਆ ਗਏ। ਉਹ ਇਸ਼ੂ ਤਾਂ ਮੈਂ ਅਜੇ ਛੇੜਿਆ ਨਹੀਂ, ਤੁਸੀਂ ਟਾਈਮ ਨਹੀਂ ਦਿੱਤਾ। ਆਹ ਜਿਹੜਾ ਇਨ੍ਹਾਂ ਦਾ ਪਰੋਫਾਰਮਾ ਹੈ has a separate proforma been published for Abohar or is it a standard proforma?

ਮਾਨਯੋਗ ਸਪੀਕਰ : ਤੁਸੀਂ ਕਹਿੰਦੇ ਹੋ ਮੈਂ ਛੇੜਿਆ ਨਹੀਂ, ਮੈਂ ਕੱਲ੍ਹ ਤੁਹਾਨੂੰ ਐਂਪਲ ਟਾਈਮ ਦਿੱਤਾ ਹੈ।

ਮੰਤਰੀ : ਮੈਂ ਪਰੋਫਾਰਮਾ ਮੰਗਾ ਕੇ ਦੇਖ ਲੈਂਦਾ ਹਾਂ ਕਿ ਸਾਈਨ ਹੈ ਕਿ ਨਹੀਂ। ਮੈਂ ਮੰਗਾ ਕੇ ਦੇਖ ਲੈਂਦਾ ਹਾਂ।

ਸ਼੍ਰੀ ਸੁਨੀਲ ਜਾਖੜ : ਐਕਸ਼ਨ ਲਵੋਗੇ ਕਿ ਨਹੀਂ ਜਿਹੜੇ 17,000 ਗਲਤ ਬਣੇ ਹਨ?

ਮੰਤਰੀ : ਜੇ ਕੋਈ ਵਾਇਓਲੇਸ਼ਨ ਹੋਏਗੀ ਤਾਂ ਜਰੂਰ ਐਕਸ਼ਨ ਲਵਾਂਗੇ।

ਮਾਨਯੋਗ ਸਪੀਕਰ : ਪਲੀਜ਼, ਬੈਠ ਜਾਉ।

ਸ਼੍ਰੀ ਸੁਨੀਲ ਜਾਖੜ : Is this not a violation? ਐਸ.ਡੀ.ਐਮ. ਨੇ ਸਾਈਨ ਨਹੀਂ ਕੀਤੇ .....(ਵਿਘਨ)....

ਮੰਤਰੀ : ਜਾਖੜ ਸਾਹਿਬ, ਮੈਂ ਪਤਾ ਕਰ ਲਵਾਂਗਾ ....(ਵਿਘਨ)....

ਸ਼੍ਰੀ ਸੁਨੀਲ ਜਾਖੜ : 17,000 ਕਾਰਡ ਜਿਹੜੇ ਬਿਨਾਂ ਵੈਰੀਫਿਕੇਸ਼ਨ ਤੋਂ ਬਣੇ ਹਨ, ਇਸ ਤੋਂ ਵੱਡਾ ਕੀ ਹੋਵੇਗਾ? ....(ਵਿਘਨ)।. I am not your Federal Bureau of Investigation, ਇਹ ਜਿਹੜਾ ਮਸਲਾ ਹੈ, it is on such a large scale, would you please look into it?

Mr. Speaker : Please sit down.

ਡੀਪੂ ਹੋਲਡਰ ਵਿਰੁੱਧ ਕਾਰਵਾਈ ਕਰਨਾ

***1919. ਸ਼੍ਰੀਮਤੀ ਹਰਚੰਦ ਕੌਰ:** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਰਾਜ ਸਰਕਾਰ ਨੂੰ ਪਿੰਡ ਨਰਾਇਣਗੜ੍ਹ ਸੋਹੀਆਂ (ਬਲਾਕ ਮਹਿਲ ਕਲਾਂ) ਦੇ ਡਿਪੂ ਹੋਲਡਰ ਵਿਰੁੱਧ ਕੋਈ ਸ਼ਿਕਾਇਤ ਪ੍ਰਾਪਤ ਹੋਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

(ਅ) ਉਪਰੋਕਤ ਡਿਪੂ ਹੋਲਡਰ ਵਿਰੁੱਧ ਕੀਤੀ ਸ਼ਿਕਾਇਤ ਤੇ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : (ੳ) ਜੀ ਹਾਂ, ਪਿੰਡ ਨਰਾਇਣਗੜ੍ਹ ਸੋਹੀਆਂ (ਬਲਾਕ ਮਹਿਲ ਕਲਾਂ) ਦੇ ਡਿਪੂ ਹੋਲਡਰ ਸ਼੍ਰੀ ਕੁਲਵੰਤ ਸਿੰਘ ਪੁੱਤਰ ਸ਼੍ਰੀ ਜੱਗਾ ਸਿੰਘ ਵਿਰੁੱਧ ਨਗਰ ਨਿਵਾਸੀਆਂ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਵਿੱਚ ਇਹ ਦੋਸ਼ ਲਗਾਇਆ ਗਿਆ ਸੀ ਕਿ ਡਿਪੂ ਹੋਲਡਰ ਕਣਕ ਅਤੇ ਤੇਲ ਖਪਤਕਾਰਾਂ ਨੂੰ ਨਹੀਂ ਵੇਚਦਾ, ਸਗੋਂ ਬਲੈਕ ਵਿੱਚ ਵੇਚ ਦਿੰਦਾ ਹੈ, ਖਪਤਕਾਰਾਂ ਨੂੰ ਮਾੜਾ ਬੋਲਦਾ ਹੈ ਅਤੇ ਉਸਨੇ ਦਸਵੀਂ ਦੇ ਜਾਅਲੀ ਸਰਟੀਫਿਕੇਟ ਦੇ ਆਧਾਰ ਤੇ ਰਾਸ਼ਨ ਡਿਪੂ ਅਲਾਟ ਕਰਵਾਇਆ ਹੈ, ਜਦੋਂ ਕਿ ਉਹ ਕੇਵਲ ਅੱਠਵੀਂ ਪਾਸ ਹੈ।

(ਅ) ਉਕਤ ਸ਼ਿਕਾਇਤ ਦੀ ਮੁੱਢਲੀ ਪੜਤਾਲ ਦੇ ਆਧਾਰ ਤੇ ਸਰਕਲ ਦਫਤਰ ਬਰਨਾਲਾ ਵਲੋਂ ਡਿਪੂ ਦੀ ਜਰੂਰੀ ਵਸਤਾਂ ਦੀ ਸਪਲਾਈ ਮੁਅੱਤਲ ਕਰ ਦਿਤੀ ਗਈ ਸੀ, ਜੋ ਕਿ ਹਾਲੇ ਵੀ ਮੁਅੱਤਲ ਚੱਲ ਰਹੀ ਹੈ। ਇਸ ਡਿਪੂ ਹੋਲਡਰ ਦੇ ਕੰਮ ਕਾਰ ਦੀ ਡਿਟੇਲ ਪੜਤਾਲ ਜਾਰੀ ਹੈ, ਜੋ ਵੀ ਰਿਪੋਰਟ ਆਵੇਗੀ, ਉਸਦੇ ਆਧਾਰ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀਮਤੀ ਹਰਚੰਦ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜਾ ਇਹ ਡਿਪੂ ਹੋਲਡਰ ਹੈ, ਉਥੇ 1050 ਲੀਟਰ ਤੇਲ ਆਉਂਦਾ ਹੁੰਦਾ ਸੀ। ਜਿਸ ਦੇ ਵਿਚੋਂ ਉਹ ਘਪਲਾ ਕਰਦਾ ਸੀ, ਬਾਕੀ ਬਚਦਾ ਕਿੱਥੇ ਜਾਂਦਾ ਸੀ, ਕੀ ਕਰਦਾ ਸੀ, ਲੋਕਾਂ ਨੂੰ ਪਤਾ ਨਹੀਂ ਸੀ। ਜਦੋਂ ਉਨ੍ਹਾਂ ਨੇ ਇਸ ਦੀ ਪੜਤਾਲ ਕੀਤੀ, ਕਈ ਵਾਰ ਡੀ.ਸੀ. ਸਾਹਿਬ ਕੋਲ ਵੀ

ਆਪਣੀਆਂ ਅਰਜ਼ੀਆਂ ਦਿੱਤੀਆਂ। ਉਹ ਮੰਤਰੀ ਸਾਹਿਬ ਕੋਲ ਵੀ ਆਏ, ਤੁਹਾਡੇ ਕੋਲ ਅਰਜ਼ੀ ਆਈ ਹੋਣੀ ਹੈ। ਉਨ੍ਹਾਂ ਨੂੰ ਪੂਰਾ ਇਨਸਾਫ ਹੀ ਨਹੀਂ ਮਿਲਿਆ ਜੀ। ਜਿਹੜਾ ਉਹ ਡਿਪੂ ਹੋਲਡਰ ਹੈ, ਤੁਸੀਂ ਕਹਿੰਦੇ ਹੋ ਉਸ ਨੂੰ ਸਸਪੈਂਡ ਕਰ ਦਿੱਤਾ ਹੈ। ਬਿਲਕੁੱਲ ਨਹੀਂ ਕੀਤਾ ਜੀ। ਉਸੇ ਤਰ੍ਹਾਂ ਜਿਹੜੀ ਸਪਲਾਈ ਹੈ, ਨਾਲ ਦਾ ਪਿੰਡ ਛੀਨੀਵਾਲ ਖੁਰਦ ਹੈ, ਜਿਹੜੀ ਨਰਾਇਣਗੜ੍ਹ ਸੋਹੀਆਂ ਦੀ ਸਪਲਾਈ ਸੀ ਉਹ ਉਸ ਦੇ ਨਾਲ ਲਗਾ ਦਿੱਤੀ ਗਈ। ਜਿਹੜਾ ਇਹ ਡਿਪੂ ਹੋਲਡਰ ਹੈ, ਇਹ ਹੁਣ ਵੀ ਚਾਹੁੰਦਾ ਹੈ ਕਿ ਮੇਰਾ ਡਿਪੂ ਬਹਾਲ ਕੀਤਾ ਜਾਵੇ। ਮੈਂ ਬੇਨਤੀ ਕਰਦੀ ਹਾਂ, ਮੇਰੇ ਕੋਲ ਸਾਰਾ ਅਖਬਾਰਾਂ ਰਾਹੀਂ ਵੀ ਆਇਆ ਹੋਇਆ ਹੈ।

ਮਾਨਯੋਗ ਸਪੀਕਰ : ਬੀਬੀ ਜੀ, ਸਪਲੀਮੈਂਟਰੀ ਪੁੱਟ ਕਰੋ।

ਸ਼੍ਰੀਮਤੀ ਹਰਚੰਦ ਕੌਰ : ਮੈਂ ਤੁਹਾਡੇ ਰਾਹੀਂ ਆਪਣੇ ਮੰਤਰੀ ਸਾਹਿਬ ਤੋਂ ਸਪਲੀਮੈਂਟਰੀ ਪੁੱਛ ਰਹੀ ਹਾਂ ...(ਵਿਘਨ)..

ਮੰਤਰੀ (ਬੈਠੇ- ਬੈਠੇ) : ਤੁਸੀਂ ਚਾਹੁੰਦੇ ਕੀ ਹੋ, ਕੀ ਬਹਾਲ ਕਰਨਾ ਚਾਹੁੰਦੇ ਹੋ?

ਸ਼੍ਰੀਮਤੀ ਹਰਚੰਦ ਕੌਰ : ਜਿਹੜਾ ਤੁਸੀਂ ਬਹਾਲ ਕਰਨ ਬਾਰੇ ਕਿਹਾ ਹੈ, ਇਹ ਬਿਲਕੁੱਲ ਗਲਤ ਹੈ।

ਮੰਤਰੀ : ਬਹਾਲ ਤਾਂ ਕੀਤਾ ਨਹੀਂ।

ਸ਼੍ਰੀਮਤੀ ਹਰਚੰਦ ਕੌਰ : ਉਨ੍ਹਾਂ ਨੇ ਦੁਬਾਰਾ ਅਰਜ਼ੀ ਦਿੱਤੀ ਹੈ।

ਮੰਤਰੀ : ਦੇਈ ਚੱਲੇ ਅਰਜ਼ੀ, ਅਰਜ਼ੀ ਦੇਣ ਵਿੱਚ ਕੀ ਹੈ।

ਸ਼੍ਰੀਮਤੀ ਹਰਚੰਦ ਕੌਰ : ਨਹੀਂ ਜੀ, ਉਨ੍ਹਾਂ ਦੀ ਅਰਜ਼ੀ ਆਈ ਹੈ ਤਾਂ ਹੀ ਇਹ ਸਵਾਲ ਆਇਆ ਹੈ। ਜੇ ਤੁਸੀਂ ਕਹੋਗੇ ਕਿ ਬਹਾਲ ਨਹੀਂ ਹੁੰਦਾ, ਉਥੇ ਦਾ ਜਿਹੜਾ ਕੋਈ ਪੜ੍ਹਿਆ-ਲਿਖਿਆ ਹੈ ਜਾਂ ਕੋਈ ਪੰਚਾਇਤ ਹੈ, ਜਿਹੜੇ ਲੋਕ ਬਾਹਰੋਂ ਸਪਲਾਈ ਲੈਂਦੇ ਹਨ, ਤੁਸੀਂ ਉਸ ਪੰਚਾਇਤ ਨੂੰ ਦੇ ਦਿਉ ਜਾਂ ਜੇ ਕੋਈ ਪੜ੍ਹਿਆ-ਲਿਖਿਆ ਹੈ, ਉਸ ਨੂੰ ਦੇ ਦਿਉ ਅਤੇ ਉਸ ਦਾ ਜਿਹੜਾ ਲਾਇਸੰਸ ਹੈ, ਉਸ ਨੂੰ ਕੈਂਸਲ ਕਰ ਦਿਉ।

ਮਾਨਯੋਗ ਸਪੀਕਰ : ਬੀਬੀ ਜੀ, ਤੁਹਾਡੀ ਸੁਜੈਸ਼ਨ ਆ ਗਈ ਹੈ।

ਸ਼੍ਰੀਮਤੀ ਹਰਚੰਦ ਕੌਰ : ਇੰਕ ਮਿੰਟ ਜੀ। ਸਪੀਕਰ ਸਾਹਿਬ ਜਿਹੜਾ 960 ਲੀਟਰ ਤੇਲ ਦਾ ਘਪਲਾ ਕਰਦਾ ਹੈ...

ਮੰਤਰੀ : ਬੀਬੀ ਜੀ, ਮੈਂ ਉਹੀ ਬੇਨਤੀ ਕਰ ਰਿਹਾ ਹਾਂ ਕਿ ਉਹ ਆਲਰੇਡੀ ਸਸਪੈਂਡਿਡ ਹੈ । ਉਹ ਅਗਸਤ, 2014 ਦਾ ਸਸਪੈਂਡਿਡ ਹੈ।

ਸ਼੍ਰੀਮਤੀ ਹਰਚੰਦ ਕੌਰ : ਨਹੀਂ ਜੀ, ਬਿਲਕੁਲ ਨਹੀਂ ਹੈ ।

ਮਾਨਯੋਗ ਸਪੀਕਰ : ਬੀਬੀ ਜੀ, ਆਪਾਂ ਚੈਲੰਜ ਤਾਂ ਕਰ ਨਹੀਂ ਸਕਦੇ।

ਸ਼੍ਰੀਮਤੀ ਹਰਚੰਦ ਕੌਰ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜਾ ਸਸਪੈਂਡ ਕੀਤਾ ਹੋਇਆ ਹੈ ਜਾਂ ਜਿਵੇਂ ਉਸ ਨੇ 960 ਲਿਟਰ ਤੇਲ ਦਾ ਘਪਲਾ ਕੀਤਾ ਹੋਇਆ ਹੈ, ਕੀ ਉਸ ਨੇ ਜਾ ਕੇ ਪੈਸਾ ਸਰਕਾਰ ਦੇ ਖਾਤੇ ਵਿਚ ਜਮ੍ਹਾਂ ਕਰਵਾਇਆ ਹੈ? ਉਸ ਬਾਰੇ ਮੰਤਰੀ ਜੀ ਦੱਸਣ ।

ਮਾਨਯੋਗ ਸਪੀਕਰ : ਬੀਬੀ ਜੀ, ਸਪਲੀਮੈਂਟਰੀ ਕੋਈ ਬਣਦੀ ਨਹੀਂ ਹੈ। ਬੀਬੀ ਜੀ, ਬੈਠ ਜਾਉ। ਸਪਲੀਮੈਂਟਰੀ ਤਾਂ ਕੋਈ ਬਣਦੀ ਨਹੀਂ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਆਲਰੇਡੀ ਸਸਪੈਂਡਿਡ ਹੈ ਤੇ ਜੇਕਰ ਉਸ ਨੇ ਕੋਈ ਐਪਲੀਕੇਸ਼ਨ ਦਿੱਤੀ ਹੋਵੇ ਤਾਂ ਮੈਨੂੰ ਪਤਾ ਨਹੀਂ ਤੇ ਉਹ ਡਿਊ ਪ੍ਰਾਸੈਸ ਵਿਚ ਹੀ ਹੋਵੇਗੀ ਪਰ ਮੇਰੇ ਨੋਟਿਸ ਵਿਚ ਉਸ ਦੀ ਬਹਾਲੀ ਦਾ ਕੋਈ ਨਹੀਂ ਹੈ।

ਸ਼੍ਰੀਮਤੀ ਹਰਚੰਦ ਕੌਰ : ਵੇਖੋ, ਹਾਲੇ ਤੱਕ ਉਸ ਨੂੰ ਕੁਝ ਨਹੀਂ ਹੋਇਆ। ਜਿੰਨਾ ਵੀ ਉਸ ਨੇ ਘਪਲਾ ਕੀਤਾ ਹੈ। ਉਹ ਹਰ ਵਾਰੀ 960 ਲਿਟਰ ਦਾ ਘਪਲਾ ਕਰਦਾ ਹੈ, ਤੇਲ ਵੇਚਦਾ ਹੈ, ਕੀ ਉਸ ਦੇ ਖਿਲਾਫ ਤੁਸੀਂ ਮੁਕੱਦਮਾ ਦਰਜ ਕਰੋਗੇ? ਜਾਂ ਉਸ ਦਾ ਲਾਇਸੰਸ ਕੈਂਸਲ ਕਰੋਗੇ ਜਾਂ ਉਥੋਂ ਦੀ ਪੰਚਾਇਤ ਨੂੰ ਜਾਂ ਕਿਸੇ ਪੜ੍ਹੇ ਲਿਖੇ ਨੂੰ ਡਿਪੂ ਦਿਉਗੇ। ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣ।

Mr. Speaker : Thank you, bibi ji.

ਮੰਤਰੀ : ਸਪੀਕਰ ਸਾਹਿਬ, ਮੈਂ ਬੀਬੀ ਜੀ ਨੂੰ ਥੋੜ੍ਹੀ ਜਿਹੀ ਹੋਰ ਵੀ ਗੱਲ ਦੱਸ ਦਿਆਂ ਕਿ ਸ਼ਾਇਦ ਇਨ੍ਹਾਂ ਦਾ ਉਸ ਵਿਚ ਹੀ ਕੰਮ ਚਲ ਜਾਵੇ। ਉਸ ਨੇ

ਜਾਅਲੀ ਸਰਟੀਫਿਕੇਟ ਲਗਾਇਆ ਹੋਇਆ ਹੈ, ਉਹ ਲੱਭ ਗਿਆ ਹੈ। ਅਸੀਂ ਉਸ ਤੇ ਹੀ ਪ੍ਰਾਸੀਕਿਊਟ ਕਰ ਦਿੰਦੇ ਹਾਂ।

ਸ਼੍ਰੀਮਤੀ ਹਰਚੰਦ ਕੌਰ : ਚੰਗੀ ਗੱਲ ਹੈ। ਇਹ ਕਦੋਂ ਤੱਕ ਕਰ ਦਿਉਗੇ?

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਪੰਜਾਬ ਵਿਚ ਸਾਰੇ ਥਾਈਂ ਹੈ, ਇਹ ਇਸ ਨੂੰ ਕੋਈ ਟਾਈਮ ਬਾਊਂਡ ਕਰਨਗੇ ਜਾਂ ਕੋਈ ਟਾਈਮ ਦੱਸਣਗੇ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਡਿਪੂ ਹੋਲਡਰਾਂ ਦੀ ਸਮੇਂ ਸਮੇਂ ਤੇ ਚੈਕਿੰਗ ਕਰਨਾ

***1799. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2013-14 ਅਤੇ 2014-15 ਦੇ ਸਮੇਂ ਦੌਰਾਨ ਬਲਾਕ ਦੀਨਾਨਗਰ, ਦੋਰਾਂਗਲਾ ਅਤੇ ਗੁਰਦਾਸਪੁਰ ਵਿੱਚ ਸਮੇਂ ਸਮੇਂ ਤੇ ਕੀਤੇ ਗਏ ਮੁਆਇਨੇ/ਅਫਸਰਾਂ ਦੁਆਰਾ ਡਿਪੂ ਹੋਲਡਰਾਂ ਦੀ ਚੈਕਿੰਗ ਅਤੇ ਕੁਤਾਹੀ ਕਰਨ ਵਾਲਿਆਂ ਦੇ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : ਸਾਲ 2013-14 ਦੌਰਾਨ ਬਲਾਕ ਦੀਨਾਨਗਰ ਵਿਚ 106, ਦੋਰਾਂਗਲਾ ਵਿਚ 148 ਅਤੇ ਗੁਰਦਾਸਪੁਰ ਵਿੱਚ 148 ਕੁੱਲ 402 ਚੈਕਿੰਗਾਂ ਕੀਤੀਆਂ ਗਈਆਂ। ਸਾਲ 2014-15 ਦੌਰਾਨ ਬਲਾਕ ਦੀਨਾਨਗਰ ਵਿਚ 147, ਦੋਰਾਂਗਲਾ ਵਿਚ 123 ਅਤੇ ਗੁਰਦਾਸਪੁਰ ਵਿੱਚ 113 ਕੁੱਲ 383 ਚੈਕਿੰਗਾਂ ਕੀਤੀਆਂ ਗਈਆਂ। ਕੁਤਾਹੀ ਕਰਨ ਵਾਲੇ 26 ਡਿਪੂ ਹੋਲਡਰਾਂ ਦੇ ਵਿਰੁੱਧ ਕਾਰਵਾਈ ਕੀਤੀ ਗਈ ਸੀ। ਇਨ੍ਹਾਂ ਵਿਚੋਂ 21 ਡਿਪੂ ਹੋਲਡਰਾਂ ਨੂੰ ਨੋਟਿਸ ਜਾਰੀ ਕਰਨ ਦੇ ਨਾਲ ਉਨ੍ਹਾਂ ਦੀ ਸਪਲਾਈ ਮੁਅੱਤਲ ਕੀਤੀ ਗਈ ਸੀ ਅਤੇ 5 ਡਿਪੂ ਹੋਲਡਰਾਂ ਨੂੰ ਸ਼ੋ-ਕਾਜ਼ ਨੋਟਿਸ ਜਾਰੀ ਕੀਤੇ ਗਏ ਸਨ। ਇਨ੍ਹਾਂ 21 ਰਾਸ਼ਨ ਡਿਪੂਆਂ ਵਿਚੋਂ 12 ਰਾਸ਼ਨ ਡਿਪੂਆਂ ਨੂੰ ਜੁਰਮਾਨਾ ਲਗਾ ਕੇ ਉਨ੍ਹਾਂ ਦੀ ਸਪਲਾਈ ਬਹਾਲ ਕੀਤੀ ਗਈ ਹੈ ਅਤੇ ਬਾਕੀ 9 ਹਾਲੇ ਵੀ ਮੁਅੱਤਲੀ ਅਧੀਨ ਹਨ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਮੈਨੂੰ ਦੋਹਾਂ ਸਾਲਾਂ ਦੀ ਬੜੀ ਵੱਡੀ ਡਿਟੇਲ ਦਿੱਤੀ ਹੈ ਪਰ ਇਹ ਜਿਹੜਾ ਮੇਰਾ ਜਵਾਬ ਆਇਆ ਹੈ, ਇਹ ਅਧੂਰਾ ਹੈ ਕਿਉਂਕਿ ਮੈਂ ਕੁਐਸਚਨ ਵਿਚ ਲਿਖ ਕੇ ਭੇਜਿਆ ਸੀ "be pleased to state the details of the inspection" ਤੁਸੀਂ ਡਿਟੇਲ ਤਾਂ ਦੇ ਦਿੱਤੀ ਹੈ ਲੇਕਿਨ ਤੁਸੀਂ ਇਹ ਚੀਜ਼ ਨਹੀਂ ਦੱਸੀ ਕਿ ਇਨ੍ਹਾਂ ਵਿਚੋਂ ਕਿੰਨੇ ਡਿਪੂਆਂ ਉਤੇ ਕੋਈ ਸਖਤ ਕਾਰਵਾਈ ਕੀਤੀ ਹੈ because it is a serious offence.

ਮਾਨਯੋਗ ਸਪੀਕਰ : ਬੀਬੀ ਜੀ, ਕਾਰਵਾਈ ਤਾਂ ਕਰ ਲਈ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਇਸ ਵਿਚ ਗੰਭੀਰ ਕਮੀਆਂ ਪਾਈਆਂ ਗਈਆਂ ਹਨ । ਸਪੀਕਰ ਸਾਹਿਬ, ਥੋੜ੍ਹਾ ਜਿਹਾ ਮੈਨੂੰ ਐਕਸਪਲੇਨ ਕਰ ਲੈਣ ਦਿਉ।

ਮਾਨਯੋਗ ਸਪੀਕਰ : ਤੁਹਾਡੇ ਕੋਲ ਕੋਈ ਪਰਟੀਕੁਲਰ ਹੈ ਤਾਂ ਪੁੱਛੋ, ਕਾਰਵਾਈ ਬਾਰੇ ਉਹ ਦੱਸ ਰਹੇ ਸੀ ਕਿ ਅਸੀਂ ਕਰ ਰਹੇ ਹਾਂ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਥੋੜ੍ਹੀ ਜਿਹੀ ਬੈਕਗਰਾਊਂਡ ਤਾਂ ਦੱਸ ਦਿਆਂ। ਮੁਸ਼ਕਲ ਨਾਲ ਤਾਂ ਮੰਤਰੀ ਜੀ ਜਵਾਬ ਦੇਣ ਲੱਗੇ ਹਨ। ਮੈਂ ਪੁੱਛਣ ਤਾਂ ਲੱਗੀ ਹਾਂ..

ਮਾਨਯੋਗ ਸਪੀਕਰ : ਨਹੀਂ ਬੀਬੀ ਜੀ, ਤੁਸੀਂ ਸਪਲੀਮੈਂਟਰੀ ਪੁੱਟ ਕਰੋ।

ਸ਼੍ਰੀਮਤੀ ਅਰੁਨਾ ਚੌਧਰੀ : ਸਰ, It is just an eyewash. ਮੇਰੇ ਕੋਲ ਆਰ.ਟੀ.ਆਈ. ਦੀ ਜਾਣਕਾਰੀ ਦੇ ਅਨੁਸਾਰ ਇਹ ਗੰਭੀਰ ਕਮੀਆਂ ਦੀਨਾਨਗਰ ਦੇ ਡਿਪੂਆਂ ਵਿਚ ਪਾਈਆਂ ਗਈਆਂ ਔਰ ਉਨ੍ਹਾਂ ਉਤੇ ਗੰਭੀਰ ਕਮੀਆਂ ਹਨ। ਜਿਵੇਂ ਸਟਾਕ ਬੋਰਡ ਹੈ, ਉਹ ਭਰਿਆ ਨਹੀਂ, ਤੇਲ ਘੱਟ ਦੇਣਾ ਔਰ ਰਕਮ ਵੱਧ ਵਸੂਲਣੀ, ਇਹ ਟੀ.ਡੀ.ਐਸ. ਐਕਟ ਅਨੁਸਾਰ ਗੰਭੀਰ ਆਰੋਪ ਹਨ, ਮੇਰੇ ਕੋਲ ਤੁਹਾਡਾ ਟੀ.ਡੀ.ਐਸ. ਐਕਟ ਵੀ ਹੈ। ਇਸ ਦੇ ਅੰਦਰ ਇਨ੍ਹਾਂ ਡਿਪੂਆਂ ਨੂੰ ਕੈਂਸਲ ਕਰਨਾ ਬਣਦਾ ਸੀ । ਮੈਂ ਇਕ ਬਹੁਤ ਹੀ ਕਲਾਸੀਕਲ ਕੇਸ ਦੱਸਣਾ ਚਾਹੁੰਦੀ ਹਾਂ..

ਮਾਨਯੋਗ ਸਪੀਕਰ : ਬੀਬੀ ਜੀ, ਇਹ ਤਾਂ ਤੁਹਾਡੀ ਸੁਜੈਸ਼ਨ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਰ, 29.5.14 ਨੂੰ ਇਹ ਡਿਪੂ ਜਿਹੜੇ ਹਨ, ਅਸਿਸਟੈਂਟ ਸੁਪਰਡੰਟ, ਡਿਪਟੀ ਡਾਇਰੈਕਟਰ, ਡਾਇਰੈਕਟਰ ਫੂਡ 29.5.14

ਨੂੰ ਚਾਰ ਵਾਰੀ ਫਾਈਲਾਂ ਉਪਰ ਗਈਆਂ ਤੇ ਚਾਰ ਵਾਰੀ ਫਾਈਲਾਂ ਥੱਲੇ ਆਈਆਂ, ਉਨ੍ਹਾਂ ਦੀ ਬਹਾਲੀ ਦੇ..

ਮਾਨਯੋਗ ਸਪੀਕਰ : ਬੀਬੀ ਜੀ, ਤੁਸੀਂ ਬੈਠ ਜਾਉ।

ਸ਼੍ਰੀਮਤੀ ਅਰੁਨਾ ਚੌਧਰੀ : ਸਰ, ਸੁਣੋ ਜੀ। 29.5.14 ਨੂੰ ਉਨ੍ਹਾਂ ਦੀ ਬਹਾਲੀ ਦੇ ਆਰਡਰ ਕੀਤੇ ਗਏ..

ਮਾਨਯੋਗ ਸਪੀਕਰ : ਬੀਬੀ ਜੀ, ਇਹ ਤੁਹਾਡੀ ਸੁਜੈਸ਼ਨ ਹੈ ...

ਸ਼੍ਰੀਮਤੀ ਅਰੁਨਾ ਚੌਧਰੀ : ਔਰ ਇਕ ਡਿਪੂ ਹੋਲਡਰ ਨੂੰ ਚਾਰੇ ਹੀ ਆਰਡਰਜ਼ ਫੜਾ ਦਿੱਤੇ ਗਏ। ਕੀ ਇਹ ਕਨਾਈਵੈਂਸ ਨਹੀਂ ਹੈ it is a nexus, it is a serious offence. .....

ਮਾਨਯੋਗ ਸਪੀਕਰ : ਬੀਬੀ ਜੀ, ਕੀ ਤੁਸੀਂ ਕੋਈ ਕੁਐਸਚਨ ਵੀ ਕਰ ਰਹੇ ਹੋ? ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਉਸੇ ਨੂੰ ਰਿਪੀਟ ਕਰ ਰਹੇ ਹੋ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਟਾਈਮ ਤਾਂ ਦਿਓ ਮੈਂ ਕੁਐਸਚਨ ਪੁੱਛ ਰਹੀ ਹਾਂ। ਸਪੀਕਰ ਸਾਹਿਬ, ਮੇਰਾ ਕਹਿਣਾ ਇਹ ਹੈ ਕਿ ਕੀ ਤੁਸੀਂ ਇਨ੍ਹਾਂ ਅਧਿਕਾਰੀਆਂ ਦੇ ਖਿਲਾਫ਼ ਪਰਚਾ ਦਰਜ ਕਰਕੇ ਐਫ.ਆਈ.ਆਰ. ਕਰੋਗੇ ਅਤੇ ਉਹ ਗਰੀਬ ਲੋਕ ਜਿਨ੍ਹਾਂ ਦਾ ਲੱਖਾਂ ਰੁਪਏ ਦਾ ਰਾਸ਼ਨ ਇਨ੍ਹਾਂ ਅਧਿਕਾਰੀਆਂ ਵੱਲੋਂ ਖਾਧਾ ਗਿਆ ਹੈ, ਉਨ੍ਹਾਂ ਨੂੰ 1000/- ਰੁਪਏ ਦੀ ਪੈਨਲਟੀ ਲਗਾ ਕੇ ਛੱਡਣਾ, is it punishment?

ਮੰਤਰੀ : ਸਪੀਕਰ ਸਾਹਿਬ, ਬਾਕੀ ਗੱਲ ਤਾਂ ਮੈਂ ਚੈੱਕ ਕਰਕੇ ਦੱਸ ਸਕਦਾ ਹਾਂ। ਜਿਹੜੀ ਇਨ੍ਹਾਂ ਨੇ 1000/- ਰੁਪਏ ਦੀ ਪੈਨਲਟੀ ਦੀ ਗੱਲ ਕੀਤੀ ਹੈ, ਮੈਨੂੰ ਵੀ ਬੜੀ ਹੈਰਾਨੀ ਹੋਈ ਸੀ। ਅਸੀਂ ਉਸ ਮਾਹੌਲ ਵਿੱਚ ਬੈਠੇ ਹਾਂ ਕਿ we have not been putting accusation, ਇਹ 1000/- ਰੁਪਏ ਦਾ ਲਾਅ ਕਿਸ ਨੇ ਬਣਾਇਆ ਹੈ? ਸਾਲ 2003 ਵਿੱਚ ਇਨ੍ਹਾਂ ਦੀ ਗੌਰਮਿੰਟ ਨੇ ਬਣਾਇਆ ਹੈ। I agree, it is ridiculous. ਮੈਂ ਆਪਣੇ ਨਾਲ ਇਹ ਲੈ ਕੇ ਆਇਆ ਹਾਂ, ਜਿਸ ਵਿੱਚ 1000/- ਰੁਪਏ ਦੀ ਪੈਨਲਟੀ ਬਾਰੇ ਮੈਨਸ਼ਨ ਕੀਤਾ ਹੋਇਆ ਹੈ। It is ridiculous. ਹੁਣ ਅਸੀਂ ਕੀ ਕਰ ਰਹੇ ਹਾਂ....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਗੁਰਚਰਨ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਸਰਦਾਰ ਜੀ, ਜਦੋਂ ਤੁਹਾਡਾ ਕੁਐਸਚਨ ਆਵੇਗਾ, ਮੈਂ ਆਪ ਹੀ ਅਲਾਓ ਕਰ ਦੇਵਾਂਗਾ।

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਸਪਲੀਮੈਂਟਰੀ ਦਾ ਵੀ ਨਾਲ ਹੀ ਜਵਾਬ ਦੇਣ ਲੱਗਿਆ ਹਾਂ।

ਮਾਨਯੋਗ ਸਪੀਕਰ : ਇਕ ਮਿੰਟ ਇਨ੍ਹਾਂ ਨੂੰ ਵੀ ਸੁਣ ਲਈਏ।

ਮੰਤਰੀ : ਸਪੀਕਰ ਸਾਹਿਬ, ਮੈਂ ਬੀਬੀ ਜੀ ਦੀ ਸਪਲੀਮੈਂਟਰੀ ਦਾ ਜਵਾਬ ਦੇ ਰਿਹਾ ਹਾਂ।

Mr. Speaker : Please sit down. ਗੁਰਚਰਨ ਸਿੰਘ ਜੀ, ਬੈਠ ਜਾਓ।

ਮੰਤਰੀ : ਜਿਹੜਾ ਜਵਾਬ ਮੈਂ ਦੇਣ ਲੱਗਿਆ ਹਾਂ, ਉਹ ਇਨ੍ਹਾਂ ਦੀ ਸਪਲੀਮੈਂਟਰੀ ਨਾਲ ਵੀ ਰਿਲੇਟਿਡ ਹੈ। I strongly feel and I am certain that ਤੁਸੀਂ ਵੀ ਇਹੀ ਚੀਜ਼ ਫੀਲ ਕਰਦੇ ਹੋ, ਅਸੀਂ ਇਸ ਕੰਪਲੇਂਟ ਨੂੰ ਫੂਡ ਕਮਿਸ਼ਨ ਨੂੰ ਜੋ ਕਿ ਇਕ ਆਟੋਨਮਸ ਬਾਡੀ ਹੈ, ਉਸ ਨੂੰ ਭੇਜ ਰਹੇ ਹਾਂ। ਉਥੋਂ ਐਕਸ਼ਨ ਲਿਆ ਜਾਵੇ, ਇਸ ਤੇ ਸੀਰੀਅਸ ਐਕਸ਼ਨ ਹੋਵੇ, not thousand Rupees. The independent autonomous body will look into all the complaints of all depot holders. ਜਿਹੜਾ ਇਨ੍ਹਾਂ ਦਾ ਕਹਿਣਾ ਹੈ ਕਿ ਅਜਿਹਾ ਹੋ ਗਿਆ ਹੈ, ਇਸ ਬਾਰੇ ਅਸੀਂ ਵਿਧਾਨ ਸਭਾ ਵਿੱਚ ਪਰਾਪਰ ਬਿਲ ਕਰਾਵਾਂਗੇ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਸਪਲੀਮੈਂਟਰੀ। ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਨੇ ਗਰੀਬਮਾਰ ਕੀਤੀ ਹੈ, ਉਨ੍ਹਾਂ ਤੇ 1000/- ਰੁਪਏ ਦੀ ਪੈਨਲਟੀ ਪਾ ਦਿੱਤੀ ਪਰ ਜਿਹੜੇ ਗਰੀਬਾਂ ਦਾ ਰਾਸ਼ਨ ਖਾਧਾ ਗਿਆ, ਉਨ੍ਹਾਂ ਗਰੀਬਾਂ ਦਾ ਘਾਟਾ ਤੁਸੀਂ ਕਦੋਂ ਤੇ ਕਿਵੇਂ ਪੂਰਾ ਕਰੋਗੇ?

ਮੰਤਰੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜੀ ਵੈਰੀਫਿਕੇਸ਼ਨ ਹੋ ਰਹੀ ਹੈ, ਜਿਹੜਾ ਬੀਬੀ ਜੀ ਨੇ ਕੁਐਸਚਨ ਪੁੱਛਿਆ ਹੈ, ਇਸ ਦੇ ਨਾਲ ਹੀ ਮੈਨੂੰ ਹੋਰ ਵਿਸਥਾਰ ਵਿੱਚ ਹਾਊਸ ਨੂੰ ਦੱਸਣ ਦਾ ਮੌਕਾ ਮਿਲ ਗਿਆ ਹੈ। May be, the House will feel happy about it that Punjab is the state that ਇੱਥੇ ਜਿੰਨੇ ਬੈਨੀਫਿਸ਼ਰੀਜ਼ ਹਨ, ਉਨ੍ਹਾਂ ਬਾਰੇ ਇਨਫਰਮੇਸ਼ਨ

ਕੰਪਿਊਟ੍ਰਾਈਜ਼ ਕਰਕੇ ਪਬਲਿਕ ਡੋਮੇਨ ਵਿੱਚ ਪਾਉਣ ਲੱਗੇ ਹਾਂ ਤਾਂ ਕਿ ਹਰ ਕੋਈ ਦੇਖ ਸਕੇ ਕਿ ਇਸ ਵਿੱਚ ਕਿਹੜੇ ਕਿਹੜੇ ਬੈਨੀਫਿਸ਼ਰੀਜ਼ ਹਨ। ਹਰੇਕ ਦਾ ਬਕਾਇਦਾ ਐਡਰੈਸ, ਯੂਨੀਕ ਨੰਬਰ ਮੈਨਸ਼ਨ ਹੋਵੇਗਾ। ਅਸੀਂ ਹੁਣ ਤੱਕ ਲਗਭਗ 50 ਲੱਖ ਬੈਨੀਫਿਸ਼ਰੀਜ਼ ਨੂੰ ਟੈਗ ਕਰਕੇ ਇਸ ਵਿੱਚ ਚੜ੍ਹਾ ਚੁੱਕੇ ਹਾਂ। ਜੋ ਇਹ ਕਹਿ ਰਹੇ ਹਨ ਕਿ ਫਲਾਣਾ ਰਹਿ ਗਿਆ ਜਾਂ ਕੋਈ ਹੋਰ ਰਹਿ ਗਿਆ, ਇਸ ਦੇ ਹੱਲ ਵਾਸਤੇ ਇਹ ਸਿਸਟਮ ਇਕੱਠਾ ਬਣ ਕੇ ਆ ਰਿਹਾ ਹੈ। ਇਹ ਇੰਨੀ ਵੱਡੀ ਐਕਸਰਸਾਈਜ਼ ਹੈ, ਪਹਿਲਾਂ ਬੀ.ਪੀ.ਐਲ. ਵਿੱਚ ਕਿੰਨੇ ਬੈਨੀਫਿਸ਼ਰੀਜ਼ ਹੁੰਦੇ ਸਨ? ਪਹਿਲਾਂ ਚਾਰ ਜਾਂ ਸਾਢੇ ਚਾਰ ਲੱਖ ਫੈਮਿਲੀਜ਼ ਇਸ ਵਿੱਚ ਹੁੰਦੀਆਂ ਸਨ ਪਰੰਤੂ ਹੁਣ ਜਿਵੇਂ ਮੈਂ ਪਹਿਲਾਂ ਵੀ ਦੱਸਿਆ ਹੈ ਕਿ 31 ਲੱਖ ਫੈਮਿਲੀਜ਼ ਇਸ ਵਿੱਚ ਆਉਂਦੀਆਂ ਹਨ। The workload has increased almost eight times. ਜਿਹੜੇ ਗਰੀਬ ਲੋੜਵੰਦ ਭੈਣ-ਭਰਾ ਹਨ, ਗਰੀਬੀ ਰੇਖਾ ਤੋਂ ਥੱਲੇ ਹਨ, ਉਨ੍ਹਾਂ ਦੀ ਤਕਲੀਫ਼ ਨੂੰ ਮੁੱਖ ਰੱਖਦਿਆਂ ਹੋਇਆਂ ਗਿਣਤੀ ਸਾਢੇ ਚਾਰ ਲੱਖ ਤੋਂ 31 ਲੱਖ ਦੇ ਕਰੀਬ ਪਹੁੰਚ ਗਈ ਹੈ ਅਤੇ ਅਸੀਂ ਇਨ੍ਹਾਂ 31 ਲੱਖ ਬੈਨੀਫਿਸ਼ਰੀਜ਼ ਨੂੰ ਇਸ ਸਹੂਲਤ ਦਾ ਸੁੱਖ ਦੇ ਰਹੇ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਸਪਲੀਮੈਂਟਰੀ ਵਾਸਤੇ ਆਪਣੀ ਸੀਟ ਤੇ ਖੜ੍ਹੇ ਸਨ।)

ਮੰਤਰੀ : ਚੰਨੀ ਸਾਹਿਬ, ਸਿਰਫ਼ ਦੋ ਮਿੰਟ ਦੀ ਗੱਲ ਹੈ।

ਮਾਨਯੋਗ ਸਪੀਕਰ : ਚੰਨੀ ਸਾਹਿਬ, ਬੈਠ ਜਾਓ।

ਮੰਤਰੀ : ਮੈਂ ਅੱਜ ਸੋਚ ਕੇ ਆਇਆ ਹਾਂ ਕਿ ਹਾਊਸ ਵਿੱਚ ਆਪਣਾ ਪੂਰਾ ਟਾਈਮ ਦੇਣਾ ਹੈ। ਇਸ ਲਿਸਟ ਵਿੱਚ 50 ਲੱਖ ਨਾਂ ਆਲਰੇਡੀ ਚੜ੍ਹ ਚੁੱਕੇ ਹਨ ਅਤੇ we are the first State in India to have done this and all those names, ਇਹ ਸਾਰੇ ਨਾਂ ਪਬਲਿਕ ਡੋਮੇਨ ਵਿੱਚ ਰੱਖੇ ਜਾ ਰਹੇ ਹਨ। ਮੈਂ ਆਪ ਸਰਕਾਰੀਆ ਜੀ ਨਾਲ ਬੈਠ ਕੇ ਕਿਸੇ ਅਜਿਹੇ ਇਲਾਕੇ ਨਾਲ ਜੁੜ ਕੇ ਖੁਦ ਦੇਖਣਾ ਚਾਹੁੰਦਾ ਹਾਂ ਕਿ ਲੋਕਾਂ ਦੀਆਂ ਕੀ ਕੰਪਲੇਂਟਸ ਹਨ ਅਤੇ ਇਨ੍ਹਾਂ ਵਾਸਤੇ ਕੀ ਠੀਕ ਕੀਤਾ ਜਾ ਸਕਦਾ ਹੈ? ਉਨ੍ਹਾਂ ਕੰਪਲੇਂਟਸ ਨੂੰ ਨਾਲ ਦੀ ਨਾਲ ਠੀਕ ਕਰਵਾ ਕੇ I hope to totally satisfy him. ਜੇਕਰ ਬੀਬੀ ਜੀ ਕਹਿਣਗੇ ਤਾਂ ਮੈਂ ਇਨ੍ਹਾਂ ਦੇ ਇਲਾਕੇ ਦਾ ਵੀ ਨਾਲ ਹੀ ਚੈਕ ਕਰਵਾ ਦੇਵਾਂਗਾ ਅਤੇ ਜੇਕਰ ਕੋਈ ਫੇਰ ਵੀ ਰਹਿ ਗਿਆ ਤਾਂ ਵੀ ਦੇਖ ਲਵਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ:1889**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਪੰਜਾਬ ਪ੍ਰਗਤੀਸ਼ੀਲ ਸੰਮੇਲਨ 2013 ਸਬੰਧੀ

*1762. **ਸਰਦਾਰ ਰਣਦੀਪ ਸਿੰਘ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਪ੍ਰਗਤੀਸ਼ੀਲ ਸੰਮੇਲਨ, 2013 ਵਿਚ ਦਸਤਖਤ ਕੀਤੇ ਗਏ ਅਸਲ ਸਹਿਮਤੀ-ਪੱਤਰਾਂ (MOUs) ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਐਮ.ਓ.ਯੂਜ਼ ਤਹਿਤ ਉਦਮੀਆਂ ਦੁਆਰਾ ਰਾਜ ਵਿਚ ਕੁੱਲ ਕਿੰਨਾ ਨਿਵੇਸ਼ ਕੀਤਾ ਗਿਆ;

(ਅ) ਰਾਜ ਵਿਚ ਪੰਜਾਬ ਪ੍ਰਗਤੀਸ਼ੀਲ ਸੰਮੇਲਨ, 2013 ਆਯੋਜਿਤ ਕਰਨ ਤੇ ਸਰਕਾਰ ਦੁਆਰਾ ਕੁੱਲ ਕਿੰਨਾ ਖਰਚ ਕੀਤਾ ਗਿਆ;

(ੲ) ਉਕਤ ਸਮਾਗਮ ਵਿਚ ਭਾਗ ਲੈਣ ਵਾਲੇ ਸਰਕਾਰੀ ਮਹਿਮਾਨਾਂ ਦੀ ਰਿਹਾਇਸ਼, ਖਾਣ-ਪੀਣ ਅਤੇ ਟਰਾਂਸਪੋਰਟ ਉੱਤੇ ਕਿੰਨਾ ਖਰਚ ਹੋਇਆ ਅਤੇ ਹਰ ਇਕ ਕੇਸ ਵਿਚ ਕਿੰਨੇ ਸਮੇਂ ਲਈ ਇਨ੍ਹਾਂ ਵਿਅਕਤੀਆਂ ਨੂੰ ਸਰਕਾਰੀ ਮਹਿਮਾਨ ਵਜੋਂ ਨਿਵਾਜਿਆ ਗਿਆ ਸੀ?

ਸ਼੍ਰੀ ਮਦਨ ਮੋਹਨ ਮਿੱਤਲ : (ੳ) ਰਾਜ ਵਿਚ ਆਯੋਜਿਤ ਕੀਤੇ ਗਏ ਪੰਜਾਬ ਪ੍ਰਗਤੀਸ਼ੀਲ ਸੰਮੇਲਨ, 2013 ਦੇ ਦੌਰਾਨ ਕੁੱਲ 128 ਸਮਝੌਤਾ ਪੱਤਰ (ਐਮ.ਓ.ਯੂਜ਼) ਤੇ ਹਸਤਾਖਰ ਕੀਤੇ ਗਏ ਸਨ ਅਤੇ ਇਨ੍ਹਾਂ ਵਿਚ ਕੁੱਲ 66,936.20 ਕਰੋੜ ਰੁਪਏ ਦੀ ਰਕਮ ਦਾ ਅਨੁਮਾਨਿਤ ਨਿਵੇਸ਼ ਸ਼ਾਮਿਲ ਹੈ। ਇਨ੍ਹਾਂ ਐਮ.ਓ.ਯੂਜ਼ ਵਿਚੋਂ ਰਾਜ ਵਿਚ 71 ਪ੍ਰਾਜੈਕਟਸ ਸਥਾਪਿਤ ਹੋਣ ਲਈ ਪ੍ਰਕਿਰਿਆ ਅਧੀਨ ਹਨ। ਇਨ੍ਹਾਂ ਪ੍ਰਾਜੈਕਟਸ ਨੂੰ ਸਥਾਪਿਤ ਕੀਤੇ ਜਾਣ ਨਾਲ ਆਖਰਕਾਰ ਰਾਜ ਵਿਚ ਲਗਭਗ 45,174.00 ਕਰੋੜ ਰੁਪਏ ਨਿਵੇਸ਼ ਹੋਣ ਦੀ

**For Starred Question No. 1889 and reply thereto, please see Appendix to this Debates.

ਸੰਭਾਵਨਾ ਹੈ।

(ਅ) ਰਾਜ ਵਿਚ ਪੰਜਾਬ ਪ੍ਰਗਤੀਸ਼ੀਲ ਸੰਮੇਲਨ, 2013 ਆਯੋਜਿਤ ਕਰਨ ਤੇ ਸਰਕਾਰ ਦੁਆਰਾ ਲਗਭਗ 2.49 ਕਰੋੜ ਰੁਪਏ ਦਾ ਖਰਚਾ ਕੀਤਾ ਗਿਆ।

(ੲ) ਉਕਤ ਸਮਾਗਮ ਵਿਚ ਭਾਗ ਲੈਣ ਵਾਲੇ ਸਰਕਾਰੀ ਮਹਿਮਾਨਾਂ ਦੀ ਰਿਹਾਇਸ਼, ਖਾਣ-ਪੀਣ ਅਤੇ ਟਰਾਂਸਪੋਰਟ ਉੱਤੇ ਲਗਭਗ 20.66 ਲੱਖ ਰੁਪਏ ਦਾ ਖਰਚਾ ਹੋਇਆ ਅਤੇ ਇਨ੍ਹਾਂ ਮਹਿਮਾਨਾਂ ਨੂੰ 2 ਦਿਨਾਂ ਲਈ ਸਰਕਾਰੀ ਮਹਿਮਾਨ ਵਜੋਂ ਨਿਵਾਜਿਆ ਗਿਆ ਸੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰਾ ਸਵਾਲ ਡੇਢ ਸਾਲ ਬਾਅਦ ਲਗਾਇਆ ਹੈ ਔਰ ਇਕੱਲਾ ਇਹੀ ਸਵਾਲ ਮੇਰਾ ਲੱਗਿਆ ਹੈ। ਤੁਸੀਂ ਮੈਨੂੰ ਟਾਈਮ ਜ਼ਰੂਰ ਦੇ ਦਿਉ ਤਾਂ ਕਿ ਜਿਹੜੇ ਵੀ ਮੇਰੇ ਮਨ ਵਿੱਚ ਇਸ ਪ੍ਰੋਗਰੈਸਿਵ ਸੁਮਿਟ, 2013 ਨੂੰ ਲੈ ਕੇ ਜ਼ਜ਼ਬਾਤ ਹਨ, ਉਹ ਮੈਂ ਪੇਸ਼ ਕਰ ਸਕਾਂ ਕਿਉਂਕਿ ਮੈਨੂੰ ਕੱਲ੍ਹ ਵੀ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਸ ਦਾ ਜਵਾਬ ਮੈਂ ਦਿਆਂਗਾ, ਮੈਂ ਘਬਰਾ ਗਿਆ ਸੀ ਕਿਉਂਕਿ ਸਾਡਾ ਰਿਸ਼ਤਾ-ਨਾਤਾ ਹੈ, ਪੰਜਾਬੀਆਂ ਦੀ ਕਿਤੇ ਨਾ ਕਿਤੇ ਸਾਂਝ ਹੁੰਦੀ ਹੈ, ਸਾਡੇ ਘਰ ਦੀ ਧੀ ਇਨ੍ਹਾਂ ਦੇ ਘਰੇ ਵਿਆਹੀ ਹੋਈ ਹੈ। ਇਨ੍ਹਾਂ ਨੂੰ ਅੱਜ ਕਾਂਗਰਸੀ ਮਾੜੇ ਲਗਦੇ ਹਨ, ਕਾਂਗਰਸੀਆਂ ਨੂੰ ਇਹ ਕੁੱਟ ਦਿੰਦੇ ਹਨ ਪਰ ਅਸੀਂ ਫਿਰ ਵੀ ਇਨ੍ਹਾਂ ਦੀ ਇੱਜ਼ਤ ਕਰਦੇ ਹਾਂ ਕਿਉਂਕਿ ਸਾਡੇ ਪੰਜਾਬ ਦੀ ਰਵਾਇਤ ਮੁਤਾਬਕ ਕੁੜੀ ਵਾਲੇ ਨੀਵੇਂ ਹੁੰਦੇ ਹਨ। ਲੇਕਿਨ ਚਲੋ, ਸਪੀਕਰ ਸਾਹਿਬ, ਇਕ ਬੜੇ ਪੁਰਾਣੇ ਰੈਵੋਲਿਊਸ਼ਨਰੀ ਆਥਰ ਨੇ ਜ਼ਿਕਰ ਕੀਤਾ ਸੀ, ਉਹ ਜ਼ਿਕਰ ਕਰਦੇ ਹਾਂ, Cynicism is that black card *de facto* vision which competius to see the world as it is instead of how exactly as it should be.

ਮਾਨਯੋਗ ਸਪੀਕਰ: ਸਪਲੀਮੈਂਟਰੀ ਕਰੋ ਜੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨ ਲੱਗਾ ਹਾਂ। ਸਪੀਕਰ ਸਾਹਿਬ, I congratulate the Hon'ble C.M. Sahib

and the Deputy C.M. Sahib for show-casing Punjab, that it is a good gesture. I hope this is implemented- it does and just remains to be a mere eye-wash for the people of Punjab because it should boost the economy of the State. ਸਪੀਕਰ ਸਾਹਿਬ, ਮੈਨੂੰ ਹੈਰਾਨੀ ਹੁੰਦੀ ਹੈ। ਆਹ, ਦੋ ਜਵਾਬ, ਪਿਛਲੇ ਸੈਸ਼ਨ ਵਿੱਚ ਇਸ ਬਾਰੇ ਮੇਰਾ 1311 ਨੰਬਰ ਸਵਾਲ ਲੱਗਿਆ ਸੀ। ਆਹ ਜਵਾਬ ਮੰਤਰੀ ਜੀ ਦਾ ਹੈ ਜਿਸ ਵਿੱਚ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਪੰਜਾਬ ਵਿੱਚ 3190 ਕਰੋੜ ਰੁਪਏ ਦੀ ਇਨਵੈਸਟਮੈਂਟ ਆਉਣ ਦੀ ਸੰਭਾਵਨਾ ਹੈ। ਅੱਜ ਮੈਨੂੰ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਐਮ.ਓ.ਯੂਜ਼ ਦੇ ਜ਼ਰੀਏ 45174 ਕਰੋੜ ਰੁਪਏ ਦੀ ਇਨਵੈਸਟਮੈਂਟ ਆਉਣ ਦੀ ਸੰਭਾਵਨਾ ਹੈ। ਹੁਣ ਮੈਨੂੰ ਤਾਂ ਇਹੀ ਸਮਝ ਨਹੀਂ ਆਉਂਦਾ ਕਿ ਇਨ੍ਹਾਂ ਵਿਚੋਂ ਕਿਹੜੀ ਗੱਲ ਸੱਚ ਹੈ। ਨੰਬਰ ਇੱਕ ਗੱਲ ਇਹ ਹੈ। ਸਪੀਕਰ ਸਾਹਿਬ, ਦੂਜੀ ਗੱਲ ਹੈ, ਜੋ ਕਿ ਮੇਰਾ ਸਪੈਸੇਫਿਕ ਪ੍ਰਸ਼ਨ ਹੈ, ਮੇਨ ਸਪਲੀਮੈਂਟਰੀ ਹੈ ਕਿ ਮੈਂ ਮੰਤਰੀ ਸਾਹਿਬ ਦਾ ਬੜਾ ਸਤਿਕਾਰ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਤੁਸੀਂ ਪਹਿਲਾਂ ਵੀ ਦੋ ਵਾਰੀ ਇਥੋਂ ਹਾਊਸ ਵਿਚੋਂ ਟਾਈਮ ਲੈ ਕੇ ਚਲੇ ਗਏ ਸੀ। ਤੁਹਾਡਾ ਧੰਨਵਾਦ ਹੈ ਕਿ ਅੱਜ ਜਵਾਬ ਦੇ ਰਹੇ ਹੋ ਲੇਕਿਨ ਜਿਹੜਾ ਮੇਰਾ ਸਪੈਸੇਫਿਕ ਸਵਾਲ ਹੈ ਕਿ ਕੀ ਕੋਈ ਐਮ.ਓ.ਯੂਜ਼ ਐਸੇ ਹਨ ਜਿਹੜੇ ਫਿਕਟੀਸ਼ੀਅਸ ਤੌਰ ਤੇ ਸਾਈਨ ਕੀਤੇ ਗਏ ਹਨ? ਕਿਉਂਕਿ ਤੁਸੀਂ 71 ਪ੍ਰੋਜੈਕਟਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਬਾਰੇ ਤੁਹਾਡੇ ਜਵਾਬ ਵਿੱਚ ਆਇਆ ਹੈ ਕਿ ਇਹ ਪ੍ਰੋਸੈਸ ਵਿੱਚ ਹਨ ਜਿਨ੍ਹਾਂ ਅਧੀਨ 45174 ਕਰੋੜ ਰੁਪਏ ਦੀ ਇਨਵੈਸਟਮੈਂਟ ਆਉਣ ਦੀ ਸੰਭਾਵਨਾ ਹੈ।

ਮਾਨਯੋਗ ਸਪੀਕਰ : ਸਪਲੀਮੈਂਟਰੀ ਕਰੋ ਜੀ।

ਸਰਦਾਰ ਰਣਦੀਪ ਸਿੰਘ : ਮੈਨੂੰ ਉਮੀਦ ਹੈ ਕਿ ਤੁਹਾਡੇ ਕੋਲ ਸਾਰੇ ਐਮ.ਓ.ਯੂਜ਼ ਪਏ ਹੋਣਗੇ ਕਿਉਂਕਿ ਮੈਂ ਆਰ.ਟੀ.ਆਈ. ਦੀ ਇੰਨਫਰਮੇਸ਼ਨ ਤਹਿਤ 128 ਐਮ.ਓ.ਯੂਜ਼ ਇਥੇ ਰੱਖੀ ਬੈਠਾ ਹਾਂ। ਮੈਂ ਪਹਿਲਾਂ ਇਸ ਗੱਲ ਦਾ ਸਪੈਸੇਫਿਕ ਜਵਾਬ ਚਾਹੁੰਦਾ ਹਾਂ। ਤੁਹਾਨੂੰ ਇਸ ਦਾ ਜਵਾਬ ਇੱਥੇ ਦੇ ਦਿੰਦਾ ਹਾਂ ।ਮੈਂ ਇੰਨਾ ਕੁ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਇੰਨਾ ਕੁ ਦੱਸ ਦੇਣ ਕਿ ਕੀ ਕੋਈ ਫਿਕਟੀਸ਼ੀਅਸ ਐਮ.ਓ.ਯੂਜ਼ ਸਾਈਨ ਹੋਏ ਹਨ ਜਾਂ ਨਹੀਂ ਹੋਏ?

ਮਾਨਯੋਗ ਸਪੀਕਰ : ਹੋਏ ਹੀ ਨਹੀਂ ਹਨ। ਕੋਈ ਅਜਿਹੀ ਗੱਲ ਨਹੀਂ ਹੈ। How can he say?

ਸਰਦਾਰ ਰਣਦੀਪ ਸਿੰਘ : ਸਰ, ਮੈਂ ਤੁਹਾਡੇ ਸਾਹਮਣੇ ਇੱਕ ਐਮ.ਓ.ਯੂ ਪੇਸ਼ ਕਰਨ ਜਾ ਰਿਹਾ ਹਾਂ, ਜਿਹੜਾ ਕਿ ਦਵਿੰਦਰ ਸਿੰਘ ਗਰੇਵਾਲ ਦਾ ਹੈ। This MOU is signed for Pasta manufacturing unit which the Company states to be incorporated yet. This is one, No. 2 ਜਿਹੜਾ ਡਿਪਟੀ ਸੀ.ਐਮ. ਸਾਹਿਬ ਨੇ ਜ਼ਿਕਰ ਕੀਤਾ ਸੀ, ਬਹੁਤ ਪੇਪਰਾਂ ਵਿੱਚ ਵੀ ਇਸ ਦਾ ਜ਼ਿਕਰ ਕੀਤਾ ਗਿਆ ਸੀ, CTCI, Korean company ਹੈ, ਤੁਸੀਂ ਵੀ ਜ਼ਿਕਰ ਕੀਤਾ ਹੈ। This Memorandum of Understanding on page 3, para 4, gives date of effect. The MoU is coming into effect from the date it is signed by the authorized..

Mr.Speaker : How have you come to know that this is a fictitious document?

Sardar Randeep Singh: The authorized delegates have not signed, the MOU companies have not been incorporated. If this is not a farce, then what it is Speaker Sahib...

ਸ਼੍ਰੀ ਦੀਪ ਮਲੋਹਤਰਾ : ਸਪੀਕਰ ਸਾਹਿਬ, ਮੇਰੀ ਵੀ ਸਪਲੀਮੈਂਟਰੀ ਹੈ।

ਮਾਨਯੋਗ ਸਪੀਕਰ : ਪਹਿਲਾਂ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ, Minister will reply to the question first.

ਸਰਦਾਰ ਰਣਦੀਪ ਸਿੰਘ : ਸਰ, ਮੇਰੀ ਇਕ ਰਿਕੁਐਸਟ ਹੈ ਕਿਉਂਕਿ ਅਸੀਂ ਪੰਜਾਬ ਨੂੰ ਪਰਮੋਟ ਕਰ ਰਹੇ ਹਾਂ।

ਮਾਨਯੋਗ ਸਪੀਕਰ : ਤੁਸੀਂ ਚਾਹੁੰਦੇ ਕੀ ਹੋ? ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੇਰੀ ਸਪੈਸੀਫਿਕ ਸਪਲੀਮੈਂਟਰੀ ਹੈ। ਇਨ੍ਹਾਂ ਨੇ ਕਿਹਾ ਹੈ ਕਿ 71 ਪ੍ਰਾਜੈਕਟ ਆ ਰਹੇ ਹਨ। I have assumed that 71 ਪ੍ਰਾਜੈਕਟਾਂ ਦੇ ਐਮ.ਓ.ਯੂ. ਇਨ੍ਹਾਂ ਕੋਲ ਹੋਣਗੇ। ਪਹਿਲਾਂ ਇਨ੍ਹਾਂ ਨੇ ਕਿਹਾ ਕਿ 65 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਹੋਵੇਗੀ ਅਤੇ

[ਸਰਦਾਰ ਰਣਦੀਪ ਸਿੰਘ]

ਹੁਣ ਇਹ 45 ਹਜ਼ਾਰ ਕਰੋੜ ਰੁਪਏ ਤੇ ਆ ਗਏ। ਮੇਰੇ ਕੋਲ ਆਰ.ਟੀ.ਆਈ. ਦੇ ਰਾਹੀਂ ਇਨਫਾਰਮੇਸ਼ਨ ਹੈ ਕਿ ਸਾਨੂੰ ਇੰਡਸਟਰੀ ਬੰਦ ਹੋਣ ਕਾਰਨ 32 ਹਜ਼ਾਰ ਕਰੋੜ ਰੁਪਏ ਦਾ ਘਾਟਾ ਪਿਆ ਹੈ, ਜਿਸ ਵਿਚ 18,770 ਯੂਨਿਟ ਬੰਦ ਹੋਏ ਹਨ ਅਤੇ 4-5 ਲੱਖ ਲੋਕ ਬੇਰੁਜ਼ਗਾਰ ਹੋ ਗਏ।

ਮਾਨਯੋਗ ਸਪੀਕਰ : ਨਾਭਾ ਸਾਹਿਬ, ਤੁਸੀਂ ਤਾਂ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ, ਇਹ ਇਸ ਨਾਲ ਰਿਲੇਟ ਹੀ ਨਹੀਂ ਕਰਦਾ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਇਹ ਮੈਨੂੰ ਸਿਰਫ ਇੰਨਾ ਹੀ ਦੱਸ ਦੇਣ ਕਿ ਇਨ੍ਹਾਂ ਨੇ 71 ਪ੍ਰਾਜੈਕਟਾਂ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ 45 ਹਜ਼ਾਰ ਕਰੋੜ ਦੀ ਇਨਵੈਸਟਮੈਂਟ ਪੰਜਾਬ ਵਿਚ ਆ ਰਹੀ ਹੈ, ਇਹ ਕਿਹੜੇ ਕਿਹੜੇ ਪ੍ਰਾਜੈਕਟ ਹੋਣਗੇ ਅਤੇ ਇਹ ਕਿੰਨੀ ਗਰਾਊਂਡ ਰਿਐਲਟੀ ਹੈ?

ਮਾਨਯੋਗ ਸਪੀਕਰ : ਮੰਤਰੀ ਜੀ, ਇਨ੍ਹਾਂ ਨੂੰ ਦੱਸ ਦਿਉ, ਕਿਹੜੇ ਪ੍ਰਾਜੈਕਟ ਹਨ। ਇਨ੍ਹਾਂ ਨੂੰ ਲਿਸਟ ਦੇ ਦਿਉ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਡੇਢ ਸਾਲ ਹੋ ਗਿਆ ਹੈ।..(ਵਿਘਨ...ਸ਼ੋਰ)..

ਮਾਨਯੋਗ ਸਪੀਕਰ : ਹੁਣ ਮੰਤਰੀ ਜੀ ਤੁਹਾਨੂੰ ਜਵਾਬ ਦੇ ਰਹੇ ਹਨ, ਤੁਸੀਂ ਸੁਣ ਲਓ।

ਮੰਤਰੀ : ਸਪੀਕਰ ਸਾਹਿਬ, ਇਸ ਵਿਚ ਦੋ ਤਰ੍ਹਾਂ ਦੇ ਕੇਸਿਜ਼ ਹਨ, ਇਕ ਤਾਂ ਜਿਹੜੇ ਪ੍ਰਾਜੈਕਟ ਸਬਮਿਟ ਹੋ ਗਏ ਹਨ, ਉਨ੍ਹਾਂ ਦੀ ਅੱਗੇ ਕਾਰਵਾਈ ਸ਼ੁਰੂ ਹੋ ਗਈ ਹੈ ਅਤੇ ਦੂਜਾ 128 ਪ੍ਰਾਜੈਕਟ ਹਾਲੇ ਇਨੀਸ਼ੀਅਲ ਸਟੇਜ ਤੇ ਹਨ। ਇਨ੍ਹਾਂ ਦੇ ਕੋਈ ਐਗਰੀਮੈਂਟ ਨਹੀਂ ਹੋਏ। ਇਸ ਵਿਚ ਮੈਂ ਦੱਸ ਰਿਹਾ ਹਾਂ ਕਿ ਕਿਹੜੇ ਕਿਹੜੇ ਕੈਟਾਗਰੀਆਂ ਦੇ ਪ੍ਰਾਜੈਕਟ ਹਨ। ਇਸ ਵਿਚ ਹਾਊਸਿੰਗ ਦੇ 22, ਇੰਡਸਟਰੀਜ਼ ਦੇ 21, ਇਨਫਰਾਸਟਰੱਕਚਰ ਦੇ 12, ਐਗਰੋ ਐਂਡ ਫੂਡ ਪ੍ਰਾਸੈਸਿੰਗ ਦੇ 58, ਬਾਇਓ ਸਾਇੰਸ ਐਂਡ ਹੈਲਥ ਕੇਅਰ ਦੇ 6, ਸੋਲਰ ਪਾਵਰ ਦੇ 3, ਐਂਟਰਟੇਨਮੈਂਟ ਦੇ 2, ਮਲਟੀਪਲ ਦੇ 1 ਅਤੇ ਸਕਿੱਲ ਦੇ 3 ਪ੍ਰਾਜੈਕਟ ਹਨ। ਇਸ ਵਿਚ ਐਗਰੀ ਐਂਡ ਫੂਡ ਪ੍ਰਾਸੈਸਿੰਗ ਦੇ 25 ਪ੍ਰਾਜੈਕਟ ਹਨ।

ਮਾਨਯੋਗ ਸਪੀਕਰ : ਮੰਤਰੀ ਜੀ, ਇਨ੍ਹਾਂ ਨੂੰ ਲਿਸਟ ਦੇ ਦੇਣਾ।

ਮੰਤਰੀ : ਮੈਂ ਇਨ੍ਹਾਂ ਨੂੰ ਲਿਸਟ ਦੇ ਦਿੰਦਾ ਹਾਂ। I am not concealing

anything, I have got the detailed list.

ਸਰਦਾਰ ਰਣਦੀਪ ਸਿੰਘ: ਸਪੀਕਰ ਸਾਹਿਬ, ਦੂਜੀ ਸਪਲੀਮੈਂਟਰੀ ਜੀ।

ਮਾਨਯੋਗ ਸਪੀਕਰ : ਤੁਸੀਂ ਪਹਿਲੀ ਸਪਲੀਮੈਂਟਰੀ ਵੀ ਚੰਗੀ ਤਰ੍ਹਾਂ ਨਹੀਂ ਕੀਤੀ, ਹਾਂ ਜੀ ਦੱਸੋ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਹੁਣੇ ਜਵਾਬ ਵਿਚ ਜ਼ਿਕਰ ਕੀਤਾ ਹੈ ਕਿ ਇਨਫਰਾਸਟੱਰਕਚਰ ਨਾਲ ਸਬੰਧਿਤ 22 ਕੰਸਟਰੱਕਸ਼ਨ ਕੰਪਨੀਆਂ ਨਾਲ ਐਮ.ਓ.ਯੂ. ਸਾਈਨ ਕੀਤੇ ਹਨ। ਇਹ ਇਨਵੈਸਟਮੈਂਟ ਤਕਰੀਬਨ 35 ਹਜ਼ਾਰ ਕਰੋੜ ਰੁਪਏ ਦੀ ਹੈ ਪਰ ਸਰਕਾਰ ਕਹਿੰਦੀ ਹੈ ਕਿ 45 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਹੋਈ ਹੈ। ਮੇਰਾ ਸਵਾਲ ਇਹ ਹੈ ਕਿ what is the present status of Infosys, because Infosys ਦਾ ਜਿਹੜਾ ਐਮ.ਓ.ਯੂ. ਸਾਈਨ ਹੋਇਆ ਹੈ, ਇਸ ਵਿਚ 500 ਕਰੋੜ ਰੁਪਏ ਦੀ ਇਨਵੈਸਟਮੈਂਟ ਹੋਣੀ ਹੈ। ਡਿਪਟੀ ਸੀ.ਐਮ. ਸਾਹਿਬ ਇਸ ਦਾ ਨੀਂਹ ਪੱਥਰ ਵੀ ਰੱਖ ਕੇ ਆਏ ਹਨ। This MoU shall remain in force for a period of 2 years from the date of effect of signing. ਪਰ ਇਸ ਵਿਚ ਕੰਪਨੀ ਨੇ ਪ੍ਰੀ-ਕੰਡੀਸ਼ਨ ਰੱਖੀ ਹੈ ਕਿ ਇੰਟਰਨੈਸ਼ਨਲ ਏਅਰਪੋਰਟ, ਨੈਸ਼ਨਲ ਹਾਈਵੇਜ਼, all inclusive of fire station, telephone exchange, police stations, bus stations, canteens, banks etc.

ਮਾਨਯੋਗ ਸਪੀਕਰ: ਤੁਸੀਂ ਸਪੈਸੀਫਿਕ ਸਵਾਲ ਪੁੱਛੋ?

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛ ਰਿਹਾ ਹਾਂ ਕਿ what is the present status of Infosys, is it presently working or not?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਡਿਟੇਲ ਦੱਸ ਦਿੱਤੀ ਹੈ ਕਿ ਕਿੰਨੇ ਕੇਸ ਆਏ ਹਨ। ਮੈਂ ਇਹ ਵੀ ਦੱਸਣ ਨੂੰ ਤਿਆਰ ਹਾਂ ਕਿ ਬਿਓਰੋ ਰਾਹੀਂ ਕਿੰਨੇ ਆਏ ਹਨ ਔਰ ਗਮਾਡਾ ਦੇ ਤਹਿਤ ਕਿੰਨੇ ਆਏ ਹਨ। ਇਹ ਵੀ ਦੱਸ ਦਿੰਦਾ ਹਾਂ ਕਿ ਕਿੰਨੇ ਕੇਸ ਵੱਖ ਵੱਖ ਕਾਰਨਾਂ ਕਰਕੇ ਅਸੀਂ ਰਿਜੈਕਟ ਕੀਤੇ ਹਨ। ਅਸੀਂ 13

[ਸੰਸਦੀ ਮਾਮਲੇ ਮੰਤਰੀ]

ਕੇਸ ਰਿਜੈਕਟ ਕੀਤੇ ਹਨ। (ਵਿਘਨ..ਸ਼ੋਰ) ਮੈਂ ਤੁਹਾਨੂੰ ਲਿਸਟ ਵੀ ਦੇ ਦਿੰਦਾ ਹਾਂ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਅੱਜ ਪੂਰੀ ਡਿਟੇਲ ਨਾਲ ਰਿਸ਼ਤੇਦਾਰੀ ਦੱਸੀ ਹੈ, ਪਹਿਲਾਂ ਤਾਂ ਕਦੇ ਦੱਸੀ ਨਹੀਂ ..(ਹਾਸਾ).. ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ one of the most successful summit ਜੇਕਰ ਹੋਇਆ ਹੈ ਤਾਂ ਉਹ ਪੰਜਾਬ ਵਿਚ ਹੋਇਆ ਹੈ। (ਥੰਪਿੰਗ) ਇਸ ਦਾ ਸਕਸੈਸ ਰੇਟ ਕਿਸੇ ਰਾਜ ਦਾ 20 ਫੀਸਦੀ ਹੈ, ਕਿਸੇ ਦਾ 30 ਫੀਸਦੀ ਹੈ ਪਰ ਤੁਸੀਂ ਦੇਖੋ ਕਿ out of 68 thousand crores rupees approximately 45 thousand crore rupees is under implementation stage. ਮੈਂ ਤੁਹਾਨੂੰ ਹੋਰ ਦੱਸਦਾ ਹਾਂ ਕਿ ਉਥੇ ਕੰਪਨੀਆਂ ਨੂੰ ਇਨਵਾਈਟ ਕੀਤਾ ਜਾਂਦਾ ਹੈ। ਇਹ ਨਹੀਂ ਹੁੰਦਾ ਕਿ ਐਮ.ਓ.ਯੂ. ਕਰਨ ਤੋਂ ਪਹਿਲਾਂ ਕੰਪਨੀ ਰਜਿਸਟਰ ਹੋਣੀ ਚਾਹੀਦੀ ਹੈ। ਇੰਡਸਟਰੀਲਿਸਟ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਇਹ ਪ੍ਰਾਜੈਕਟ ਲਗਾਵਾਂਗਾ, ਇਸ ਤੋਂ ਬਾਅਦ ਐਮ.ਓ.ਯੂ. ਸਾਈਨ ਹੁੰਦਾ ਹੈ। He may build a new company for it, he may go for an old company, so there is no condition ਕਿ ਇਹ ਹੋਣਾ ਚਾਹੀਦਾ ਹੈ। ਮੈਂ ਤੁਹਾਨੂੰ ਹੋਰ ਵੀ ਦਸਾਂ ਕਿ We are again having a summit in October we have already given the date. ਦੂਜੀ ਗੱਲ ਮੈਂ ਤੁਹਾਨੂੰ ਦੱਸਣੀ ਚਾਹੁੰਦਾ ਹਾਂ ਕਿ ਤੁਸੀਂ ਇਨਫੋਸਿਸ ਦੀ ਗੱਲ ਕੀਤੀ ਹੈ। ਇਨਫੋਸਿਸ ਨੂੰ ਪਲਾਟ ਅਲਾਟ ਵੀ ਹੋ ਗਿਆ ਹੈ। They have paid more than hundred crores of rupees. The exact amount I don't know for the land. ਅਸੀਂ ਕੋਈ ਜ਼ਮੀਨ ਉਨ੍ਹਾਂ ਨੂੰ ਮੁਫਤ ਨਹੀਂ ਦਿੱਤੀ ਹੈ। ਸੌ-ਡੇਢ ਸੌ ਕਰੋੜ ਰੁਪਿਆ ਜਿਹੜਾ ਖਰਚ ਜਾਏ ਉਹ ਇਸ ਤਰ੍ਹਾਂ ਹੀ ਨਹੀਂ ਬੈਠਦਾ। What is the problem? Why is it being delayed? ਕਿਉਂਕਿ ਉਨ੍ਹਾਂ ਦੀ ਐਪਲੀਕੇਸ਼ਨ ਐਕਸਪੋਰਟ ਹਬ SEZ ਵਿੱਚ ਗਈ ਹੈ। ਪਿੱਛੇ ਜਿਹੇ ਟੀਮ ਵੀ ਆਈ ਹੈ। They said the construction plans are ready, they will be starting within next three, four or five months,. ਤੁਹਾਨੂੰ ਤਾਂ ਸਾਨੂੰ ਵਧਾਈ ਦੇਣੀ ਚਾਹੀਦੀ ਹੈ ਕਿ TCS person came, Mr. Deveshar. They are setting up in Kapurthala. ਰਾਣਾ ਸਾਹਿਬ ਦੇ ਇਲਾਕੇ ਵਿੱਚ, the biggest food processing park of the Country. They are planning to make it a World Class. He said that they will make that place

a world hub for export to any part of the world .ਇਕੱਲੇ ਇਹ ਹੀ ਨਹੀਂ ਹੈ। ਲਿਸਟ ਬਹੁਤ ਵੱਡੀ ਹੈ.Rather than dramatizing, you should congratulate us for that, because wherever the Summit is held in any State, the maximum success rate is in Punjab. *(Thumping)*

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਇੱਕ ਹੋਰ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਨਹੀਂ ਜੀ, ਦੋ ਸਪਲੀਮੈਂਟਰੀਜ਼ ਦੇ ਦਿੱਤੀਆਂ ਹਨ।

ਸੜਕ ਦੀ ਮੁਰੰਮਤ ਕਰਨਾ

***1871. ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਬਠਿੰਡਾ-ਮਾਨਸਾ ਰੋਡ ਤੇ ਰੇਲਵੇ ਅੰਡਰ ਬਰਿੱਜ ਤੋਂ ਜੱਸੀ ਪੌ ਵਾਲੀ ਚੌਂਕ ਤੱਕ ਸੜਕ ਦੀ ਪਹਿਲਾਂ ਰਿਪੇਅਰ ਕਦੋਂ ਕੀਤੀ ਗਈ ਸੀ ਅਤੇ ਹੁਣ ਦੁਬਾਰਾ ਕਦੋਂ ਤੋਂ ਡਿਊ ਹੈ;

(ਅ) ਕੀ ਭਾਗ (ੳ) ਵਿਚ ਵਰਣਿਤ ਸੜਕ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਜੇਕਰ ਹਾਂ ਤਾਂ ਕਦੋਂ ਤੱਕ?

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : (ੳ) ਬੀ.ਡੀ.ਏ., ਬਠਿੰਡਾ ਵੱਲੋਂ ਸਾਲ 2012 ਵਿੱਚ ਇੱਕ ਸੜਕ ਦੀ ਵਾਈਡਨਿੰਗ ਅਤੇ ਸਥਰੈਂਨਿੰਗ ਕੀਤੀ ਗਈ ਸੀ।

(ਅ) ਇਸ ਸੜਕ ਦੀ ਰਿਪੇਅਰ ਕਰਨ ਸਬੰਧੀ ਕੋਈ ਤਜਵੀਜ਼ ਬੀ.ਡੀ.ਏ, ਬਠਿੰਡਾ ਦੇ ਵਿਚਾਰ ਅਧੀਨ ਹੈ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਬਠਿੰਡਾ ਇੱਕ ਬਹੁਤ ਸੁੰਦਰ ਸ਼ਹਿਰ ਹੈ। ਅੱਧੇ ਕਿਲੋਮੀਟਰ ਦੇ ਕਰੀਬ ਜਿਹੜੀ ਇਹ ਸੜਕ ਪੈਂਦੀ ਹੈ, ਇਹ ਇਸ ਤਰ੍ਹਾਂ ਹੈ ਕਿ ਜਿਵੇਂ ਸਾਰੀ ਸੜਕ ਵਧੀਆ ਬਣਾ ਕੇ ਉਸ ਤੇ ਕਾਲਾ ਟਿੱਕਾ ਲਗਾ ਦੇਈਏ। ਇਹ ਉਸ ਤਰ੍ਹਾਂ ਹੈ। ਅਸਲ ਵਿੱਚ ਗੱਲ ਇਹ ਹੈ ਕਿ ਇਸ ਦੀ taking over and handing over problem between BDA and PWD ਹੈ। ਜਦੋਂ ਮੈਂ ਬੀ.ਡੀ.ਏ ਨੂੰ ਪਹੁੰਚ ਕੀਤੀ ਤਾਂ ਉਹ ਕਹਿੰਦੇ ਕਿ ਅਸੀਂ ਪੀ.ਡਬਲਿਊ.ਡੀ ਨੂੰ ਦੇ ਰਹੇ ਹਾਂ। ਜਦੋਂ ਪੀ.ਡਬਲਿਊ.ਡੀ ਨੂੰ ਪਹੁੰਚ ਕੀਤੀ ਤਾਂ ਉਹ ਕਹਿੰਦੇ ਕਿ ਅਸੀਂ ਇਸ ਨੂੰ ਲੈਣ ਵਾਸਤੇ ਤਿਆਰ ਨਹੀਂ ਹਾਂ।

Mr. Speaker : Please, put your supplementary.

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਇਹ ਕਦੋਂ ਤੱਕ ਡਿਪਾਰਟਮੈਂਟਸ ਦਾ ਡਿਸਪਿਊਟ ਖਤਮ ਕਰਕੇ ਇਸ ਨੂੰ ਬਣਾਇਆ ਜਾਵੇਗਾ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਦੋ ਗੱਲਾਂ ਕੀਤੀਆਂ ਸੀ। ਇੱਕ ਤਾਂ ਅਸੀਂ BDA ਦੀ ਇਨਕੁਆਰੀ ਲਗਾ ਦਿੱਤੀ, regarding quality of the work, we will take strong action and secondly this road will be repaired immediately by the PWD.

STARRED QUESTIONS AND ANSWERS

Mr. Speaker : Now, we will be taking up the regular list of questions.

ਸੜਕ ਦੇ ਕੰਢੇ ਖੜ੍ਹੇ ਸੁੱਕੇ ਦਰੱਖਤਾਂ ਨੂੰ ਕੱਟਣਾ

***1927. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸੜਕਾਂ ਦੇ ਕੰਢਿਆਂ ਉੱਤੇ ਖੜ੍ਹੇ ਸੁੱਕੇ ਦਰੱਖਤਾਂ ਨੂੰ ਕੱਟਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

ਸ਼੍ਰੀ ਚੁਨੀ ਲਾਲ ਭਗਤ : ਹਾਂ ਜੀ, ਰਾਜ ਵਿਚ ਸੜਕਾਂ ਦੇ ਕੰਢਿਆਂ ਉੱਤੇ ਖੜ੍ਹੇ ਸੁੱਕੇ ਦਰੱਖਤਾਂ ਨੂੰ ਵਣ ਵਿਭਾਗ ਵਲੋਂ ਰੁਟੀਨ ਵਿਚ ਸਮੇਂ-ਸਮੇਂ ਤੇ ਕਟਵਾਇਆ ਜਾਂਦਾ ਹੈ।

ਸਰਦਾਰ ਮਹੇਸ਼ਇੰਦਰ ਸਿੰਘ : ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਗੁਜ਼ਾਰਿਸ਼ ਹੈ ਕਿ ਮੇਰਾ ਰਸਤਾ ਹੈ...

ਮਾਨਯੋਗ ਸਪੀਕਰ : ਗੁਜ਼ਾਰਿਸ਼ ਨਹੀਂ, ਸਪਲੀਮੈਂਟਰੀ ਪੁੱਛੋ।

ਸਰਦਾਰ ਮਹੇਸ਼ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਦਾ ਹਾਂ ਕਿ ਕੋਈ ਤਰੀਕਾ ਤਾਂ ਹੋਵੇਗਾ, ਕੰਮ ਕਰਨ ਦਾ, ** ** ਮੇਰੀ ਤੁਹਾਡੇ

**Expunged as ordered by the Chair.

ਰਾਹੀਂ ਗੁਜ਼ਾਰਿਸ਼ ਹੈ ਇਹ ਹੈ ਕਿ ਸੁੱਕੇ ਦਰਖਤ ਨਹੀਂ ਕੱਟੇ ਗਏ। ਦੱਸਣ ਤੋਂ ਭਾਵ ਇਹ ਸੀ ਕਿ ਜ਼ਿਲ੍ਹਾ ਰੋਪੜ, ਸੰਗਰੂਰ, ਮੋਗਾ, ਬਰਨਾਲਾ, ਲੁਧਿਆਣਾ ਜ਼ਿਲ੍ਹਿਆਂ ਵਿੱਚ ਨਹੀਂ ਕੱਟੇ ਗਏ। ਮੇਰੇ ਹਲਕੇ ਵਿੱਚ ਕਈ ਕੈਜ਼ੁਐਲਿਟੀਜ਼ ਹੋਈਆਂ ਹਨ। ਮੇਰਾ ਮਾਮੂਲੀ ਸਵਾਲ ਹੈ। ਮੈਂ ਪੁੱਛਣਾ ਵੀ ਕੁਝ ਨਹੀਂ ਹੈ, ਮੈਂ ਆਪ ਹੀ ਦਫਤਰ ਜਾ ਕੇ ਪੁੱਛ ਲਵਾਂਗਾ । ਮੇਰੀ ਬੇਨਤੀ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇੰਨੀ ਹੀ ਹੈ ਕਿ ਜਿਹੜੇ ਦਰਖਤ ਨਹੀਂ ਪੁੱਟੇ ਗਏ, ਉਨ੍ਹਾਂ ਨੂੰ ਪੁਟਵਾ ਦਿਓ। ਧੰਨਵਾਦ ਜੀ।

ਮੰਤਰੀ : ਪੁਟਵਾ ਦਿਆਂਗੇ ਜੀ ..(ਹਾਸਾ)..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ, ਜੋ ਕਿ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਬੜੇ ਇੰਪਾਰਟੈਂਟ ਕੁਐਸਚਨ ਹੋਣ ਵਾਲੇ ਹਨ। Please sit down.

ਪਿੰਡ ਚੱਕ ਭਾਈਕਾ ਦੇ ਡਿਪੂ ਹੋਲਡਰ ਦੀ ਪੜਤਾਲ

***2008. ਸਰਦਾਰ ਗੁਰਚਰਨ ਸਿੰਘ :** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਏਕੋਟ ਦੇ ਪਿੰਡ ਚੱਕਭਾਈਕਾ ਵਿੱਚ ਵਿਜੀਲੈਂਸ ਮਹਿਕਮੇ ਵਲੋਂ ਡਿਪੂ ਹੋਲਡਰ ਦੇ ਕੰਮ-ਕਾਜ ਦੀ ਕੋਈ ਜਾਂਚ ਪੜਤਾਲ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਸਰਕਾਰ ਵੱਲੋਂ ਇਸ ਉਪਰ ਕੀ ਕਾਰਵਾਈ ਕੀਤੀ ਗਈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ: ਜੀ ਹਾਂ, ਇਸ ਵਿਭਾਗ ਨੂੰ ਹਲਕਾ ਰਾਏਕੋਟ ਦੇ ਪਿੰਡ ਚੱਕਭਾਈਕਾ ਵਿੱਚ ਡਿਪੂ ਹੋਲਡਰ ਦੇ ਕੰਮ-ਕਾਜ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਦੀ ਕਾਪੀ ਸ਼ਿਕਾਇਤ ਕਰਤਾ ਵੱਲੋਂ ਵਿਜੀਲੈਂਸ ਵਿਭਾਗ ਨੂੰ ਵੀ ਭੇਜੀ ਗਈ ਸੀ। ਵਿਜੀਲੈਂਸ ਵਿਭਾਗ ਵੱਲੋਂ ਇਸ ਕੇਸ ਵਿੱਚ ਕੀਤੀ ਪੜਤਾਲ ਸਬੰਧੀ ਇਸ ਵਿਭਾਗ ਨੂੰ ਅੰਤਿਮ ਰਿਪੋਰਟ ਪ੍ਰਾਪਤ ਨਹੀਂ ਹੋਈ, ਪ੍ਰੰਤੂ ਇਸ ਵਿਭਾਗ ਪਾਸ ਪ੍ਰਾਪਤ ਹੋਈ ਸ਼ਿਕਾਇਤ ਸਬੰਧੀ ਨਿਰਧਾਰਿਤ ਕਾਰਜ ਵਿਧੀ ਅਪਣਾਉਂਦੇ ਹੋਏ, ਡਿਪੂ ਹੋਲਡਰ ਸ਼੍ਰੀ ਬਲਵਿੰਦਰ ਸਿੰਘ ਨੂੰ ਜਾਰੀ ਪੀ.ਡੀ.ਐਸ ਲਸੰਸ ਨੰਬਰ 620 ਕੈਂਸਲ ਕਰ ਦਿੱਤਾ ਗਿਆ ਹੈ।

ਸਰਦਾਰ ਗੁਰਚਰਨ ਸਿੰਘ : ਮੇਰੇ ਹਲਕੇ ਦਾ ਪਿੰਡ ਚੱਕਭਾਈਕਾ ਹੈ। ਉਥੇ ਇੱਕ ਡਿਪੂ ਹੋਲਡਰ 50 ਕੁਇੰਟਲ ਕਣਕ ਵੇਚਦਾ ਫੜਿਆ ਗਿਆ .....।

ਮੰਤਰੀ : ਸਪੀਕਰ ਸਾਹਿਬ, ਇਹ ਜਿਸ ਡਿਪੂ ਦੀ ਗੱਲ ਕਰ ਰਹੇ ਹਨ, ਇਹ ਚੱਕਭਾਈਕਾ ਵਿੱਚ ਹੈ। ਇਸ ਵਿਰੁੱਧ ਕੰਪਲੇਂਟ ਆਈ ਸੀ। ਜਿਸ ਕਾਰਨ ਇਸ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਸਸਪੈਂਡ ਹੋਏ ਨੂੰ ਵੀ 4-5 ਮਹੀਨੇ ਹੋ ਗਏ ਅਤੇ ਇਹ ਉਦੋਂ ਤੋਂ ਸਸਪੈਂਡ ਹੀ ਹੈ। ਇਸ ਦੀ ਇਨਕੁਆਰੀ ਚੱਲ ਰਹੀ ਹੈ। ਉਸ ਨੂੰ ਮਾਲ ਨਹੀਂ ਭੇਜਿਆ ਜਾ ਰਿਹਾ।

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਇਹ ਚਾਰ-ਪੰਜ ਮਹੀਨੇ ਪੁਰਾਣੀ ਗੱਲ ਹੈ। ਦੋ ਮਹੀਨੇ ਪਹਿਲਾਂ ਵਿਜੀਲੈਂਸ ਦੀ ਇਨਕੁਆਰੀ ਹੋਈ ਹੈ। ਉਹ 50 ਕੁਇੰਟਲ ਕਣਕ ਵੇਚਦਾ ਮੌਕੇ ਤੇ ਫੜਿਆ ਗਿਆ ਹੈ। ਪਿੰਡ ਵਾਲਿਆਂ ਨੇ ਉਸ ਨੂੰ ਮੌਕੇ ਤੇ ਫੜ ਲਿਆ ਸੀ। ਸਿਰਫ ਉਸ ਦਾ ਡਿਪੂ ਹੀ ਕੈਂਸਲ ਕੀਤਾ ਹੈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਸਬੰਧਿਤ ਮਹਿਕਮੇ ਦੇ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਵੇਗੀ?

ਮੰਤਰੀ : ਤੁਸੀਂ ਕੀ ਚਾਹੁੰਦੇ ਹੋ? ਉਹ ਤਾਂ ਸਸਪੈਂਡ ਹੋ ਗਿਆ ਹੈ। ਤੁਸੀਂ ਮੁਲਾਜ਼ਮਾਂ ਦੇ ਵਿਰੁੱਧ ਇਨਕੁਆਰੀ ਕਰਨ ਲਈ ਕਹਿ ਰਹੇ ਹੋ?

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਮੌਕੇ ਤੇ 50 ਕੁਇੰਟਲ ਕਣਕ ਫੜੀ ਗਈ ਹੈ। ਪਿੰਡ ਵਾਲਿਆਂ ਨੇ ਉਸ ਨੂੰ ਫੜ ਲਿਆ। ਦੋ ਮਹੀਨੇ ਬਾਅਦ ਬੜੀ ਮੁਸ਼ਕਲ ਨਾਲ ਵਿਜੀਲੈਂਸ ਦੀ ਇਨਕੁਆਰੀ ਕਰਵਾਈ ਹੈ। ਡਿਪੂ ਨੂੰ ਕੈਂਸਲ ਕਰਨ ਤੋਂ ਇਲਾਵਾ ਹੋਰ ਕੀ ਕਾਰਵਾਈ ਹੋਈ ਹੈ? ਸਬੰਧਿਤ ਮਹਿਕਮੇ ਦੇ ਅਧਿਕਾਰੀਆਂ ਖਿਲਾਫ ਕੀ ਕਾਰਵਾਈ ਕੀਤੀ ਜਾਵੇਗੀ?

ਮੰਤਰੀ : ਜਦੋਂ ਕੰਪਲੇਂਟ ਫਾਈਲ ਕੀਤੀ ਗਈ ਸੀ। ਉਨ੍ਹਾਂ ਨੇ ਵਿਜੀਲੈਂਸ ਨੂੰ ਕੰਪਲੇਂਟ ਫਾਈਲ ਕੀਤੀ ਸੀ। ਅਸੀਂ ਵੇਖਦੇ ਸੀ ਕਿ ਵਿਜੀਲੈਂਸ ਦੀ ਇਨਕੁਆਰੀ ਨੰਬਰ 7 ਚੱਲ ਰਹੀ ਹੈ। ਅਸੀਂ ਵੀ ਕਿਹਾ ਸੀ ਕਿ ਜੋ ਰਿਪੋਰਟ ਆਵੇਗੀ, ਅਸੀਂ ਇੰਪਲੀਮੈਂਟ ਕਰ ਦਿਆਂਗੇ।

ਮਾਨਯੋਗ ਸਪੀਕਰ : ਧੰਨਵਾਦ। ਅਗਲਾ ਸਵਾਲ।

ਸਰਦਾਰ ਗੁਰਚਰਨ ਸਿੰਘ : ਮੰਤਰੀ ਸਾਹਿਬ, ਹਾਲੇ ਤੱਕ ਰਿਪੋਰਟ ਨਹੀਂ ਆਈ, ਚਾਰ-ਪੰਜ ਮਹੀਨੇ ਹੋ ਗਏ ਹਨ।

ਮੰਤਰੀ : ਮੈਂ ਪੰਜਾਬ ਵਿਜੀਲੈਂਸ ਨੂੰ ਕਹਿ ਦਿੰਦਾ ਹਾਂ ਕਿ ਜਲਦੀ ਰਿਪੋਰਟ ਕਰ ਦੇਣ। ਸਾਡੇ ਡਿਪਾਰਟਮੈਂਟ ਵੱਲੋਂ ਉਸ ਨੂੰ ਸ਼ੋਅ-ਕਾਜ਼ ਨੋਟਿਸ ਗਿਆ ਹੋਇਆ ਹੈ ਅਤੇ ਪੁਲਿਸ ਇਨਕੁਆਰੀ ਹੋ ਰਹੀ ਹੈ, ਰਿਪੋਰਟ ਦੀ ਵੇਟ ਕਰ ਰਹੇ ਹਾਂ।

ਵਿਧਾਇਕਾਂ/ ਸਾਬਕਾ ਵਿਧਾਇਕਾਂ ਦੇ ਮੈਡੀਕਲ ਬਿੱਲਾਂ ਦੀ ਪ੍ਰਤੀਪੂਰਤੀ ਕਰਨਾ

***1880. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਵੱਲੋਂ ਪ੍ਰਾਈਵੇਟ ਤੌਰ ਤੇ ਕਰਵਾਏ ਗਏ ਇਲਾਜ ਦੇ ਬਿਲਾਂ ਦੀ ਪ੍ਰਤੀ ਪੂਰਤੀ ਸਮੇਂ ਬਹੁਤ ਜ਼ਿਆਦਾ ਕਟੌਤੀ ਕਰ ਦਿੱਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਣ ਹਨ ਅਤੇ ਇਸ ਸਬੰਧੀ ਪੂਰੀ ਪ੍ਰਤੀ-ਪੂਰਤੀ ਕਰਨ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ,

(1) ਨਹੀਂ ਜੀ, ਸਿਹਤ ਵਿਭਾਗ, ਵੱਲੋਂ ਪੰਜਾਬ ਵਿਧਾਨ ਸਭਾ ਪਾਸੋਂ ਪ੍ਰਾਪਤ ਹੋਣ ਵਾਲੇ ਵਿਧਾਇਕਾਂ/ ਸਾਬਕਾ ਵਿਧਾਇਕਾਂ ਦੇ ਪ੍ਰਾਈਵੇਟ ਹਸਪਤਾਲਾਂ ਪਾਸੋਂ ਕਰਵਾਏ ਇਲਾਜ ਦੇ ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਦੇ ਬਿਲਾਂ ਦੀ ਪ੍ਰਵਾਨਗੀਆਂ ਦਿੰਦੇ ਹੋਏ ਕਟੌਤੀ ਸਿਰਫ਼ ਮੈਡੀਕਲ ਅਟੈਂਡਸ ਰੂਲਜ਼ 1940 ਦੇ ਉਪਬੰਧਾਂ ਅਤੇ ਪੰਜਾਬ ਸਰਕਾਰ ਦੀ ਸਿਹਤ ਪਾਲਿਸੀ ਮਿਤੀ 13-2-1995 ਦੀ ਰੌਸ਼ਨੀ ਅਨੁਸਾਰ ਹੀ ਕੀਤੀ ਜਾਂਦੀ ਹੈ। ਪੀ.ਜੀ.ਆਈ./ਏਮਜ਼ ਦੇ ਰੇਟਾਂ ਮੁਤਾਬਕ ਹੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਜਾਂਦੀ ਹੈ।

(2) ਸਿਹਤ ਵਿਭਾਗ ਪੰਜਾਬ ਵੱਲੋਂ ਹਾਲ ਦੀ ਘੜੀ ਪੂਰੀ ਪ੍ਰਤੀ-ਪੂਰਤੀ ਕਰਨ ਲਈ ਕੋਈ ਕਾਰਵਾਈ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਰੂਲਜ਼ 1940 ਹਨ, ਪਰ ਇਹ ਰੂਲਜ਼ ਸਰਕਾਰੀ ਅਧਿਕਾਰੀਆਂ ਵਾਸਤੇ ਹੈ। ਵਿਧਾਇਕਾਂ ਵਾਸਤੇ ਜਾਂ ਸਾਬਕਾ ਵਿਧਾਇਕਾਂ ਵਾਸਤੇ ਰੂਲਜ਼, 2004, ਐਕਟ 1977 ਹੈ। ਮੇਰੇ ਕੋਲ ਇਹ ਕਿਤਾਬ ਹੈ, ਇਸ ਵਿੱਚ ਪੈਰਾ ਨੰਬਰ 10 ਵਿੱਚ ਕਲੀਅਰ ਲਿਖਿਆ ਹੈ ਕਿ ਵਿਧਾਇਕ, ਸਾਬਕਾ ਵਿਧਾਇਕ ਉਤੇ ਅਤੇ ਉਨ੍ਹਾਂ ਦੇ ਪਰਿਵਾਰ ਤੇ ਜਿੰਨਾ ਵੀ ਖਰਚਾ ਆਵੇਗਾ, ਉਸ ਦੀ ਪੂਰੀ ਦੀ ਪੂਰੀ ਪੇਮੈਂਟ ਦਿੱਤੀ ਜਾਵੇਗੀ।

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਇਨ੍ਹਾਂ ਦਾ ਇਹ ਪੁੱਛਣਾ ਹੈ ਕਿ ਜਿਹੜਾ ਐਮ.ਐਲ.ਏਜ਼. ਦਾ ਐਕਟ ਸੈਪਰੇਟ ਹੈ ਅਤੇ ਅਟੈਂਡੈਂਟ ਨੂੰ ਰੀਇੰਬਰਸਮੈਂਟ ਲਈ ਸੈਪਰੇਟ ਹੈ। ਅਸੀਂ ਇਸ ਦੀ ਫਸਟ ਕਲਾਜ਼ ਤਾਂ ਅਮੈਂਡ ਕਰ ਦਿੱਤੀ ਲੇਕਿਨ ਜਿਹੜੀ ਕਲਾਜ਼ ਦੋ ਹੈ, ਉਹ ਆਪਾਂ ਡਿਲੀਟ ਨਹੀਂ ਕੀਤੀ। ਉਸ ਬਾਰੇ ਇਹ ਪੁੱਛਣਾ ਚਾਹੁੰਦੇ ਹਨ ਕਿ ਇਹ ਕੰਡੀਸ਼ਨ ਨੂੰ ਇੰਪੋਜ਼ ਕਰਦੀ ਹੈ ਕਿ ਪਹਿਲਾਂ ਤਾਂ ਇਹ ਹੈ ਕਿ A Member shall be entitled, ਜਿਹੜੀ ਕਿ ਆਪਾਂ ਡਿਲੀਟ ਕਰ ਦਿੱਤੀ। "A Member shall be entitled for himself and for members of his family, full reimbursement of actual expenses on outdoor and indoor treatment and treatment of chronic diseases. ਇਹ ਤਾਂ ਆਪਾਂ ਅਮੈਂਡ ਕਰ ਦਿੱਤੀ ਹੈ। A Member shall be entitled for himself and for the members of his family, full reimbursement of actual expenses on outdoor and indoor treatment and treatment of chronic diseases." ਉਹ ਆਪਾਂ ਅਮੈਂਡ ਕਰ ਦਿੱਤੀ ਹੈ ਪ੍ਰੰਤੂ ਇਹ ਨਹੀਂ ਕੀਤੀ ਜਿਹੜੀ ਕਿ ਕਰਨੀ ਸੀ:

"A Member for claiming medical reimbursement for himself and for the members of his family shall submit the bill to the Secretary in Form 3rd alongwith essentiality certificate in Form 4." ਇਸ ਨੂੰ ਡਿਲੀਟ ਕਰਨ ਵਾਸਤੇ ਕੋਈ ਗੱਲ ਹੈ। ਮੰਨ ਲਵੋ, ਜੇਕਰ ਕਿਸੇ ਨੂੰ ਹਾਰਟ ਅਟੈਕ ਬਠਿੰਡੇ ਹੁੰਦਾ ਹੈ, ਕੀ ਉਹ ਪੈਸੇ ਬਚਾਉਣ ਲਈ ਪੀ.ਜੀ.ਆਈ. ਪਹੁੰਚੇਗਾ? ਉਸਦਾ ਕਿਤੇ ਰਸਤੇ ਵਿਚ ਹੀ ਕੰਮ ਨਾ ਨਿਬੜ ਜਾਵੇ।

ਮੰਤਰੀ : ਸਪੀਕਰ ਸਾਹਿਬ, ਇਸ ਚੀਜ਼ ਨੂੰ ਕਲੀਅਰ ਕਰਨ ਵਾਸਤੇ ਹੀ ਪਾਰਟ-1 ਅਮੈਂਡ ਹੋਇਆ ਹੈ ਕਿ ਮਰੀਜ਼ ਕਿਤੇ ਵੀ ਆਪਣਾ ਇਲਾਜ ਕਰਵਾ ਸਕਦਾ ਹੈ। ਨਹੀਂ ਤਾਂ ਇਹ ਹੋ ਜਾਵੇਗਾ ਕਿ ਕੇਵਲ ਪੀ.ਜੀ.ਆਈ. ਵਿਚ ਹੀ ਆਵੇ ਤੇ ਉਥੇ ਹੀ ਇਲਾਜ ਕਰਵਾਵੇ। ਇਸ ਗੱਲ ਦੇ ਖਦਸ਼ੇ ਨੂੰ ਦੂਰ ਕਰਨ ਵਾਸਤੇ ਹੀ ਪਾਰਟ-1 ਅਮੈਂਡ ਕੀਤਾ ਗਿਆ ਹੈ। ਲੇਕਿਨ ਜਿਹੜੀ ਪੇਮੈਂਟ ਹੈ, ਉਹ ਡਿਪਾਰਟਮੈਂਟ ਨੇ ਸੀਮਤ ਕਰ ਦਿੱਤੀ ਹੈ ਕਿ ਕਿਸ ਢੰਗ ਨਾਲ ਦੇਣੀ ਹੈ। ਅਸੀਂ ਜੋ ਦੇ ਰਹੇ ਹਾਂ, ਉਹ as per PGI norms and AIIMS norms. ਦੋਨਾਂ ਦੇ ਰੇਟ ਹੀ ਅਸੀਂ ਦਿੰਦੇ ਹਾਂ। ਇਲਾਜ ਭਾਵੇਂ ਕਿਸੇ ਵੀ ਹਸਪਤਾਲ ਤੋਂ ਹੋਵੇ, ਉਸ ਵਿਚ ਕੋਈ ਅੜਚਣ ਨਹੀਂ ਹੈ। ਇਥੋਂ ਤੱਕ ਕਿ ਕੁਝ ਲੋਕਾਂ ਨੇ ਵਿਦੇਸ਼ਾਂ ਵਿਚੋਂ ਵੀ ਇਲਾਜ ਕਰਵਾਇਆ ਹੈ, ਉਨ੍ਹਾਂ ਨੂੰ ਵੀ ਪੇਮੈਂਟ ਹੋਈ ਹੈ। ਲੇਕਿਨ ਜੇਕਰ ਕੋਈ ਕੰਟਰਾਡਿਕਸ਼ਨ ਹੈ ਤਾਂ ਵਿਭਾਗ ਇਸ ਉਤੇ ਵਿਚਾਰ ਕਰ ਲਵੇਗਾ।

ਮਾਨਯੋਗ ਸਪੀਕਰ : ਕੰਟਰਾਡਿਕਸ਼ਨ ਇਹ ਹੈ ਕਿ ਉਹ ਖਰਚਾ ਬਚਾਉਣ ਲਈ ਪੀ.ਜੀ.ਆਈ. ਆਉਂਦਿਆਂ-ਆਉਂਦਿਆਂ ਹੀ ਕਿਧਰੇ ਦਮ ਨਾ ਤੋੜ ਜਾਵੇ।

ਮੰਤਰੀ : ਸਰ, ਉਸ ਵਿਚ ਇਹ ਇਨਟੈਨਸ਼ਨ ਨਹੀਂ ਹੈ ਕਿ ਪੀ.ਜੀ.ਆਈ. ਤੋਂ ਹੀ ਇਲਾਜ ਕਰਵਾਏ, ਸਿਰਫ ਉਨ੍ਹਾਂ ਨੇ ਰੇਟ ਮੁਕੱਰਰ ਕੀਤੇ ਹਨ। ਉਸ ਉਤੇ ਵਿਚਾਰ ਕਰ ਲਵਾਂਗੇ। ਇਸ ਤੇ ਕੋਈ ਹਾਰਡ ਤੇ ਫਾਸਟ ਗੱਲ ਨਹੀਂ ਹੈ। ਫੰਡ ਮਿਸਯੂਜ਼ ਨਾ ਹੋਵੇ, ਇਸ ਵਾਸਤੇ ਇਹ ਕੀਤਾ ਗਿਆ ਸੀ।

ਮਾਨਯੋਗ ਸਪੀਕਰ : ਜਿਵੇਂ ਹਰਿਆਣਾ ਨੇ ਜਾਂ ਪਾਰਲੀਮੈਂਟ ਨੇ ਪੈਨਲ ਬਣਾਇਆ ਹੈ, ਉਸ ਤਰਜ਼ ਤੇ ਬਣਾ ਦਿਉ ਤਾਂ ਜੋ ਜਿਹੜਾ ਖਰਚਾ ਕਿਸੇ ਦੇ ਇਲਾਜ ਤੇ ਆਵੇ, ਉਹ ਲੈ ਸਕੇ।

ਮੰਤਰੀ : ਸਰ, ਅਸੀਂ ਸਟੱਡੀ ਕਰ ਲੈਂਦੇ ਹਾਂ। ਵੈਸੇ ਵੀ ਜਿਹੜੇ ਰੇਟ ਫਿਕਸ ਹੁੰਦੇ ਹਨ, ਉਹ ਪੈਨਲ ਰਾਹੀਂ ਹੀ ਹੁੰਦੇ ਹਨ ਪਰ ਫਿਰ ਜੇਕਰ ਇਸ ਵਿਚ ਕੋਈ ਹੋਰ ਸੋਧ ਕੀਤੀ ਜਾ ਸਕਦੀ ਹੈ department will definitely consider ਹਰਿਆਣੇ ਦਾ ਵੀ ਵੇਖ ਲਵਾਂਗੇ ਅਤੇ ਜੋ ਲੋਕ ਸਭਾ ਦਾ ਪੈਟਰਨ ਹੈ, ਉਹ ਵੀ ਵੇਖ ਲਵਾਂਗੇ। ਅਗਰ ਉਸ ਵਿਚ ਕੋਈ ਅਮੈਂਡਮੈਂਟ ਦੀ ਲੋੜ ਹੋਈ ਤਾਂ department will consider. ਇਹ ਤਾਂ ਸਾਰਿਆਂ ਵਾਸਤੇ ਹੀ ਹੈ, ਦੋਨਾਂ ਪਾਸਿਆਂ ਵਾਸਤੇ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਪਾਰਲੀਮੈਂਟ ਵਿਚ ਮੈਂਬਰਾਂ ਵਾਸਤੇ ਉਨ੍ਹਾਂ ਨੇ ਪ੍ਰਾਈਵੇਟ ਹਸਪਤਾਲਾਂ ਦਾ ਪੈਨਲ ਬਣਾਇਆ ਹੋਇਆ ਹੈ, ਹਰਿਆਣਾ ਨੇ ਵੀ ਇਸੇ ਤਰ੍ਹਾਂ ਦਾ ਪੈਨਲ ਬਣਾਇਆ ਹੋਇਆ ਹੈ, ਹੋਰ ਵੀ ਕਈ ਸਟੇਟਾਂ ਨੇ ਅਜਿਹਾ ਬਣਾਇਆ ਹੋਇਆ ਹੈ। ਜਿਵੇਂ ਤੁਸੀਂ ਵੀ ਜ਼ਿਕ੍ਰ ਕਰਕੇ ਹਟੇ ਹੋ ਕਿ ਜੇਕਰ ਬੰਦੇ ਨੂੰ ਸਟੇਟ ਤੋਂ ਬਾਹਰ ਹਾਰਟ ਅਟੈਕ ਹੋ ਜਾਵੇ ਜਾਂ ਐਕਸੀਡੈਂਟ ਹੋ ਜਾਵੇ ਤਾਂ ਕੀ ਉਸ ਨੂੰ ਬੋਰੀ ਵਿਚ ਬੰਦ ਕਰ ਕੇ ਲੈ ਕੇ ਆਉਣਗੇ? ..(ਹਾਸਾ).. ਜਿਹੜਾ ਉਸਨੂੰ ਨੇੜੇ ਹਸਪਤਾਲ ਹੋਵੇਗਾ, ਉਸ ਨੇ ਉਥੋਂ ਹੀ ਇਲਾਜ ਕਰਾਉਣਾ ਹੁੰਦਾ ਹੈ। ਮੇਰੇ ਕੋਲ ਲਿਸਟ ਹੈ ਜਿਸ ਵਿਚ ਸਾਡੇ ਕਈ ਮੈਂਬਰ ਸਾਹਿਬਾਨ, ਜਿਨ੍ਹਾਂ ਦਾ ਇਲਾਜ ਇੰਡੀਆ ਵਿਚ ਵੀ ਹੋ ਸਕਦਾ ਹੈ ਪ੍ਰੰਤੂ ਵਿਭਾਗ ਨੇ ਉਨ੍ਹਾਂ ਦਾ ਇਲਾਜ ਬਾਹਰਲੇ ਮੁਲਕਾਂ ਤੋਂ ਕਰਵਾ ਦਿੱਤਾ ਹੈ ਜਦਕਿ ਡਾਕਟਰਾਂ ਦਾ ਲਿਖਿਆ ਹੋਇਆ ਹੈ। ਸਾਰਿਆਂ ਵਾਸਤੇ ਇਕੋ ਹੀ ਸਿਸਟਮ ਚਾਹੀਦਾ ਹੈ, ਪਿੱਕ ਐਂਡ ਚੂਜ਼ ਨਹੀਂ ਚਾਹੀਦਾ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਇਸ ਬਾਰੇ ਮੰਤਰੀ ਜੀ ਐਸ਼ਿਓਰੈਂਸ ਦੇਣ। ਮੇਰਾ ਬਿੱਲ 8 ਲੱਖ ਰੁਪਏ ਦਾ ਸੀ, ਪ੍ਰੰਤੂ ਮੈਨੂੰ 2.30 ਲੱਖ ਰੁਪਏ ਹੀ ਦਿੱਤੇ ਗਏ ਹਨ। ਜਿਹੜਾ 5 ਲੱਖ ਰੁਪਏ ਦਾ ਐਡਵਾਂਸ ਦਿੱਤਾ ਗਿਆ ਸੀ, ਉਹ ਵੀ ਵਾਪਸ ਮੰਗ ਰਹੇ ਹਨ।

ਮਾਨਯੋਗ ਸਪੀਕਰ : ਉਨ੍ਹਾਂ ਨੂੰ ਪ੍ਰਾਬਲਮ ਇਹ ਹੈ ਅਤੇ ਉਹ ਇਹ ਕਹਿੰਦੇ ਹਨ ਕਿ....

ਮੰਤਰੀ : ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਜੋ ਹਰਿਆਣਾ ਦਾ ਸਿਸਟਮ ਹੈ, ਉਸ ਨੂੰ ਵੀ ਸਟੱਡੀ ਕਰ ਲਵਾਂਗੇ ਅਤੇ ਲੋਕ ਸਭਾ ਦਾ ਵੀ ਸਟੱਡੀ ਕਰ ਲਵਾਂਗੇ, ਜੋ ਵੀ ਮੈਂਬਰ ਸਾਹਿਬਾਨ ਦੇ ਇੰਟਰੈਸਟ ਵਿਚ ਬੈਸਟ ਹੋਵੇਗਾ, ਉਹ ਕਰ ਦਿੱਤਾ ਜਾਵੇਗਾ।

ਮਾਨਯੋਗ ਸਪੀਕਰ : ਉਨ੍ਹਾਂ ਨੇ ਐਗਜ਼ਾਂਪਲ ਦੇ ਦਿੱਤੀ ਹੈ ਕਿ ਉਸ ਦਾ 8 ਲੱਖ ਰੁਪਏ ਦਾ ਬਿੱਲ ਸੀ ਪ੍ਰੰਤੂ ਉਸ ਨੂੰ 2.30 ਲੱਖ ਰੁਪਏ ਹੀ ਮਿਲੇ ਹਨ।

ਮੰਤਰੀ : ਮੈਂ ਤਾਂ ਮੰਨ ਲਿਆ ਹੈ ਕਿ we will consider it.

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੁਹਾਲੀ ਵਿਚ ਫੋਰਟਿਸ ਹਸਪਤਾਲ ਹੈ, ਮੈਕਸ ਹੈ ਅਤੇ ਆਈ.ਵੀ. ਹਸਪਤਾਲ ਹੈ। ਉਥੋਂ

ਅਸੀਂ ਪਰਾਪਰ ਟਰੀਟਮੈਂਟ ਲੈ ਲੈਂਦੇ ਹਾਂ ਪ੍ਰੰਤੂ ਜਦੋਂ ਅਸੀਂ ਬਿਲ ਦਿੰਦੇ ਹਾਂ ਤਾਂ ਬਿਲ ਦੇ 25% ਪੈਸੇ ਹੀ ਮਿਲਦੇ ਹਨ। ਜਿਹੜੀ ਉਨ੍ਹਾਂ ਨੂੰ ਜ਼ਮੀਨ ਅਲਾਟ ਕੀਤੀ ਗਈ ਹੈ, ਉਸ ਵਿਚ ਬਕਾਇਦਾ ਸ਼ਰਤ ਹੈ ਕਿ 10% ਗਰੀਬ ਮਰੀਜ਼ਾਂ ਨੂੰ ਮੁਫਤ ਇਲਾਜ ਦਿੱਤਾ ਜਾਵੇਗਾ। ਉਸ ਉਤੇ ਕੋਈ ਅਮਲ ਨਹੀਂ ਹੋ ਰਿਹਾ। ਇਸ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਕਿ ਕਿਉਂ ਨਾ ਉਨ੍ਹਾਂ ਨੂੰ ਜਵਾਬਦੇਹ ਬਣਾਇਆ ਜਾਵੇ।

Mr. Speaker : Thank you.

ਨਿਸ਼ਾਨ ਵਾਲਾ ਪ੍ਰਸ਼ਨ ਨੰ: 1845**

ਮਾਨਯੋਗ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਮਾਨਯੋਗ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਅਜੀਤਵਾਲ-ਢੁੱਡੀਕੇ ਰੋਡ ਤੇ ਰੇਲਵੇ ਓਵਰ ਬ੍ਰਿਜ ਬਣਾਉਣਾ

***2013. ਸ਼੍ਰੀਮਤੀ ਰਾਜਵਿੰਦਰ ਕੌਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮੋਗਾ ਵਿਚ ਅਜੀਤਵਾਲ ਤੋਂ ਢੁੱਡੀਕੇ ਰੇਲਵੇ ਫਾਟਕ ਤੇ ਰੇਲ ਗੱਡੀਆਂ ਦੀ ਭਾਰੀ ਆਵਾਜਾਈ ਕਾਰਨ ਫਾਟਕ ਕਾਫੀ ਸਮਾਂ ਬੰਦ ਰਹਿੰਦਾ ਹੈ, ਜਿਸ ਨਾਲ ਪਬਲਿਕ ਨੂੰ ਕਾਫੀ ਪ੍ਰੇਸ਼ਾਨੀ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਿ ਇਥੇ ਇਕ ਰੇਲਵੇ ਓਵਰ ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**Reply to this Starred Question No. 1845 has not been received till 8-2-2016 i.e. the date on which this debates was send to the Pess for final prining.

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਲ ਦੀ ਘੜੀ ਜ਼ਿਲ੍ਹਾ ਮੋਗਾ ਵਿਚ ਢੁਡੀਕੇ-ਅਜੀਤਵਾਲ ਰੋਡ ਉੱਤੇ ਕਸਬਾ ਅਜੀਤਵਾਲ ਵਿਖੇ ਰੇਲਵੇ ਓਵਰ ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸ਼ਗਨ ਸਕੀਮ ਅਧੀਨ ਪੈਂਡਿੰਗ ਫਾਈਲਾਂ

***1866. ਸ਼੍ਰੀ ਸੁਨੀਲ ਜਾਖੜ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ 1 ਜਨਵਰੀ, 2015 ਤੋਂ ਹੁਣ ਤੱਕ ਸ਼ਗਨ ਸਕੀਮ ਦੀਆਂ ਕਿੰਨੀਆਂ ਫਾਈਲਾਂ ਪੈਂਡਿੰਗ ਪਈਆਂ ਹਨ ;

(ਅ) ਉਪਰੋਕਤ ਪੈਂਡਿੰਗ ਪਈਆਂ ਫਾਈਲਾਂ ਲਈ ਫੰਡ ਜਾਰੀ ਕਰਨ ਲਈ ਸਰਕਾਰ ਦੀ ਕੀ ਯੋਜਨਾ ਹੈ?

ਸਰਦਾਰ ਗੁਲਜਾਰ ਸਿੰਘ ਰਣੀਕੇ : (ੳ) ਅਤੇ (ਅ) ਵਿਚ ਮੰਗੀ ਗਈ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ:-

ਅਨੁਲੱਗ 'ੳ'

ਸ਼ਗਨ ਸਕੀਮ ਅਧੀਨ ਪੈਂਡਿੰਗ ਫਾਈਲਾਂ

ਰਾਜ ਵਿੱਚ 1 ਜਨਵਰੀ, 2015 ਤੋਂ ਹੁਣ ਤੱਕ ਸ਼ਗਨ ਸਕੀਮ ਦੀਆਂ ਪੈਂਡਿੰਗ ਪਈਆਂ ਫਾਈਲਾਂ ਦੀ ਗਿਣਤੀ ਸਬੰਧੀ ਸੂਚਨਾ:

ਮਹੀਨਾ	ਵਿਸ਼ੇਸ਼ ਕਥਨ
ਜਨਵਰੀ, 2015	ਕੋਈ ਕੇਸ ਪੈਂਡਿੰਗ ਨਹੀਂ ਹੈ।
ਫਰਵਰੀ, 2015	ਕੋਈ ਕੇਸ ਪੈਂਡਿੰਗ ਨਹੀਂ ਹੈ।

ਲਿੰਕ ਸੜਕਾਂ ਦੀ ਮੁਰੰਮਤ ਕਰਨਾ

***1929. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਖੇਤੀਬਾੜੀ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬਾਘਾ ਪੁਰਾਣਾ (ਜ਼ਿਲ੍ਹਾ ਮੋਗਾ) ਦੀਆਂ ਜਿਹੜੀਆਂ ਲਿੰਕ ਸੜਕਾਂ ਮੁਰੰਮਤ ਲਈ ਕਾਫੀ ਸਮੇਂ ਤੋਂ ਡਿਊ ਪਈਆਂ ਹਨ, ਦੀ ਤੁਰੰਤ ਮੁਰੰਮਤ ਕਰਨ ਲਈ ਸਰਕਾਰ ਵਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

ਸਰਦਾਰ ਤੋਤਾ ਸਿੰਘ : ਰਾਜ ਸਰਕਾਰ ਵੱਲੋਂ ਸਾਲ 2015-16 ਵਿਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਰੱਖ-ਰਖਾਓ ਲਈ ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਫਾਈਨਲ ਹੋਣ ਉਪਰੰਤ ਹੀ ਬਾਘਾ ਪੁਰਾਣਾ ਹਲਕੇ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਦੇ ਸ਼ਡਿਊਲ ਬਾਰੇ ਦੱਸਿਆ ਜਾ ਸਕੇਗਾ।

ਸਰਕਾਰੀ/ਪ੍ਰਾਈਵੇਟ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਾਉਣਾ

*1898. (1) **ਸ਼੍ਰੀ ਤਰਲੋਚਨ ਸਿੰਘ**
(2) **ਜਸਟਿਸ ਨਿਰਮਲ ਸਿੰਘ**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰੀ/ਪ੍ਰਾਈਵੇਟ ਸਕੂਲਾਂ ਵਿੱਚ ਕਿਸ ਜਮਾਤ ਤੋਂ ਅੰਗਰੇਜ਼ੀ ਭਾਸ਼ਾ ਪੜ੍ਹਾਈ ਜਾ ਰਹੀ ਹੈ?

(ਅ) ਕੀ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਸਿਲੇਬਸ ਇਕਸਾਰ ਪੜ੍ਹਾਇਆ ਜਾਂਦਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

(ੲ) ਕੀ ਸਰਕਾਰ ਉਪਰੋਕਤ ਅਨੁਸਾਰ ਸਾਰੀਆਂ ਕਲਾਸਾਂ ਲਈ ਸਿਲੇਬਸ ਇਕਸਾਰ ਕਰਨ ਅਤੇ ਵਿਦਿਆਰਥੀਆਂ ਨੂੰ ਇੱਕੋ ਜਿਹੇ ਮੌਕੇ ਪ੍ਰਦਾਨ ਕਰਨ ਤੇ ਵਿਚਾਰ ਕਰੇਗੀ?

ਡਾਕਟਰ ਦਲਜੀਤ ਸਿੰਘ ਚੀਮਾ : (ੳ) ਪੰਜਾਬ ਰਾਜ ਵਿੱਚ ਸਰਕਾਰੀ/ਪ੍ਰਾਈਵੇਟ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਭਾਸ਼ਾ ਪੜ੍ਹਾਈ ਜਾ ਰਹੀ ਹੈ।

(ਅ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਾਲ ਐਫੀਲੀਏਟਿਡ ਸਰਕਾਰੀ,

ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਸਿਲੇਬਸ ਇਕਸਾਰ ਪੜ੍ਹਾਇਆ ਜਾਂਦਾ ਹੈ। ਇਸ ਦੇ ਨਾਲ ਨਾਲ ਪੰਜਾਬ ਰਾਜ ਵਿੱਚ ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਦਾ ਸਿਲੇਬਸ ਸਬੰਧਿਤ ਬੋਰਡ ਅਨੁਸਾਰ ਪੜ੍ਹਾਇਆ ਜਾਂਦਾ ਹੈ।

(ੲ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬ ਕਰੀਕੁਲਮ ਫਰੇਮਵਰਕ-2013 ਦੀਆਂ ਸਿਫਾਰਸ਼ਾਂ ਅਨੁਸਾਰ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਦਾ ਪਾਠਕ੍ਰਮ ਇਕਸਾਰ ਕੀਤਾ ਜਾ ਚੁੱਕਾ ਹੈ ਅਤੇ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਕਾਰਵਾਈ ਜਾਰੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਇਕੋ ਜਿਹੇ ਮੌਕੇ ਪ੍ਰਦਾਨ ਹੋ ਸਕਣ।

ਗੈਰ ਰਵਾਇਤੀ ਸੋਮਿਆਂ ਤੋਂ ਊਰਜਾ ਸਾਧਨਾਂ ਦਾ ਪਸਾਰ ਕਰਨਾ।

***1961. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਗੈਰ ਰਵਾਇਤੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਗੈਰ-ਰਵਾਇਤੀ ਸੋਮਿਆਂ ਦੁਆਰਾ ਅਤੇ ਨਵਿਆਉਣਯੋਗ ਊਰਜਾ ਸਾਧਨਾਂ ਦੇ ਪਸਾਰ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੇ ਵੇਰਵੇ ਕੀ ਹਨ ਅਤੇ ਇਸ ਰਾਹੀਂ ਰਾਜ ਸਰਕਾਰ ਅਤੇ ਰਾਜ ਦੇ ਲੋਕਾਂ ਨੂੰ ਰਵਾਇਤੀ ਬਿਜਲੀ ਦੇ ਮੁਕਾਬਲੇ ਕਿੰਨਾ ਲਾਭ ਹੋਣ ਦੀ ਸੰਭਾਵਨਾ ਹੈ?

ਸਰਦਾਰ ਬਿਕਰਮ ਸਿੰਘ ਮਜੀਠੀਆ: ਪੰਜਾਬ ਸਰਕਾਰ ਵੱਲੋਂ ਐਨ.ਆਰ.ਐਸ.ਈ. ਪਾਲਿਸੀ 2012 ਅਤੇ ਨੈੱਟ ਮੀਟਰਿੰਗ ਪਾਲਿਸੀ, 2014 ਨੋਟੀਫਾਈ ਕੀਤੀ ਜਾ ਚੁੱਕੀ ਹੈ। ਹੋਰ ਸਹੂਲਤਾਂ ਰਾਹੀ ਫਿਸਕਲ ਇਨਸੈਂਟਿਵ ਇੰਡਸਟਰੀਅਲ ਪ੍ਰਮੋਸ਼ਨ (ਐਫ.ਆਈ.ਆਈ.ਪੀ) 2013 ਅਤੇ ਪੰਚਾਇਤ ਲੈਂਡ ਪਾਲਿਸੀ, 2014 ਸਬੰਧਿਤ ਵਿਭਾਗਾਂ ਵਲੋਂ ਨੋਟੀਫਾਈ ਕੀਤੀਆਂ ਗਈਆਂ ਹਨ। ਪੰਜਾਬ ਰਾਜ ਵਿੱਚ ਵਰਤਮਾਨ 2 ਪ੍ਰਤੀਸ਼ਤ ਰੀਨਿਊਏਬਲ ਐਨਰਜੀ ਦਾ ਹਿੱਸਾ ਸਾਲ 2022 ਤੱਕ 15 ਪ੍ਰਤੀਸ਼ਤ ਵਧਾਉਣ ਦੀ ਯੋਜਨਾ ਹੈ।

ਸਾਲ 2012-13 ਤੱਕ ਸੂਬੇ ਵਿੱਚ 9 MW ਸੋਲਰ ਪਾਵਰ ਦੇ ਮੁਕਾਬਲੇ ਅੱਜ 179 MW ਸਮਰੱਥਾ ਦੇ ਸੋਲਰ ਪਾਵਰ ਪਲਾਂਟ ਲੱਗ ਗਏ ਹਨ ਅਤੇ 31

ਮਾਰਚ, 2015 ਤੱਕ 200 MW ਤੱਕ ਪਹੁੰਚਣ ਦੀ ਉਮੀਦ ਹੈ। ਭਾਰਤ ਸਰਕਾਰ ਵੱਲੋਂ ਕਪੈਸਿਟੀ ਐਡੀਸ਼ਨ ਦੀ ਪ੍ਰਸੰਸਾ ਕਰਦੇ ਹੋਏ ਰਾਜ ਨੂੰ ਅਗਾਂਹ-ਵਧੂ ਸੂਬੇ ਵੱਜੋਂ ਸਨਮਾਨਿਤ ਕੀਤਾ ਗਿਆ ਹੈ।ਇਸ ਤੋਂ ਇਲਾਵਾ 62.5 MW ਬਾਇਓਮਾਸ, 410.5 MW ਕੋਜੈਨਰੇਸ਼ਨ, 135 MW ਮਿੰਨੀ ਹਾਈਡਲ ਅਤੇ 1 MW ਵੇਸਟ ਟੂ ਐਨਰਜੀ ਪ੍ਰੋਜੈਕਟਾਂ ਰਾਹੀਂ ਬਿਜਲੀ ਪੈਦਾ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਪੰਜਾਬ ਵਿੱਚ ਨਵੇਂ ਤੇ ਨਵਿਆਉਣਯੋਗ ਊਰਜਾ ਸਾਧਨਾਂ ਰਾਹੀਂ ਕੁੱਲ 788 MW ਸਮਰੱਥਾ ਬਿਜਲੀ ਉਤਪਾਦਨ ਹੋ ਗਿਆ ਹੈ।

ਹੁਣ ਤੱਕ ਰੀਨਿਊਏਬਲ ਐਨਰਜੀ ਪ੍ਰਜੈਕਟਾਂ ਨਾਲ 31 ਲੱਖ ਟਨ ਕਾਰਬਨ ਗੈਸਾਂ ਪ੍ਰਤੀ ਸਾਲ ਵਾਤਾਵਰਨ ਵਿੱਚ ਮਿਲਣ ਤੋਂ ਬੱਚ ਗਈਆਂ ਹਨ। ਮਿੱਥੇ ਗਏ ਟੀਚੇ ਅਨੁਸਾਰ ਸਾਲ 2022 ਤੋਂ 125 ਲੱਖ ਟਨ ਪ੍ਰਤੀ ਸਾਲ ਕਾਰਬਨ ਗੈਸਾਂ ਵਾਤਾਵਰਣ ਵਿੱਚ ਮਿਲਣ ਤੋਂ ਬੱਚ ਜਾਣਗੀਆਂ।

ਹਲਕਾ ਰਾਏਕੋਟ ਵਿੱਚ ਰੱਦ ਕੀਤੀਆਂ ਪੈਨਸ਼ਨਾਂ

***2010. ਸਰਦਾਰ ਗੁਰਚਰਨ ਸਿੰਘ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਏਕੋਟ ਵਿਚ ਗਲਤੀ ਨਾਲ ਕੁਝ ਭਲਾਈ ਪੈਨਸ਼ਨਾਂ ਰੱਦ ਕਰ ਦਿੱਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਪੈਨਸ਼ਨਾਂ ਨੂੰ ਮੁੜ ਬਹਾਲ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ?

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿਤਲ) : ਸ਼੍ਰੀਮਾਨ ਜੀ, ਹਲਕਾ ਰਾਏਕੋਟ ਵਿੱਚ ਕੋਈ ਪੈਨਸ਼ਨ ਰੱਦ ਨਹੀਂ ਕੀਤੀ ਗਈ ਹੈ।

ਲੁਧਿਆਣਾ ਸ਼ਹਿਰ ਦੀਆਂ ਸੜਕਾਂ ਦੀ ਮੁਰੰਮਤ ਕਰਨਾ

***1853. ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਸੜਕਾਂ ਦੀ ਹਾਲਤ ਕਾਫੀ ਖਸਤਾ ਹੈ ਅਤੇ ਇਨ੍ਹਾਂ ਦੀ ਮੁਰੰਮਤ ਦਾ ਕੰਮ ਵੀ ਨਹੀਂ ਕੀਤਾ

[ਸ਼੍ਰੀ ਭਾਰਤ ਭੂਸ਼ਣ ਆਸ਼ੂ]

ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਸੜਕਾਂ ਦੀ ਮੁਰੰਮਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ? .

(ਅ) ਸਾਲ 2014-15 ਲਈ ਉਕਤ ਸ਼ਹਿਰ ਵਿੱਚ ਸੜਕਾਂ ਦੀ ਉਸਾਰੀ/ਮੁਰੰਮਤ ਲਈ ਐਲੋਕੇਟ ਕੀਤੀ ਕੁੱਲ ਰਕਮ ਕਿੰਨੀ ਹੈ? ਕੀ ਉਕਤ ਰਕਮ ਦੀ ਵਰਤੋਂ ਕਰ ਲਈ ਗਈ ਹੈ; ਜੇਕਰ ਨਹੀਂ ਤਾਂ ਅਣ-ਖਰਚੀ ਰਕਮ ਦੇ ਵੇਰਵੇ ਅਤੇ ਕਾਰਣ ਕੀ ਹਨ?

ਸ਼੍ਰੀ ਅਨਿਲ ਜੋਸ਼ੀ : (ੳ) ਨਗਰ ਨਿਗਮ, ਲੁਧਿਆਣਾ ਵਿੱਚ ਸੜਕਾਂ ਦੀ ਮੁਰੰਮਤ ਦਾ ਕੰਮ ਵਿਭਾਗੀ ਤੌਰ ਤੇ ਹਾਟ ਮਿਕਸ ਪਲਾਂਟ ਰਾਹੀਂ ਕੀਤਾ ਜਾਂਦਾ ਹੈ, ਪਹਿਲਾਂ ਸਰਦੀ ਦੀ ਰੁੱਤ ਕਾਰਨ ਹਾਟ ਮਿਕਸ ਪਲਾਂਟ ਬੰਦ ਸੀ, ਫਿਰ ਬੀਤੇ ਦਿਨੀਂ ਹੋਈ ਬਰਸਾਤ ਕਾਰਨ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ। ਹੁਣ ਮੌਸਮ ਠੀਕ ਹੋਣ ਤੋਂ ਬਾਅਦ ਮਿਤੀ 16.3.2015 ਤੋਂ ਹਾਟ ਮਿਕਸ ਪਲਾਂਟ ਚਾਲੂ ਕਰਕੇ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਨਗਰ ਨਿਗਮ, ਲੁਧਿਆਣਾ ਦੇ ਕੋਲ ਸੜਕਾਂ ਦੀ ਮੁਰੰਮਤ ਦਾ ਮੈਟੀਰੀਅਲ ਮੌਜੂਦ ਹੈ। ਨਗਰ ਨਿਗਮ, ਲੁਧਿਆਣਾ ਵੱਲੋਂ ਸ਼ਹਿਰ ਦੀਆਂ ਮੁੱਖ 9 ਸੜਕਾਂ ਤੇ ਪ੍ਰੀਮਿਕਸ ਪਾਉਣ ਦਾ ਕੰਮ 55 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਗਿਆ ਸੀ ਜਿਸ ਵਿੱਚੋਂ ਹੰਬੜਾਂ ਰੋਡ, ਪੱਖੋਵਾਲ ਰੋਡ, ਦੁੱਗਰੀ ਰੋਡ, ਇਸ਼ਮੀਤ ਰੋਡ, ਲਿੰਕ ਰੋਡ, ਐਚ.ਪੀ. ਧਰਮ ਕੰਡਾ, ਫੋਕਲ ਪੁਆਇੰਟ ਰੋਡ ਅਤੇ ਗਿੱਲ ਰੋਡ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਰਾਹੋਂ ਰੋਡ ਅਤੇ ਤਾਜਪੁਰ ਰੋਡ ਦਾ ਕੰਮ ਪ੍ਰਗਤੀ ਅਧੀਨ ਹੈ। ਇਨ੍ਹਾਂ ਸੜਕਾਂ ਤੋਂ ਇਲਾਵਾ ਸ਼ਹਿਰ ਦੀਆਂ ਬਾਕੀ ਰਹਿੰਦੀਆਂ ਸੜਕਾਂ ਤੇ ਪ੍ਰੀਮਿਕਸ ਪਾਉਣ ਲਈ 40 ਕਰੋੜ ਰੁਪਏ ਦੇ ਤਖਮੀਨੇ ਤਿਆਰ ਕੀਤੇ ਗਏ ਹਨ ਅਤੇ ਟੈਂਡਰ ਮੰਗਣ ਉਪਰੰਤ ਇਹ ਕੰਮ ਕਰਵਾਏ ਜਾਣਗੇ।

(ਅ) ਨਗਰ ਨਿਗਮ, ਲੁਧਿਆਣਾ ਵੱਲੋਂ ਸਾਲ 2014-15 ਲਈ 86.14 ਕਰੋੜ ਰੁਪਏ ਦੀ ਰਕਮ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਲਈ ਐਲੋਕੇਟ ਕੀਤੀ ਗਈ ਹੈ ਜਿਸ ਵਿੱਚੋਂ 55.25 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ। ਬਜਟ ਸਾਲ 2014-15 ਵਿੱਚ ਆਮਦਨ ਦੇ ਲਏ ਗਏ ਟੀਚੇ ਬਜਟ ਮੁਤਾਬਿਕ ਪੂਰੇ ਨਹੀਂ ਹੋ ਸਕੇ ਜਿਸ ਕਾਰਨ ਬਾਕੀ ਦੇ ਰਹਿੰਦੇ ਸੜਕਾਂ ਦੇ ਕੰਮ ਮੁਕੰਮਲ ਨਹੀਂ ਕੀਤੇ ਜਾ ਸਕੇ ਅਤੇ ਪ੍ਰਗਤੀ ਅਧੀਨ ਹਨ।

ਪਿੰਡਾਂ ਵਿਚ ਵਾਟਰ ਵਰਕਸ ਕੁਨੈਕਸ਼ਨ ਕੱਟਣ ਸਬੰਧੀ

*** 1963. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਕਾਫੀ ਪਿੰਡਾਂ ਵਿਚ ਬਿੱਲ ਨਾ ਭਰਨ ਕਾਰਨ ਵਾਟਰ ਵਰਕਸ ਮਹਿਕਮੇ ਵਲੋਂ ਕੁਨੈਕਸ਼ਨ ਕੱਟ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਕੁਨੈਕਸ਼ਨ ਕਦੋਂ ਤੱਕ ਚਾਲੂ ਕਰ ਦਿੱਤੇ ਜਾਣਗੇ?

ਸਰਦਾਰ ਸੁਰਜੀਤ ਸਿੰਘ ਰੱਖੜਾ : ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵੇਲੇ 248 ਪੇਂਡੂ ਜਲ ਸਪਲਾਈ ਸਕੀਮਾਂ ਦੇ ਬਿਜਲੀ ਦੇ ਕੁਨੈਕਸ਼ਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਬਿਲਾਂ ਦੀ ਅਦਾਇਗੀ ਨਾ ਕਰਨ ਕਰਕੇ ਕੱਟ ਦਿੱਤੇ ਗਏ ਹਨ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਇਨ੍ਹਾਂ ਕੁਨੈਕਸ਼ਨਾਂ ਨੂੰ ਪੁਨਰ ਸਥਾਪਿਤ ਕਰਨ (ਰਿਸਟੋਰ ਕਰਨ) ਲਈ ਯਤਨ ਕੀਤੇ ਜਾ ਰਹੇ ਹਨ।

ਲੁਧਿਆਣਾ ਸ਼ਹਿਰ ਵਿੱਚੋਂ ਕੂੜੇ ਦੀ ਸਮੱਸਿਆ ਦਾ ਹੱਲ ਕਰਨਾ

***1851. ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਲੁਧਿਆਣਾ ਵਿਖੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਅਤੇ ਕੂੜੇ ਨੂੰ ਘਰੋਂ-ਘਰੀਂ ਚੁੱਕਣ ਸਬੰਧੀ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਕੀ ਹੈ, ਜਿਸ ਲਈ ਸਰਕਾਰ ਦੁਆਰਾ ਏ2ਜੈਡ ਕੰਪਨੀ ਨਾਲ ਇਕਰਾਰਨਾਮਾ ਕੀਤਾ ਗਿਆ ਸੀ;

(ਅ) ਲੁਧਿਆਣਾ ਸ਼ਹਿਰ ਵਿੱਚ ਵੱਖ-ਵੱਖ ਥਾਵਾਂ ਤੇ ਪਏ ਕੂੜੇ ਦੇ ਢੇਰਾਂ ਦੀ ਸਮੱਸਿਆ ਦੇ ਹੱਲ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ।

ਸ਼੍ਰੀ ਅਨਿਲ ਜੋਸ਼ੀ : (ੳ) ਨਗਰ ਨਿਗਮ, ਲੁਧਿਆਣਾ ਅਤੇ ਏ2ਜੈਡ ਵੇਸਟ ਮੈਨੇਜਮੈਂਟ ਕੰਪਨੀ ਵਿਚਕਾਰ ਲੁਧਿਆਣਾ ਦੇ ਸੋਲਿਡ ਵੇਸਟ ਮੈਨੇਜਮੈਂਟ

[ਸਥਾਨਕ ਸਰਕਾਰ ਮੰਤਰੀ]

ਪ੍ਰੋਜੈਕਟ ਲਈ ਮਿਤੀ 30.11.2011 ਨੂੰ ਕੰਨਸੈਸ਼ਨ ਐਗਰੀਮੈਂਟ ਕੀਤਾ ਗਿਆ ਸੀ। ਇਸ ਸਮੇਂ ਜਮਾਲਪੁਰ ਵਿਖੇ 50 ਏਕੜ ਭੌਂ ਵਿੱਚ ਮਿਊਂਸਿਪਲ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਦੀ ਉਸਾਰੀ ਪ੍ਰਗਤੀ ਅਧੀਨ ਹੈ। ਇਸ ਸਮੇਂ ਇਸ ਸਾਈਟ ਤੇ 15 ਟਨ ਪ੍ਰਤੀ ਘੰਟਾ ਦੀ ਸਮਰੱਥਾ ਵਾਲੇ 2 ਟ੍ਰਾਮਿਲ (ਕੂੜੇ ਦੀ ਗ੍ਰੇਡਿੰਗ ਲਈ ਮਸ਼ੀਨ) ਲਗਾਏ ਜਾ ਚੁੱਕੇ ਹਨ ਅਤੇ ਲਗਭਗ 100 ਮੀਟ੍ਰਿਕ ਟਨ RDF (Refuse Derived Fuel) ਦੀ ਰੋਜ਼ਾਨਾ ਪ੍ਰੋਸੈਸਿੰਗ ਕੀਤੀ ਜਾ ਰਹੀ ਹੈ। ਘਰੋਂ-ਘਰੀਂ ਕੂੜਾ ਚੁੱਕਣ ਦੇ ਕੰਮ ਅਧੀਨ ਕੰਪਨੀ ਵੱਲੋਂ ਲਗਭਗ 40% ਘਰਾਂ'ਚ ਘਰੋਂ-ਘਰੀ ਜਾ ਕੇ ਟਾਟਾ-ਏਸ ਅਤੇ ਰਿਕਸ਼ਾ-ਰੇਹੜਾ ਰਾਹੀਂ ਕੂੜਾ ਚੁੱਕਿਆ ਜਾਂਦਾ ਹੈ। ਕੰਪਨੀ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਮਿਤੀ 15.06.2015 ਤੱਕ ਸਾਰੇ ਘਰਾਂ 'ਚੋਂ ਘਰੋਂ-ਘਰੀਂ ਜਾ ਕੇ ਕੂੜਾ ਚੁੱਕਣ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

(ਅ) ਉਪਰੋਕਤ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਕੂੜੇ ਦੇ 289 ਸੈਕੰਡਰੀ ਕੁਲੈਕਸ਼ਨ ਪੁਆਇੰਟਾਂ ਤੋਂ ਲਗਭਗ 1000 ਟਨ ਰੋਜ਼ਾਨਾ ਕੂੜਾ ਚੁੱਕ ਕੇ ਕੰਪੈਕਟਰਸ ਅਤੇ ਟਿੱਪਰਾਂ ਰਾਹੀ ਜਮਾਲਪੁਰ ਡੰਪ ਸਾਈਟ ਤੇ ਪਹੁੰਚਾਇਆ ਜਾ ਰਿਹਾ ਹੈ। ਇਸ ਸਮੇਂ ਕੰਪਨੀ ਕੋਲ ਲੋੜੀਂਦੀ ਮਸ਼ੀਨਰੀ ਅਤੇ ਕੂੜਾਦਾਨਾਂ (ਸਮਰੱਥਾ 1.1 ਕਿਊਬਿਕ ਮੀਟਰ) ਦੀ ਕਮੀ ਹੈ। ਮੀਂਹ ਪੈਣ ਕਾਰਨ ਕੂੜਾ ਚੁੱਕਣ ਦੇ ਕੰਮ ਵਿੱਚ ਵਿਘਨ ਪੈਂਦਾ ਹੈ ਅਤੇ ਇਕੱਠਾ ਹੋਇਆ ਸਾਰਾ ਕੂੜਾ ਚੁੱਕਣ ਵਿੱਚ ਕੰਪਨੀ ਸਫਲ ਨਹੀਂ ਹੁੰਦੀ। ਕੰਪਨੀ ਵੱਲੋਂ ਸ਼ਹਿਰ ਵਿਚ ਕੂੜਾ ਇਕੱਠਾ ਕਰਨ ਲਈ ਕੂੜੇਦਾਨਾਂ ਅਤੇ ਕੂੜਾ ਚੁੱਕਣ ਵਾਲੀ ਮਸ਼ੀਨਰੀ ਦੀ ਘਾਟ ਨੂੰ ਮਿਤੀ 30.4.2015 ਤੱਕ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਨਗਰ ਨਿਗਮ, ਲੁਧਿਆਣਾ ਵੱਲੋਂ ਕੰਪਨੀ ਨੂੰ ਸਮੇਂ-ਸਮੇਂ ਤੇ ਨੋਟਿਸ ਦਿੱਤੇ ਗਏ ਹਨ ਕਿ ਕੰਪਨੀ ਆਪਣੇ ਕੰਮ ਵਿੱਚ ਸੁਧਾਰ ਲੈ ਕੇ ਆਵੇ। ਮਿਤੀ 02.07.2014 ਨੂੰ ਕੰਪਨੀ ਨੂੰ ਰੈਮੀਡੀਅਲ ਨੋਟਿਸ ਜਾਰੀ ਕੀਤਾ ਗਿਆ ਹੈ। ਕੰਪਨੀ ਵੱਲੋਂ ਵਿਸ਼ਵਾਸ ਦਿੱਤਾ ਗਿਆ ਹੈ ਕਿ ਕੰਪਨੀ ਮਿਤੀ 30.04.2015 ਤੱਕ ਸ਼ਹਿਰ ਵਿਚ ਕੂੜੇਦਾਨਾਂ ਅਤੇ ਕੂੜਾ ਚੁੱਕਣ ਲਈ ਮਸ਼ੀਨਰੀ ਦੀ ਘਾਟ ਨੂੰ ਪੂਰਾ ਕਰ ਲਵੇਗੀ।

ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੀਆਂ ਖਾਲੀ ਅਸਾਮੀਆਂ ਨੂੰ ਭਰਨਾ ਅਤੇ ਮੁੱਖ ਅਧਿਆਪਕ ਦੀ ਅਸਾਮੀ ਨੂੰ ਮਨਜ਼ੂਰ ਕਰਨਾ

***1873. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਬਠਿੰਡਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਥਰਾਲਾ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁੱਦਾ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੇਵੀ ਨਗਰ; ਸਰਕਾਰੀ ਹਾਈ ਸਕੂਲ ਬੀੜ ਬਹਿਮਣ; ਸਰਕਾਰੀ ਹਾਈ ਸਕੂਲ ਬਾਂਡੀ; ਸਰਕਾਰੀ ਹਾਈ ਸਕੂਲ, ਵਿਰਕ ਖੁਰਦ ਅਤੇ ਸਰਕਾਰੀ ਹਾਈ ਸਕੂਲ ਕਾਲਝਰਾਣੀ ਵਿੱਚ ਟੀਚਿੰਗ/ ਨਾਨ ਟੀਚਿੰਗ ਸਟਾਫ ਦੀਆਂ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਪੋਸਟਾਂ ਵਿਚੋਂ ਕਿੰਨੀਆਂ ਪੋਸਟਾਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ;

(ਅ) ਕੀ ਇਹ ਠੀਕ ਹੈ ਕਿ ਸਾਲ 2002-2007 ਦੌਰਾਨ ਜ਼ਿਲ੍ਹਾ ਬਠਿੰਡਾ ਦੇ ਅੱਪਗ੍ਰੇਡ ਕੀਤੇ ਗਏ ਸਰਕਾਰੀ ਹਾਈ ਸਕੂਲ, ਕਾਲਝਰਾਣੀ ਵਿਚ ਹਾਲੇ ਤੱਕ ਮੁੱਖ ਅਧਿਆਪਕ ਦੀ ਅਸਾਮੀ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਅਸਾਮੀ ਨੂੰ ਮਨਜ਼ੂਰ ਕਰਨ ਸਬੰਧੀ ਵਿਭਾਗੀ ਪ੍ਰਵਾਨਗੀ ਦੇਣ ਵਿੱਚ ਹੋਈ ਦੇਰੀ ਦੇ ਕੀ ਕਾਰਨ ਹਨ ਅਤੇ ਲੋੜੀਂਦੀ ਪ੍ਰਵਾਨਗੀ ਜਾਰੀ ਕਰਕੇ ਕਦੋਂ ਤੱਕ ਇਥੇ ਮੁੱਖ ਅਧਿਆਪਕ ਨਿਯੁਕਤ ਕਰ ਦਿੱਤਾ ਜਾਵੇਗਾ;

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਖਾਲੀ ਪੋਸਟਾਂ ਕਿਸ-ਕਿਸ ਮਿਤੀ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਡਾਕਟਰ ਦਲਜੀਤ ਸਿੰਘ ਚੀਮਾ: (ੳ) ਜ਼ਿਲ੍ਹਾ ਬਠਿੰਡਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਥਰਾਲਾ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁੱਦਾ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੇਵੀ ਨਗਰ; ਸਰਕਾਰੀ ਹਾਈ

[ਸਿੱਖਿਆ ਮੰਤਰੀ]

ਸਕੂਲ ਬੀੜ ਬਹਿਮਣ, ਸਰਕਾਰੀ ਹਾਈ ਸਕੂਲ ਬਾਂਡੀ, ਸਰਕਾਰੀ ਹਾਈ ਸਕੂਲ, ਵਿਰਕ ਖੁਰਦ ਅਤੇ ਸਰਕਾਰੀ ਹਾਈ ਸਕੂਲ ਕਾਲਝਰਾਣੀ ਵਿੱਚ ਟੀਚਿੰਗ/ ਨਾਨ ਟੀਚਿੰਗ ਸਟਾਫ ਦੀਆਂ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਪੋਸਟਾਂ ਵਿਚੋਂ ਕਿੰਨੀਆਂ ਪੋਸਟਾਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ, ਸਬੰਧੀ ਵੇਰਵਾ ਅਨੁਲੱਗ "ੳ" ਉਪਰ ਉਪਲਬਧ ਹੈ।

(ਅ) ਹਾਂ ਜੀ , ਸਰਕਾਰੀ ਹਾਈ ਸਕੂਲ ਕਾਲਝਰਾਣੀ ਸਰਕਾਰ ਦੇ ਪੱਤਰ ਨੰਬਰ 2/29/97-3ਸਿ ਸੈਲ/22179 ਮਿਤੀ 29.10.1998 ਰਾਹੀਂ ਅੱਪਗ੍ਰੇਡ ਕੀਤਾ ਗਿਆ ਸੀ। ਉਸ ਸਮੇਂ ਇਹ ਸ਼ਰਤ ਲਗਾਈ ਗਈ ਸੀ ਕਿ ਇਸ ਸਬੰਧ ਵਿੱਚ ਵਾਧੂ ਸਟਾਫ ਨਹੀਂ ਦਿੱਤਾ ਜਾਵੇਗਾ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ ਵੱਲੋਂ ਪੱਤਰ ਨੰ: ਅ5/1/2015/2424, ਮਿਤੀ 19.03.2015 ਰਾਹੀਂ ਮੁੱਖ ਅਧਿਆਪਕ ਅਤੇ ਹੋਰ ਅਸਾਮੀਆਂ ਦੀ ਮਨਜ਼ੂਰੀ ਸਬੰਧੀ ਤਜਵੀਜ਼ ਭੇਜੀ ਗਈ ਹੈ, ਜਿਸ ਤੇ ਨਿਯਮਾਂ ਤਹਿਤ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

(ੲ) ਉਪਰੋਕਤ ਭਾਗ "ੳ" ਵਿੱਚ ਟੀਚਿੰਗ ਅਤੇ ਨਾਨ ਟੀਚਿੰਗ ਕਾਡਰ ਦੀਆਂ ਵਰਣਿਤ ਖਾਲੀ ਅਸਾਮੀਆਂ ਸਾਲ 2002 ਤੋਂ ਲੈ ਕੇ ਸਾਲ 2014 ਤੱਕ ਵੱਖ-ਵੱਖ ਮਿਤੀਆਂ ਤੋਂ ਖਾਲੀ ਹਨ। ਵਿਭਾਗ ਵਿੱਚ ਟੀਚਿੰਗ ਕਾਡਰ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ 5178 ਅਸਾਮੀਆਂ ਭਰਨ ਦੀ ਪ੍ਰੀਕ੍ਰਿਆ ਜਾਰੀ ਹੈ, ਜਿਨ੍ਹਾਂ ਵਿੱਚੋਂ 1847 ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ । ਨਿਯੁਕਤ ਕੀਤੇ ਗਏ ਅਧਿਆਪਕਾਂ ਵਿੱਚੋਂ 6 ਅਧਿਆਪਕ ਉਕਤ ਸਕੂਲਾਂ ਵਿੱਚ ਨਿਯੁਕਤ ਕੀਤੇ ਗਏ ਹਨ। ਇਸ ਤਰ੍ਹਾਂ ਉਕਤ ਸਕੂਲਾਂ ਵਿੱਚ ਖਾਲੀ ਅਸਾਮੀਆਂ ਨੂੰ ਜਲਦ ਭਰਨ ਦਾ ਉਪਰਾਲਾ ਕੀਤਾ ਜਾਵੇਗਾ । ਇਸੇ ਤਰ੍ਹਾਂ ਵੱਖ ਵੱਖ ਕਾਡਰਾਂ ਵਿੱਚ ਤਰਸ ਦੇ ਅਧਾਰ ਤੇ ਨਿਯੁਕਤੀਆਂ, ਪੱਦ ਉਨਤੀਆਂ ਅਤੇ ਰੈਸ਼ਨੇਲਾਈਜੇਸ਼ਨ ਦੀ ਚੱਲ ਰਹੀ ਪ੍ਰੀਕ੍ਰਿਆ ਰਾਹੀਂ ਵੀ ਉਕਤ ਸਕੂਲਾਂ ਵਿੱਚ ਖਾਲੀ ਅਸਾਮੀਆਂ ਨੂੰ ਜਲਦ ਭਰਨ ਦਾ ਉਪਰਾਲਾ ਕੀਤਾ ਜਾਵੇਗਾ।

ਅਨੁਲੱਗ "ੳ"

ਸਕੂਲ ਦਾ ਨਾਮ	ਟੀਚਿੰਗ ਕਾਡਰ			ਨਾਨ ਟੀਚਿੰਗ ਕਾਡਰ		
	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ
ਸ.ਸ.ਸ.ਸ. ਪਥਰਾਲਾ	23	17	6	2	2	0
ਸ.ਸ.ਸ.ਸ. ਘੁੱਦਾ	35	22	13	6	4	2
ਸ.ਸ.ਸ.ਸ. ਦੇਵੀ ਨਗਰ	25	18	7	3	3	0
ਸ.ਹ.ਸ. ਬੀੜ ਬਹਿਮਣ	10	9	1	3	3	0
ਸ.ਹ.ਸ. ਬਾਂਡੀ	17	14	3	3	2	1
ਸ.ਹ.ਸ. ਵਿਰਕ ਖੁਰਦ	10	9	1	2	2	0
ਸ.ਹ.ਸ. ਕਾਲਝਰਾਣੀ	14	14	0	1	0	1
ਕੁੱਲ	134	103	31	20	16	4

ਸੇਮ ਦੀ ਸਮੱਸਿਆ ਨੂੰ ਹੱਲ ਕਰਨਾ

***1868. ਸ਼੍ਰੀ ਸੁਨੀਲ ਜਾਖੜ:** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਦੱਖਣ-ਪੱਛਮੀ ਭਾਗ ਵਿੱਚ ਫੈਲੀ ਸੇਮ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਦੀ ਕੀ ਯੋਜਨਾ ਹੈ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: ਸਰਕਾਰ ਵੱਲੋਂ ਰਾਜ ਦੇ ਦੱਖਣ-ਪੱਛਮੀ ਭਾਗ ਵਿੱਚ ਫੈਲੀ ਸੇਮ ਦੀ ਸਮੱਸਿਆ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਦੀ ਸਹਾਇਤਾ ਨਾਲ ਇੱਕ ਪ੍ਰੋਜੈਕਟ ਜਿਸ ਦਾ ਨਾਮ 'ਲੌਂਗ ਟਰਮ ਮਈਅਰਜ਼ ਟੂ ਟੈਕਲ ਵਾਟਰ ਲੌਗਿੰਗ ਪ੍ਰੋਬਲਮ ਇੰਨ ਸਾਊਥ ਵੈਸਟਰਨ ਡਿਸਟਰਿਕਟ ਆਫ ਪੰਜਾਬ, ਜਿਸ ਵਿੱਚ 3 ਕੰਪੋਨੈਂਟਸ (1) ਲਾਈਨਿੰਗ ਆਫ ਰਾਜਸਥਾਨ ਫੀਡਰ ਕੈਨਾਲ (2) ਲਾਈਨਿੰਗ ਆਫ ਸਰਹੰਦ ਫੀਡਰ ਕੈਨਾਲ ਅਤੇ (3) ਡਰੇਨੇਜ਼ ਸਰਫੇਸ ਅਤੇ ਸਬ ਸਰਫੇਸ ਵਰਕਸ ਮਨਜ਼ੂਰ ਹੈ। ਇਸ ਦੀ ਕੁੱਲ ਲਾਗਤ 2246 ਕਰੋੜ ਰੁਪਏ ਹੈ ਅਤੇ ਇਸ ਨੂੰ ਤਿੰਨ ਸਾਲਾਂ ਭਾਵ ਮਾਰਚ, 2017 ਤੱਕ ਮੁਕੰਮਲ ਕੀਤੇ ਜਾਣ ਦੀ ਤਜਵੀਜ਼ ਹੈ ।

ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਉਸਾਰੀਆਂ ਸੜਕਾਂ ਦੀ ਮੁਰੰਮਤ ਕਰਨਾ

***2018. ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਉਸਾਰੀਆਂ ਗਈਆਂ ਟਾਂਡਾ ਹਾਈਵੇਅ ਤੋਂ ਜਾਜਾ ਢੋਲਬਾਹਾ ਅਤੇ ਸਰਕਾਰੀ ਕਾਲਜ ਟਾਂਡਾ ਤੋਂ ਗੜ੍ਹਦੀਵਾਲਾ ਖਸਤਾ ਹਾਲਤ ਸੜਕਾਂ ਦੀ ਮੁਰੰਮਤ ਕਰਨ ਲਈ ਸਰਕਾਰ ਦੀ ਕੀ ਤਜਵੀਜ਼ ਹੈ?

ਸਰਦਾਰ ਜਨਮੇਜਾ ਸਿੰਘ ਸੇਖੋਂ: ਸ਼੍ਰੀਮਾਨ ਜੀ, ਹਾਲ ਦੀ ਘੜੀ ਟਾਂਡਾ ਹਾਈਵੇਅ ਤੋਂ ਜਾਜਾ ਢੋਲਬਾਹਾ ਸੜਕ ਰਿਪੇਅਰ ਕਰਨ ਦੀ ਕੋਈ ਵੀ ਤਜਵੀਜ਼ ਨਹੀਂ ਹੈ।

ਸਰਕਾਰੀ ਕਾਲਜ ਟਾਂਡਾ ਤੋਂ ਗੜ੍ਹਦੀਵਾਲਾ ਸੜਕ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਸਾਲ, 2010 ਵਿਚ ਬਣੀ ਸੀ ਅਤੇ ਇਸ ਦਾ ਰੱਖ-ਰਖਾਅ ਐਗਰੀਮੈਂਟ ਚਾਲੂ ਹਾਲਤ ਵਿਚ ਹੈ ਅਤੇ ਅਪ੍ਰੈਲ, 2015 ਤੱਕ ਇਸ ਦੀ ਰਿਪੇਅਰ ਕਰ ਦਿੱਤੀ ਜਾਵੇਗੀ।

ਸੀਵਰੇਜ ਸਿਸਟਮ ਦੀ ਮੁਰੰਮਤ ਕਰਨਾ

***1830. ਸਰਦਾਰ ਹਰਪ੍ਰੀਤ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਲੋਟ ਸ਼ਹਿਰ ਦੇ ਸੀਵਰੇਜ ਸਿਸਟਮ ਦੀ ਮੁਰੰਮਤ ਅਤੇ ਨਵੇਂ ਲਗਾਏ ਜਾ ਰਹੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਅਜੋਕੀ ਸਥਿਤੀ ਕੀ ਹੈ?

ਸ਼੍ਰੀ ਅਨਿਲ ਜੋਸ਼ੀ : ਮਲੋਟ ਵਿਖੇ ਸੀਵਰੇਜ ਸਿਸਟਮ ਦੀ ਮੁਰੰਮਤ ਦਾ ਕੰਮ ਪ੍ਰਗਤੀ ਅਧੀਨ ਹੈ। 3000 ਮੀਟਰ ਮੇਨ ਸੀਵਰ, ਜਿਸ ਦੀ ਸਫਾਈ ਦੀ ਜ਼ਰੂਰਤ ਸੀ, ਦੀ ਸੁਪਰ ਸਕਸ਼ਨ ਮਸ਼ੀਨ ਨਾਲ ਸਫਾਈ ਕਰਵਾਈ ਜਾ ਚੁੱਕੀ ਹੈ। 1200 ਮੀਟਰ ਦੀ ਰਾਈਜਿੰਗ ਮੇਨ ਵਿਚੋਂ 300 ਮੀਟਰ ਮੌਕੇ ਉੱਤੇ ਲਗਾਈ ਜਾ ਚੁੱਕੀ ਹੈ ਅਤੇ ਬਾਕੀ ਦਾ ਕੰਮ ਅਗਸਤ, 2015 ਤੱਕ ਮੁਕੰਮਲ ਹੋਣ ਦੀ ਆਸ ਹੈ। ਜਿਥੋਂ ਤੱਕ ਸੀਵਰੇਜ ਟਰੀਟਮੈਂਟ ਪਲਾਂਟ ਦਾ ਸਬੰਧ ਹੈ, ਇਸ ਦਾ 70 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਕੰਮ ਜੂਨ, 2015 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਅਧਿਕਾਰੀਆਂ/ਕਰਮਚਾਰੀਆਂ ਦਾ ਡੇਲੀ ਅਲਾਊਂਸ ਵਧਾਉਣ ਬਾਰੇ

***1996. ਸਰਦਾਰ ਅਜਾਇਬ ਸਿੰਘ ਭੱਟੀ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਭਵਨਾਂ/ਸਰਕਟ ਹਾਊਸਾਂ ਦਾ ਕਿਰਾਇਆ ਅਤੇ ਖਾਣ-ਪੀਣ ਦਾ ਰੇਟ ਬਹੁਤ ਜ਼ਿਆਦਾ ਵਧਾਏ ਜਾਣ ਕਾਰਨ ਸਰਕਾਰੀ ਕਰਮਚਾਰੀਆਂ/ਅਧਿਕਾਰੀਆਂ ਦੇ ਟੂਰ ਉੱਤੇ ਜਾਣ ਦੌਰਾਨ ਉਨ੍ਹਾਂ ਦੇ ਡੇਲੀ ਅਲਾਊਂਸ ਵਿਚ ਵਾਧਾ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵਾ ਦਿੱਤਾ ਜਾਵੇ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ: ਨਹੀਂ ਜੀ। ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਵਿੱਤ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 18/10/09-4ਐਫ.ਪੀ.-2/440, ਮਿਤੀ 31.08.2009 ਰਾਹੀਂ ਪਹਿਲਾਂ ਦਿੱਤੇ ਜਾਂਦੇ ਡੇਲੀ ਅਲਾਊਂਸ ਵਿਚ ਪਹਿਲਾਂ ਹੀ ਦੁੱਗਣਾ ਵਾਧਾ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਹੁਣ ਅਜਿਹੀ ਕੋਈ ਤਜਵੀਜ਼ ਵਿੱਤ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

ਮੋਗਾ ਜ਼ਿਲ੍ਹਾ ਦੇ ਪਿੰਡਾਂ ਵਿਚ ਆਰ.ਓ. ਸਿਸਟਮ ਲਗਾਉਣਾ

***2017. ਸ਼੍ਰੀਮਤੀ ਰਾਜਵਿੰਦਰ ਕੌਰ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮੋਗਾ ਦੇ ਪਿੰਡ ਧੂੜਕੋਟ ਟਾਹਲੀ ਵਾਲਾ, ਮਟਵਾਣੀ, ਕਿਸ਼ਨਗੜ੍ਹ (ਪੱਖਰਵੱਢ) ਵਿਚ ਸਰਕਾਰ ਵੱਲੋਂ ਆਰ.ਓ. ਸਿਸਟਮ ਲਗਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪਿੰਡ ਧੂੜਕੋਟ ਟਾਹਲੀ ਵਾਲਾ, ਮਟਵਾਣੀ ਅਤੇ ਕਿਸ਼ਨਗੜ੍ਹ ਵਿਖੇ ਪਾਣੀ ਦੇ ਸੈਂਪਲ ਟੈਸਟ ਕਰਵਾਉਣ ਉਪਰੰਤ ਸਹੀ ਪਾਏ ਗਏ ਹਨ। ਆਉਣ ਵਾਲੇ ਸਮੇਂ ਵਿਚ ਜੇਕਰ ਪਾਣੀ ਦੇ ਸੈਂਪਲ ਟੈਸਟ ਕਰਵਾਉਣ ਉਪਰੰਤ ਠੀਕ ਨਹੀਂ ਪਾਏ ਗਏ ਤਾਂ ਰਿਪੋਰਟ ਮੁਤਾਬਿਕ ਇਨ੍ਹਾਂ ਪਿੰਡਾਂ ਵਿਚ ਆਰ.ਓ. ਪਲਾਂਟ ਲਗਾਉਣ ਲਈ ਤਜਵੀਜ਼ ਤਿਆਰ ਕਰ ਲਈ ਜਾਵੇਗੀ।

ਪਿੰਡਾਂ ਵਿੱਚ ਆਰ.ਓਜ਼ ਲਗਾਉਣਾ

***1957. ਰਾਣਾ ਗੁਰਮੀਤ ਸਿੰਘ ਸੋਢੀ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹਲਕਾ ਗੁਰੂ ਹਰਸਹਾਏ ਵਿੱਚ ਮਨਜ਼ੂਰ ਕੀਤੇ ਅਤੇ ਲਗਾਏ ਗਏ ਆਰ.ਓਜ਼. ਦੇ ਪਿੰਡਵਾਰ ਵੇਰਵੇ ਕੀ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : ਹਲਕਾ ਗੁਰੂ ਹਰਸਹਾਏ ਦੇ 51 ਪਿੰਡਾਂ ਵਿੱਚ ਆਰ.ਓ.ਸਿਸਟਮਜ਼ ਰਾਹੀਂ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਚੁੱਕਾ ਹੈ ਅਤੇ ਹੋਰ 19 ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾਉਣ ਦਾ ਕੰਮ ਪ੍ਰਗਤੀ ਅਧੀਨ ਹੈ, ਜੋ ਕਿ ਮਿਤੀ 30.4.2015 ਤੱਕ ਮੁਕੰਮਲ ਹੋ ਜਾਵੇਗਾ। ਪਿੰਡ-ਵਾਰ ਵੇਰਵੇ ਨਾਲ ਨੱਥੀ ਅਨੁਲੱਗ-ੳ ਅਤੇ ਅ ਵਿੱਚ ਦਿੱਤੇ ਗਏ ਹਨ।

ਲੜੀ ਨੰ.	ਪਿੰਡ ਦਾ ਨਾਂ	ਬਲਾਕ	ਵਿਧਾਨ ਸਭਾ ਹਲਕਾ
1.	ਸੈਦੋ ਕੇ ਮੋਹਣ	ਗੁਰੂ ਹਰਸਹਾਏ	78 ਗੁਰੂ ਹਰਸਹਾਏ
2.	ਜੀਵਾ ਅਰਾਈ	ਗੁਰੂ ਹਰਸਹਾਏ	78 ਗੁਰੂ ਹਰਸਹਾਏ
3.	ਮੰਡੀ ਵਾਲ	ਗੁਰੂ ਹਰਸਹਾਏ	78 ਗੁਰੂ ਹਰਸਹਾਏ
4.	ਰਹਿਮੇ ਸ਼ਾਹ ਬੋਦਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
5.	ਮਲੀਕ ਜਾਦਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
6.	ਚੱਕ ਸਵਾਹ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
7.	ਚੱਕ ਸੈਦੋ ਕੇ	ਗੁਰੂ ਹਰਸਹਾਏ	78 ਗੁਰੂ ਹਰਸਹਾਏ
8.	ਜਮਾਲਗੜ੍ਹ	ਗੁਰੂ ਹਰਸਹਾਏ	78 ਗੁਰੂ ਹਰਸਹਾਏ
9.	ਮੋਰਾ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
10.	ਝਾੜੀ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
11.	ਕੇਸਰ ਸਿੰਘ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
12.	ਵੀਰਕ ਖੁਰਦ	ਗੁਰੂ ਹਰਸਹਾਏ	78 ਗੁਰੂ ਹਰਸਹਾਏ
	ਲੇ ਵਾਲੀ	ਗੁਰੂ ਹਰਸਹਾਏ	78 ਗੁਰੂ ਹਰਸਹਾਏ

14.	ਲਮੋਚੜ ਕਲਾਂ ਉਤਾੜ	ਗੁਰੂ ਹਰਸਹਾਏ	78 ਗੁਰੂ ਹਰਸਹਾਏ
15.	ਚੱਕ ਜਮਾਲ ਗੜ੍ਹ	ਗੁਰੂ ਹਰਸਹਾਏ	78 ਗੁਰੂ ਹਰਸਹਾਏ
16.	ਮਹਨਤਾ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
17.	ਕੁਟੀ	ਗੁਰੂ ਹਰਸਹਾਏ	78 ਗੁਰੂ ਹਰਸਹਾਏ
18.	ਨਿਧਾਨਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
19.	ਲੈਪੋ	ਗੁਰੂ ਹਰਸਹਾਏ	78 ਗੁਰੂ ਹਰਸਹਾਏ
20.	ਠਠਰਿਆ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
21.	ਚੱਕ ਪੰਜੇ ਕੇ	ਗੁਰੂ ਹਰਸਹਾਏ	78 ਗੁਰੂ ਹਰਸਹਾਏ
22.	ਦੁਲੇ ਕੇ ਨੱਥੂ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
23.	ਬਲੇਲ ਕੇ ਕਾਮਲ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
24.	ਮੋਠਨ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
25.	ਮੇਗਾ ਰਾਏ ਉਤਾੜ	ਗੁਰੂ ਹਰਸਹਾਏ	78 ਗੁਰੂ ਹਰਸਹਾਏ
26.	ਫਤੇਗੜ੍ਹ ਗਹਰੀ	ਗੁਰੂ ਹਰਸਹਾਏ	78 ਗੁਰੂ ਹਰਸਹਾਏ
27.	ਚੱਕ ਮਹਨਤਾ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
28.	ਚੱਕ ਨਿਧਾਨਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
29.	ਮਿਡਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
30.	ਗੁਰੂ ਹਰਸਹਾਏ 1	ਗੁਰੂ ਹਰਸਹਾਏ	78 ਗੁਰੂ ਹਰਸਹਾਏ
31.	ਗੁਰੂ ਹਰਸਹਾਏ 2	ਗੁਰੂ ਹਰਸਹਾਏ	78 ਗੁਰੂ ਹਰਸਹਾਏ
32.	ਨਿਧਾਨਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
33.	ਗੁਰੂ ਹਰਸਹਾਏ 3	ਗੁਰੂ ਹਰਸਹਾਏ	78 ਗੁਰੂ ਹਰਸਹਾਏ
34.	ਜੰਡ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
35.	ਨਾਓ ਬਹਿਰਮ ਸ਼ੇਰ ਸਿੰਘ	ਗੁਰੂ ਹਰਸਹਾਏ	78 ਗੁਰੂ ਹਰਸਹਾਏ

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

36.	ਬੁਲਾ ਰਾਏ ਉਤਾੜ	ਗੁਰੂ ਹਰਸਹਾਏ	78 ਗੁਰੂ ਹਰਸਹਾਏ
37.	ਬੂਰ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
38.	ਘੰਗਾ ਕਲਾਂ	ਗੁਰੂ ਹਰਸਹਾਏ	78 ਗੁਰੂ ਹਰਸਹਾਏ
39.	ਘੰਗਾ ਖੁਰਦ	ਗੁਰੂ ਹਰਸਹਾਏ	78 ਗੁਰੂ ਹਰਸਹਾਏ
40.	ਸੋਹਣ ਗੜ੍ਹ	ਗੁਰੂ ਹਰਸਹਾਏ	78 ਗੁਰੂ ਹਰਸਹਾਏ
41.	ਆਹਮਦ ਢੰਡੀ	ਮਮਦੋਟ	78 ਗੁਰੂ ਹਰਸਹਾਏ
42.	ਚੱਕ ਕੰਧੇ ਸ਼ਾਹ	ਮਮਦੋਟ	78 ਗੁਰੂ ਹਰਸਹਾਏ
43.	ਕੜਮਾ ਉਰਫ ਬਲੈਲ ਕੇ ਰੋਹੀਲਾ	ਮਮਦੋਟ	78 ਗੁਰੂ ਹਰਸਹਾਏ
44.	ਅਲਫੂ ਕੇ	ਮਮਦੋਟ	78 ਗੁਰੂ ਹਰਸਹਾਏ
45.	ਦਿਲਾ ਰਾਮ	ਮਮਦੋਟ	78 ਗੁਰੂ ਹਰਸਹਾਏ
46.	ਚੱਕ ਮੇਘਾ ਵਿਰਾਨ	ਮਮਦੋਟ	78 ਗੁਰੂ ਹਰਸਹਾਏ
47.	ਲੱਖੋ ਕੇ ਬਹਿਰਾਮ	ਮਮਦੋਟ	78 ਗੁਰੂ ਹਰਸਹਾਏ
48.	ਝੋਕ ਟਹਿਲ ਸਿੰਘ	ਮਮਦੋਟ	78 ਗੁਰੂ ਹਰਸਹਾਏ
49.	ਜੰਗ	ਮਮਦੋਟ	78 ਗੁਰੂ ਹਰਸਹਾਏ
50.	ਚੱਕ ਜਮੀਤ ਸਿੰਘ ਵਾਲਾ	ਮਮਦੋਟ	78 ਗੁਰੂ ਹਰਸਹਾਏ
51.	ਚੂੜ ਖਿਲਚੀ	ਫਿਰੋਜਪੁਰ	78 ਗੁਰੂ ਹਰਸਹਾਏ

ਅੰਤਿਕਾ-ਅ

ਲੜੀ ਨੰ.	ਪਿੰਡ ਦਾ ਨਾਂ	ਬਲਾਕ	ਵਿਧਾਨ ਸਭਾ ਹਲਕਾ
1.	ਬਾਗੂ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
2.	ਬਲੇਲ ਕੇ ਹਾਸਲ	ਗੁਰੂ ਹਰਸਹਾਏ	78 ਗੁਰੂ ਹਰਸਹਾਏ
3.	ਚੱਕ ਰਖਮੀਰ ਬਸਤੀ	ਗੁਰੂ ਹਰਸਹਾਏ	78 ਗੁਰੂ ਹਰਸਹਾਏ

4.	ਹਾਜੀ ਬਿਟੂ	ਗੁਰੂ ਹਰਸਹਾਏ	78 ਗੁਰੂ ਹਰਸਹਾਏ
5.	ਸਵਾਹ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
6.	ਹਡੀ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
7.	ਰੁਕਨਾ ਬੋਦਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
8.	ਤਿਲੇ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
9.	ਚੱਕ ਬੂਰ ਵਾਲਾ	ਗੁਰੂ ਹਰਸਹਾਏ	78 ਗੁਰੂ ਹਰਸਹਾਏ
10.	ਤ੍ਰਿਪਾਲ ਕੇ	ਗੁਰੂ ਹਰਸਹਾਏ	78 ਗੁਰੂ ਹਰਸਹਾਏ
11.	ਚੱਕ ਹਰਾਜ	ਮਮਦੋਟ	78 ਗੁਰੂ ਹਰਸਹਾਏ
12.	ਚੱਕ ਟਾਹਲੀ ਵਾਲਾ	ਮਮਦੋਟ	78 ਗੁਰੂ ਹਰਸਹਾਏ
13.	ਸ਼ਾਮ ਸਿੰਘ ਵਾਲਾ	ਮਮਦੋਟ	78 ਗੁਰੂ ਹਰਸਹਾਏ
14.	ਬੇਹ ਗੁਜਰ	ਮਮਦੋਟ	78 ਗੁਰੂ ਹਰਸਹਾਏ
15.	ਬੁਰਜ ਮੱਖਣ ਸਿੰਘ	ਮਮਦੋਟ	78 ਗੁਰੂ ਹਰਸ਼ਹਾਏ
16.	ਕੋਟ ਗੰਡਾ ਸਿੰਘ	ਮਮਦੋਟ	78 ਗੁਰੂ ਹਰਸਹਾਏ
17.	ਅਲੀ ਕੇ ਝੁਗੀਆਂ	ਮਮਦੋਟ	78 ਗੁਰੂ ਹਰਸਹਾਏ
18.	ਝੋਕ ਮੋਹਰੇ	ਮਮਦੋਟ	78 ਗੁਰੂ ਹਰਸਹਾਏ
19.	ਸ਼ਰੀਹ ਵਾਲਾ	ਮਮਦੋਟ	78 ਗੁਰੂ ਹਰਸਹਾਏ

UNSTARRED QUESTIONS AND ANSWERS

ਸਾਬਕਾ ਸਰਪੰਚ ਤੋਂ ਰਿਕਵਰੀ ਕਰਨਾ

174. ਸ਼੍ਰੀ ਰਜਨੀਸ਼ ਕੁਮਾਰ: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਮੁਕੇਰੀਆਂ ਅਧੀਨ ਪੈਂਦੇ ਪਿੰਡ ਘਸੀਟਪੁਰ ਦੀ ਸਾਬਕਾ ਸਰਪੰਚ ਦੀ 10 ਲੱਖ ਦੀ ਰਿਕਵਰੀ ਘਟਾ ਕੇ ਪੰਚਾਇਤੀ ਵਿਭਾਗ ਵੱਲੋਂ 02 ਲੱਖ ਰੁਪਏ ਕਰ ਦਿੱਤੇ ਜਾਣ ਦੇ ਕਾਰਨ ਕੀ ਹਨ ਅਤੇ ਉਪ੍ਰੋਕਤ ਸਰਪੰਚ ਤੋਂ ਹੁਣ ਤੱਕ ਕੀਤੀ ਗਈ ਰਿਕਵਰੀ ਦੇ ਵੇਰਵੇ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ੍ਰੀਮਾਨ ਜੀ, ਡੀ.ਡੀ.ਪੀ.ਓ., ਹੁਸ਼ਿਆਰਪੁਰ ਦੀ ਰਿਪੋਰਟ ਅਨੁਸਾਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਮੁਕੇਰੀਆਂ ਵੱਲੋਂ ਆਪਣੇ ਪੱਤਰ ਨੰਬਰ 1077 ਮਿਤੀ 13.3.2015 ਰਾਹੀਂ ਪ੍ਰਾਪਤ ਰਿਪੋਰਟ ਮੁਤਾਬਿਕ ਉਪ ਮੰਡਲ ਅਫਸਰ (ਪੰਚਾਇਤੀ ਰਾਜ), ਮੁਕੇਰੀਆਂ ਵੱਲੋਂ ਪੱਤਰ ਨੰ. 68 ਮਿਤੀ 11.2.14 ਰਾਹੀਂ 11,51,300/- ਰੁਪਏ ਦੀ ਅਸੈਸਮੈਂਟ ਕੀਤੀ ਗਈ ਸੀ। ਉਪਰੋਕਤ ਅਸੈਸਮੈਂਟ ਦੀ ਰਕਮ ਜਮ੍ਹਾਂ ਕਰਵਾਉਣ ਹਿੱਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੁਕੇਰੀਆਂ ਵੱਲੋਂ ਪੱਤਰ ਨੰ. 755 ਮਿਤੀ 28.2.2014 ਨੂੰ ਸਾਬਕਾ ਸਰਪੰਚ ਸ੍ਰੀਮਤੀ ਨੇਕ ਬਾਲਾ ਨੂੰ ਨੋਟਿਸ ਜਾਰੀ ਕੀਤਾ ਗਿਆ। ਸਾਬਕਾ ਸਰਪੰਚ ਵਲੋਂ ਨੋਟਿਸ ਦੇ ਜਵਾਬ ਵਿੱਚ ਇਹ ਸਪਸ਼ਟੀਕਰਨ ਦਿੱਤਾ ਗਿਆ ਕਿ ਇਹ ਅਸੈਸਮੈਂਟ ਮੇਰੀ ਗੈਰ ਹਾਜ਼ਰੀ ਵਿੱਚ ਮੈਨੂੰ ਨਿੱਜੀ ਨੁਕਸਾਨ ਪਹੁੰਚਾਉਣ ਲਈ ਕੀਤੀ ਗਈ ਹੈ। ਇਸ ਨਾਲ ਮੈਂ ਸਹਿਮਤ ਨਹੀਂ ਹਾਂ। ਮਾਨਯੋਗ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਉਪ-ਮੁੱਖ ਕਾਰਜਕਾਰੀ ਅਫਸਰ ਅਤੇ ਕਾਰਜਕਾਰੀ ਇੰਜੀਨੀਅਰ (ਪੰਚਾਇਤੀ ਰਾਜ) ਨੂੰ ਇਹ ਇਨਕੁਆਰੀ/ਅਸੈਸਮੈਂਟ ਸਾਬਕਾ ਸਰਪੰਚ ਦੀ ਮੌਜੂਦਗੀ ਵਿੱਚ ਕਰਨ ਦੀ ਹਦਾਇਤ ਜਾਰੀ ਕੀਤੀ ਗਈ। ਹਦਾਇਤ ਅਨੁਸਾਰ ਕਾਰਜਕਾਰੀ ਇੰਜੀਨੀਅਰ (ਪੰਚਾਇਤੀ ਰਾਜ) ਅਤੇ ਉਪ-ਮੁੱਖ ਕਾਰਜਕਾਰੀ ਅਫਸਰ, ਹੁਸ਼ਿਆਰਪੁਰ ਵੱਲੋਂ ਦੁਬਾਰਾ ਸਾਬਕਾ ਸਰਪੰਚ ਦੀ ਮੌਜੂਦਗੀ ਵਿੱਚ ਇਨਕੁਆਰੀ/ਅਸੈਸਮੈਂਟ ਕਰਦੇ ਹੋਏ ਪੱਤਰ ਨੰ. ਪਰਡ/ਹ/14/3120, ਮਿਤੀ 15.7.14 ਰਾਹੀਂ 2,93,472/- ਰੁਪਏ ਦੀ ਰਕਮ ਅਸੈਸ ਕੀਤੀ ਗਈ, ਜਿਸ ਸਬੰਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੁਕੇਰੀਆਂ ਵੱਲੋਂ ਪੱਤਰ ਨੰ. 2731 ਮਿਤੀ 25.7.14 ਦੁਆਰਾ ਸਾਬਕਾ ਸਰਪੰਚ ਨੂੰ ਇਹ ਰਕਮ ਜਮ੍ਹਾਂ ਕਰਵਾਉਣ ਹਿੱਤ ਨੋਟਿਸ ਜਾਰੀ ਕੀਤਾ ਗਿਆ। ਨੋਟਿਸ ਅਨੁਸਾਰ ਸਰਪੰਚ ਵੱਲੋਂ ਬੈਂਕ ਡਰਾਫਟ ਨੰ. 937927779 ਮਿਤੀ 12.2.15 ਦੁਆਰਾ 50,000/- ਰੁਪਏ ਦੀ ਰਕਮ ਪੰਚਾਇਤ ਖਾਤੇ ਵਿੱਚ ਜਮ੍ਹਾਂ ਕਰਵਾਈ ਗਈ ਹੈ।

ਸਕੂਲੀ ਬੱਸ ਹਾਦਸਿਆਂ ਨੂੰ ਰੋਕਣਾ

182. ਸਰਦਾਰ ਕੇਵਲ ਸਿੰਘ ਢਿੱਲੋਂ: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਕੂਲੀ ਬੱਸ ਹਾਦਸੇ ਰੋਕਣ ਸਬੰਧੀ ਮਾਨਯੋਗ ਸੁਪਰੀਮ

ਕੋਰਟ ਵੱਲੋਂ ਜਾਰੀ ਹਦਾਇਤਾਂ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਕੀ ਯੋਜਨਾ ਬਣਾਈ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ।

ਸਰਦਾਰ ਅਜੀਤ ਸਿੰਘ ਕੋਹਾੜ : ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਹਾਈ ਕੋਰਟ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੇ ਸਨਮੁੱਖ ਟਰਾਂਸਪੋਰਟ ਵਿਭਾਗ ਵੱਲੋਂ ਸਕੂਲੀ ਬੱਸ ਹਾਦਸਿਆਂ ਨੂੰ ਰੋਕਣ ਸਬੰਧੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਸ ਸਬੰਧੀ ਸਰਕਾਰ ਵੱਲੋਂ ਸੇਫ ਸਕੂਲ ਵਾਹਨ ਸਕੀਮ ਵੀ ਬਣਾਈ ਗਈ ਹੈ, ਜਿਸ ਤਹਿਤ ਪੰਜਾਬ ਰਾਜ ਦੇ ਸਾਰੇ ਵਿਦਿਅਕ ਅਦਾਰਿਆਂ ਨੂੰ ਇਸ ਸਕੀਮ ਤਹਿਤ ਸਕੂਲੀ ਬੱਸਾਂ ਚਲਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇਸ ਸਕੀਮ ਤਹਿਤ ਜ਼ਿਲ੍ਹਾ ਪੱਧਰ ਤੇ ਅੰਤਰ ਵਿਭਾਗੀ ਕਮੇਟੀਆਂ ਵੀ ਬਣਾਈਆਂ ਗਈਆਂ ਹਨ ਜਿਸ ਵਿੱਚ ਉਪ-ਮੰਡਲ ਮੈਜਿਸਟ੍ਰੇਟ, ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ, ਸੁਪਰਡੰਟ ਪੁਲਿਸ(ਟ੍ਰੈਫਿਕ),ਮਿਉਂਸਪਲ ਕਮੇਟੀ ਦੇ ਐਗਜੈਕਟਿਵ ਅਫ਼ਸਰ ਅਤੇ ਸਹਾਇਕ, ਮਕੈਨੀਕਲ ਇੰਜੀਨੀਅਰ ਪੰਜਾਬ ਰੋਡਵੇਜ, ਮੈਂਬਰ ਬਣਾਏ ਗਏ ਹਨ। ਇਸ ਕਮੇਟੀ ਨੂੰ ਇਹ ਵੀ ਅਧਿਕਾਰ ਦਿੱਤੇ ਗਏ ਹਨ ਕਿ ਉਹ ਸਾਲ ਵਿੱਚ ਇੱਕ ਵਾਰ ਸਕੂਲੀ ਬੱਸਾਂ ਦੀ ਪੜਤਾਲ ਕਰਨ। ਇਹ ਕਮੇਟੀ ਸਕੂਲੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਸਬੰਧੀ ਵਿਚਾਰ ਕਰੇਗੀ ਅਤੇ ਫੈਸਲੇ ਲਵੇਗੀ। ਸਕੂਲੀ ਬੱਚਿਆਂ ਦੀ ਢੋਆ-ਢੋਆਈ ਲਈ ਸਕੂਲ ਦੇ ਪ੍ਰਬੰਧਕ ਜਿਵੇਂ ਕਿ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾਂ ਦੀ ਵੀ ਜ਼ਿੰਮੇਵਾਰੀ ਹੋਵੇਗੀ । ਇਸ ਤੋਂ ਇਲਾਵਾ ਸੇਫ ਵਾਹਨ ਸਕੂਲ ਸਕੀਮ ਅਧੀਨ ਸਕੂਲੀ ਪੱਧਰ ਤੇ ਟਰਾਂਸਪੋਰਟ ਕਮੇਟੀ ਦਾ ਗਠਨ ਕਰਨ ਦਾ ਪ੍ਰਬੰਧ ਕੀਤਾ ਹੋਇਆ ਹੈ ਅਤੇ ਇਹ ਕਮੇਟੀ ਸਕੂਲੀ ਬੱਚਿਆਂ ਦੀ ਸੁਰੱਖਿਅਤ ਢੋਆ-ਢੋਆਈ ਲਈ ਹਰ ਪਹਿਲੂ ਤੇ ਵਿਚਾਰ ਕਰੇਗੀ ਅਤੇ ਸਕੂਲੀ ਬੱਸਾਂ ਤੇ ਦਸਤਾਵੇਜ ਜਿਵੇਂ ਕਿ ਫਿਟਨੈਸ ਸਰਟੀਫਿਕੇਟ, ਡਰਾਈਵਰ ਦਾ ਡਰਾਇਵਿੰਗ ਲਾਈਸੈਂਸ, ਇਨਸ਼ੋਰੈਂਸ ਸਰਟੀਫਿਕੇਟ ਲਗਾਉਣ ਆਦਿ ਦੀ ਤਸਦੀਕ ਕਰੇਗੀ ਅਤੇ ਇਨ੍ਹਾਂ ਦਸਤਾਵੇਜਾਂ ਨੂੰ ਜ਼ਰੂਰੀ ਰੱਖਣਾ ਲਾਜ਼ਮੀ ਬਣਾਵੇਗੀ।

ਟਰਾਂਸਪੋਰਟ ਦੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਸਖਤੀ ਨਾਲ ਸਕੂਲੀ ਬੱਸਾਂ ਦੀ ਚੈਕਿੰਗ ਕਰਨ ਅਤੇ ਜੇਕਰ

ਕੋਈ ਸਕੂਲੀ ਬੱਸ "ਸੇਫ ਸਕੂਲ ਵਾਹਨ ਸਕੀਮ" ਅਧੀਨ ਚਲਦੀ ਨਹੀਂ ਪਾਈ ਜਾਂਦੀ ਤਾਂ ਉਸ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇ। ਮਿਤੀ 01.01.2014 ਤੋਂ 28.02.2015 ਤੱਕ ਟਰਾਂਸਪੋਰਟ ਅਧਿਕਾਰੀਆਂ ਵੱਲੋਂ 1155 ਸਕੂਲੀ ਬੱਸਾਂ ਦੇ ਚਲਾਨ ਕੀਤੇ ਗਏ ਹਨ ਅਤੇ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਜੇਕਰ ਕਿਸੇ ਸਕੂਲੀ ਬੱਸ ਦਾ ਹਾਦਸਾ ਹੋਵੇਗਾ ਤਾਂ ਉਸ ਸਬੰਧੀ ਸਬੰਧਤ ਇਲਾਕੇ ਦਾ ਪੁਲਿਸ ਟ੍ਰੈਫਿਕ ਇੰਚਾਰਜ, ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਨਾਲ-ਨਾਲ ਸਬੰਧਤ ਸਕੂਲ ਦੇ ਪ੍ਰਬੰਧਕ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਸਕੂਲੀ ਬੱਚਿਆਂ ਦੀ ਸੁਰੱਖਿਅਤ ਢੋਆ-ਢੋਆਈ ਸਬੰਧੀ ਕਿਸੇ ਪ੍ਰਕਾਰ ਦਾ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਸਮੇਂ-ਸਮੇਂ ਸਿਰ ਮਾਨਯੋਗ ਸੁਪਰੀਮ ਕੋਰਟ ਅਤੇ ਹਾਈ ਕੋਰਟ ਵੱਲੋਂ ਜਾਰੀਂ ਕੀਤੀਆਂ ਗਈਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ।

ਸਿਵਲ ਹਸਪਤਾਲ, ਬਰਨਾਲਾ ਵਿੱਚ ਖਾਲੀ ਅਸਾਮੀਆਂ ਭਰਨਾ

183. ਸਰਦਾਰ ਕੇਵਲ ਸਿੰਘ ਢਿੱਲੋਂ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਿਵਲ ਹਸਪਤਾਲ, ਬਰਨਾਲਾ ਵਿਚ ਡਾਕਟਰੀ ਅਤੇ ਦੂਸਰੇ ਅਮਲੇ ਦੀਆਂ ਕਿਹੜੀਆਂ-ਕਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ;

(ਅ) ਕੀ ਸਰਕਾਰ ਉਪ੍ਰੋਕਤ ਹਸਪਤਾਲ ਵਿਚ ਮਾਹਿਰ ਡਾਕਟਰਾਂ ਦੀ ਗਿਣਤੀ ਵਧਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਵਿਚਾਰ ਰੱਖਦੀ ਹੈ ਤਾਂ ਇਹ ਗਿਣਤੀ ਕਦੋਂ ਤੱਕ ਵਧਾ ਦਿੱਤੀ ਜਾਵੇਗੀ;

(ੲ) ਕੀ ਸਰਕਾਰ ਇਸ ਹਸਪਤਾਲ ਵਿਚ ਜਨਾਨਾ ਵਾਰਡ ਤਿੰਨ ਬਿਸਤਰਿਆਂ ਤੋਂ ਪੰਜਾਹ ਬਿਸਤਰਿਆਂ ਦਾ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ,

(ੳ) ਸਿਵਲ ਹਸਪਤਾਲ, ਬਰਨਾਲਾ ਵਿੱਚ ਡਾਕਟਰੀ ਅਤੇ ਹੋਰ ਦੂਸਰੇ ਅਮਲੇ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਸ਼੍ਰੇਣੀਵਾਰ ਵੇਰਵੇ ਦੀ ਸੂਚਨਾ ਅਨੁਲਗ 'ੳ' ਤੇ ਰੱਖੀ ਜਾਂਦੀ ਹੈ ਜੀ। ਵਿਭਾਗ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਉਪਰਾਲੇ ਕਰ ਰਿਹਾ ਹੈ।

(ਅ) ਫਿਲਹਾਲ ਇਸ ਹਸਪਤਾਲ ਵਿੱਚ ਮਾਹਿਰ ਡਾਕਟਰਾਂ ਦੀ ਹੋਰ ਗਿਣਤੀ ਵਧਾਉਣ ਦਾ ਸਰਕਾਰ ਦਾ ਕੋਈ ਵਿਚਾਰ ਨਹੀ ਹੈ।

(ੲ) ਜ਼ਿਲ੍ਹਾ ਹਸਪਤਾਲ, ਬਰਨਾਲਾ ਵਿਖੇ ਸਰਕਾਰ ਵੱਲੋਂ 50 ਬਿਸਤਰਿਆਂ ਵਾਲੇ ਜੱਚਾ-ਬੱਚਾ ਹਸਪਤਾਲ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ ਜੋ ਕਿ ਜਲਦ ਹੀ ਮੁਕੰਮਲ ਹੋ ਜਾਵੇਗਾ।

ਅਨੁਲੱਗ- 'ੳ'

ਸਿਵਲ ਹਸਪਤਾਲ, ਬਰਨਾਲਾ ਵਿਖੇ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

ਲੜੀ ਨੰ:	ਅਸਾਮੀ ਦਾ ਨਾਮ	ਮਨਜ਼ੂਰਸ਼ੁਦਾ	ਭਰੀਆਂ	ਖਾਲੀ
1.	ਸੀਨੀਅਰ ਮੈਡੀਕਲ ਅਫਸਰ	1	1	0
2.	ਮੈਡੀਕਲ ਅਫਸਰ (ਮੈਡੀਸਨ)	1	1	0
3.	ਮੈਡੀਕਲ ਅਫਸਰ (ਸਰਜਰੀ)	1	1	0
4.	ਮੈਡੀਕਲ ਅਫਸਰ (ਗਾਇਨੀ)	1	1	0
5.	ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ)	1	1	0
6.	ਮੈਡੀਕਲ ਅਫਸਰ (ਹੱਡੀਆਂ ਦੇ ਮਾਹਿਰ)	1	0	1
7.	ਮੈਡੀਕਲ ਅਫਸਰ (ਐਨਸਥੀਸੀਆ)	1	0	1

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

8.	ਮੈਡੀਕਲ ਅਫਸਰ (ਪਥੋਲੋਜੀ)	1	1	0
9.	ਮੈਡੀਕਲ ਅਫਸਰ (ਅੱਖਾਂ ਦੇ ਮਾਹਿਰ)	1	1	0
10.	ਮੈਡੀਕਲ ਅਫਸਰ (ਰੇਡੀਓਲੋਜੀ)	1	1	0
11.	ਮੈਡੀਕਲ ਅਫਸਰ (ਸਾਇਕੈਟਰੀ)	2	1	1
12.	ਬਲੱਡ ਟਰਾਂਸਫਿਊਜ਼ਨ ਅਫਸਰ	1	0	1
13.	ਮੈਡੀਕਲ ਅਫਸਰ (ਸਕਿਨ ਐਂਡ ਵੀ.ਡੀ.)	1	1	0
14.	ਮੈਡੀਕਲ ਅਫਸਰ (ਈ.ਐਨ.ਟੀ.)	1	1	0
15.	ਮੈਡੀਕਲ ਅਫਸਰ (ਡੈਂਟਲ)	1	1	0
16.	ਐਮਰਜੈਂਸੀ ਮੈਡੀਕਲ ਅਫਸਰ	7	6	1
17.	ਮੈਟਰਨ	2	1	1
18.	ਨਰਸਿੰਗ ਸਿਸਟਰ	3	2	1
19.	ਸਟਾਫ ਨਰਸ	29	28	1
20.	ਚੀਫ ਫਾਰਮਾਸਿਸਟ	2	2	0
21.	ਫਾਰਮਾਸਿਸਟ	3	3	0
22.	ਸੀਨੀਅਰ ਲੈਬੋਰਟਰੀ ਟੈਕਨੀਸ਼ੀਅਨ	1	1	0

23.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1	1	1	0
24.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2	4	4	0
25.	ਸੀਨੀਅਰ ਰੇਡੀਓਗ੍ਰਾਫਰ	1	1	0
26.	ਰੇਡੀਓਗ੍ਰਾਫਰ	3	2	1
27.	ਸਟੈਨੋ ਟਾਈਪਿਸਟ	1	0	1
28.	ਕਲਰਕ	3	3	0
29.	ਡਰਾਈਵਰ	1	1	0
30.	ਦਰਜਾ-4	30	23	7
	ਕੁੱਲ	107	90	17

ਬਾਬਾ ਕਾਲਾ ਮਾਹਿਰ ਸਟੇਡੀਅਮ ਨੂੰ ਅੱਪਗ੍ਰੇਡ ਕਰਨਾ

184. ਸਰਦਾਰ ਕੇਵਲ ਸਿੰਘ ਢਿੱਲੋਂ: ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਬਾਬਾ ਕਾਲਾ ਮਾਹਿਰ ਸਟੇਡੀਅਮ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਹੈ, ਜੇਕਰ ਹੈ ਤਾਂ ਇਹ ਸਟੇਡੀਅਮ ਕਦੋਂ ਤੱਕ ਅੱਪਗ੍ਰੇਡ ਕੀਤਾ ਜਾਵੇਗਾ ਅਤੇ ਇਸ ਵਾਸਤੇ ਕਿੰਨੇ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ?

ਸਰਦਾਰ ਸੁਖਬੀਰ ਸਿੰਘ ਬਾਦਲ : ਸਰਕਾਰ ਵੱਲੋਂ ਬਾਬਾ ਕਾਲਾ ਮਾਹਿਰ ਸਟੇਡੀਅਮ, ਬਰਨਾਲਾ ਦੀ ਅੱਪਗ੍ਰੇਡੇਸ਼ਨ ਕਰਨ ਦੀ ਤਜਵੀਜ਼ ਹੈ। ਅਪਗ੍ਰੇਡੇਸ਼ਨ ਦਾ ਕੰਮ ਵਿੱਤੀ ਸਾਲ 2015-16 ਦੌਰਾਨ ਮੁਕੰਮਲ ਕਰ ਲਿਆ ਜਾਵੇਗਾ, ਜਿਸ ਉੱਤੇ ਲਗਭਗ 7.00 ਕਰੋੜ ਰੁਪਏ ਖਰਚ ਆਉਣਗੇ।

ਹਾਲ ਹੀ ਵਿੱਚ ਭਰਤੀ ਹੋਏ ਅਧਿਆਪਕਾਂ ਦੀ ਤਨਖਾਹ

190. ਸ਼੍ਰੀ ਰਜਨੀਸ਼ ਕੁਮਾਰ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਹਾਲ ਹੀ ਵਿੱਚ ਨਿਯੁਕਤ ਹੋਏ 5178 ਅਧਿਆਪਕਾਂ ਨੇ ਜੁਆਇਨ ਕਰ ਲਿਆ ਹੈ: ਜੇਕਰ ਅਜਿਹਾ ਹੈ ਤਾਂ ਵਿਸ਼ਾ-ਵਾਰ ਅਤੇ ਸ਼੍ਰੇਣੀ-ਵਾਰ ਵੇਰਵਾ ਦਿੱਤਾ ਜਾਵੇ।

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਅਧਿਆਪਕਾਂ ਨੂੰ 6000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ: ਜੇਕਰ ਅਜਿਹਾ ਹੈ ਤਾਂ ਕੀ ਇਸ ਨੂੰ ਵਧਾਇਆ ਜਾ ਰਿਹਾ ਹੈ ਜਾਂ ਨਹੀਂ?

(ੲ) ਉਕਤ ਅਧਿਆਪਕਾਂ ਦੀ ਨਿਯੁਕਤੀ ਕਿਨ੍ਹਾਂ ਨਿਯਮਾਂ ਤਹਿਤ ਕੀਤੀ ਗਈ ਹੈ ਅਤੇ ਉਕਤ ਅਧਿਆਪਕਾਂ ਦੀ ਜ਼ਿਲ੍ਹੇ ਵਿੱਚ ਜਾਂ ਜ਼ਿਲ੍ਹੇ ਤੋਂ ਬਾਹਰ ਬਦਲੀ ਕਰਨ ਦੇ ਕੀ ਨਿਯਮ ਹਨ?

ਡਾਕਟਰ ਦਲਜੀਤ ਸਿੰਘ ਚੀਮਾ: (ੳ) ਹਾਲ ਹੀ ਵਿੱਚ ਨਿਯੁਕਤ ਹੋਏ 5178 ਦੀ ਭਰਤੀ ਵਾਲੇ ਅਧਿਆਪਕਾਂ ਵਿਚੋਂ 1847 ਅਧਿਆਪਕਾਂ ਨੇ ਜੁਆਇਨ ਕਰ ਲਿਆ ਹੈ, ਇਨ੍ਹਾਂ ਦਾ ਵਿਸ਼ਾ-ਵਾਰ ਅਤੇ ਸ਼੍ਰੇਣੀ-ਵਾਰ ਵੇਰਵਾ ਅਨੁਲੱਗ 'ੳ' ਤੇ ਹੈ ਜੀ।

(ਅ) ਹਾਂ ਜੀ, ਉਕਤ ਅਧਿਆਪਕਾਂ ਨੂੰ 6000/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ, ਇਨ੍ਹਾਂ ਦੇ ਮਿਹਨਤਾਨੇ ਸਬੰਧੀ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤ ਅਨੁਸਾਰ 500/- ਰੁਪਏ ਪ੍ਰਤੀ ਸਲਾਨਾ ਵਾਧਾ ਕੀਤਾ ਜਾਵੇਗਾ।

(ੲ) ਉਕਤ ਅਧਿਆਪਕਾਂ ਦੀ ਨਿਯੁਕਤੀ ਪੰਜਾਬ ਸਟੇਟ ਐਜੂਕੇਸ਼ਨ ਕਲਾਸ 3 ਸਰਵਿਸ ਰੂਲਜ਼ 1978, ਸੋਧ 1995 ਤਹਿਤ ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਤਹਿਤ ਕੀਤੀ ਗਈ ਹੈ। ਇਹ ਅਧਿਆਪਕ ਮਾਸਟਰ ਕਾਡਰ ਨਾਲ ਸਬੰਧਤ ਹਨ ਅਤੇ ਇਨ੍ਹਾਂ ਦਾ ਸਟੇਟ ਕਾਡਰ ਹੈ। ਇਨ੍ਹਾਂ ਨੂੰ ਪੰਜਾਬ ਰਾਜ ਵਿੱਚ ਕਿਸੇ ਵੀ ਸਥਾਨ ਤੇ ਤਾਇਨਾਤ ਕੀਤਾ/ਬਦਲਿਆ ਜਾ ਸਕਦਾ ਹੈ। ਇਨ੍ਹਾਂ ਅਧਿਆਪਕਾਂ ਦੀਆਂ ਬਦਲੀਆਂ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਨੀਤੀ ਅਨੁਸਾਰ ਹੀ ਕੀਤੀਆਂ ਜਾਣਗੀਆਂ।

ਅਨੁਲੱਗ-ੳ

ਲੜੀ ਨੰ:	ਸ਼੍ਰੇਣੀ	ਸਮਾਜਿਕ ਸਿੱਖਿਆ	ਪੰਜਾਬੀ	ਸਾਇੰਸ	ਹਿਸਾਬ	ਅੰਗਰੇਜ਼ੀ
1.	ਜਨਰਲ	523	192	62	116	255
2.	ਐਸ ਸੀ(ਐਮ/ਬੀ)	22	23	0	0	7
3.	ਐਸ ਸੀ (ਆਰ ਤੇ ੳ)	247	62	0	0	86
4.	ਬੀ.ਸੀ.	118	33	0	0	55
5.	ਐਸ ਸੀ ਐਕਸ ਸਰਵਿਸ ਮੈਨ	8	5	0	0	0
6.	ਐਕਸ ਸਰਵਿਸ ਮੈਨ	1	0	0	0	2
7.	ਬੀ ਸੀ ਐਕਸ ਸਰਵਿਸ ਮੈਨ	0	1	0	0	0
8.	ਆਜ਼ਾਦੀ ਘੁਲਾਟੀਏ	3	2	0	0	0
9.	ਸਪੋਰਟਸ	0	0	0	0	0
10.	ਅੰਗਹੀਣ	12	11	0	0	1
	ਕੁੱਲ	934	329	62	116	406

ਚੌਂਕਾਂ ਵਿੱਚ ਟ੍ਰੈਫਿਕ ਲਾਈਟਾਂ ਲਗਾਉਣ ਸਬੰਧੀ

191. ਸ਼੍ਰੀ ਰਜਨੀਸ਼ ਕੁਮਾਰ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸ਼ਹਿਰ ਮੁਕੇਰੀਆਂ ਦੇ ਹਾਈਵੇਅ ਤੇ ਪੈਂਦੇ ਮਾਤਾਰਾਣੀ ਚੌਂਕ, ਹਸਪਤਾਲ ਚੌਂਕ, ਖਿੱਚੀਆਂ ਚੌਂਕ ਉਤੇ ਹੋ ਰਹੇ ਐਕਸੀਡੈਂਟਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਗਏ ਹਨ;

(ਅ) ਉਪਰੋਕਤ ਚੌਂਕਾਂ ਤੇ ਟ੍ਰੈਫਿਕ ਲਾਈਟਾਂ ਅਤੇ ਟ੍ਰੈਫਿਕ ਕਰਮਚਾਰੀ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸ਼੍ਰੀ ਅਨਿਲ ਜੋਸ਼ੀ : (ੳ) ਸ਼ਹਿਰ ਮੁਕੇਰੀਆਂ ਦੇ ਹਾਈਵੇਅ ਤੇ ਪੈਂਦੇ ਮਾਤਾਰਾਣੀ ਚੌਂਕ, ਹਸਪਤਾਲ ਚੌਂਕ, ਖਿੱਚੀਆਂ ਚੌਂਕ ਉਤੇ ਹੋ ਰਹੇ ਐਕਸੀਡੈਂਟਾਂ ਨੂੰ ਰੋਕਣ ਲਈ ਬਲਿੰਕਰਜ਼ ਲਗਾਉਣ ਦੀ ਤਜਵੀਜ਼ ਤਿਆਰ ਕੀਤੀ ਹੋਈ ਹੈ, ਜਿਸ ਤੇ ਲਗਭਗ 2.40 ਲੱਖ ਰੁਪਏ ਦਾ ਖਰਚਾ ਆਵੇਗਾ।

(ਅ) ਜੀ ਨਹੀਂ।

ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨਾ

200. ਰਾਣਾ ਗੁਰਜੀਤ ਸਿੰਘ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਕਪੂਰਥਲਾ ਵਿੱਚ ਹਰ ਇੱਕ ਪ੍ਰਾਇਮਰੀ, ਮਿਡਲ, ਹਾਈ ਅਤੇ ਸੈਕੰਡਰੀ ਸਕੂਲ ਵਿੱਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਵਿਸ਼ਾ ਵਾਰ ਗਿਣਤੀ ਕਿੰਨੀ ਹੈ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਸਾਮੀਆਂ ਵਿਚੋਂ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਵਿਸ਼ਾ ਵਾਰ ਗਿਣਤੀ ਕਿੰਨੀ ਹੈ ਅਤੇ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਡਾਕਟਰ ਦਲਜੀਤ ਸਿੰਘ ਚੀਮਾ: (ੳ) ਅਨੁਲੱਗ ੳ* ਤੇ ਨੱਥੀ ਹਨ।

(ਅ) ਹਲਕਾ ਕਪੂਰਥਲਾ ਵਿਚ ਸਥਿਤ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੰਕੈਡਰੀ ਸਕੂਲਾਂ ਵਿਚ ਵਿਸ਼ਾ ਵਾਰ ਮਨਜੂਰ ਅਸਾਮੀਆਂ ਵਿਚੋਂ ਖਾਲੀ ਅਸਾਮੀਆਂ ਦਾ ਵੇਰਵਾ ਝੰਡੀ 'ੳ' ਤੇ ਨੱਥੀ ਸੂਚੀ ਅਨੁਸਾਰ ਹੈ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਲ 2014 ਵਿੱਚ ਪਹਿਲਾਂ ਹੀ ਪੰਚਾਇਤੀ ਰਾਜ ਸੰਸਥਾਵਾਂ ਦੇ ਸਕੂਲ ਸਿੱਖਿਆ ਵਿਭਾਗ ਵਿੱਚ ਵਾਪਸ ਕੀਤੇ ਗਏ ਹਨ। ਇਸ ਲਈ ਹੁਣ ਸਾਰੇ ਸਕੂਲਾਂ ਵਿੱਚ ਆਰ. ਟੀ. ਈ. ਐਕਟ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਸਕੂਲਾਂ ਵਿੱਚ ਅਧਿਆਪਕਾਂ ਦਾ ਪ੍ਰਬੰਧ ਕਰਨ ਲਈ ਰੈਸ਼ਨੇਲਾਈਜੇਸ਼ਨ ਕੀਤੀ ਜਾ ਰਹੀ ਹੈ। ਰੈਸ਼ਨੇਲਾਈਜੇਸ਼ਨ ਦਾ ਕੰਮ ਮੁਕੰਮਲ ਹੋਣ ਉਪਰੰਤ ਹੀ

*Placed in the revisor Branch.

ਲੋੜੀਂਦੇ ਹੋਰ ਅਧਿਆਪਕਾਂ ਦੀ ਭਰਤੀ ਦਾ ਕੰਮ ਅਰੰਭਿਆ ਜਾਵੇਗਾ।

ਸਾਲ 2014 ਵਿੱਚ ਸਰਕਾਰ ਵੱਲੋਂ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ 1847 ਅਧਿਆਪਕਾਂ ਦੀ ਭਰਤੀ ਕਰਦੇ ਹੋਏ ਜ਼ਿਲ੍ਹਾ ਕਪੂਰਥਲਾ ਵਿੱਚ 62 ਨਿਯੁਕਤੀਆਂ ਕੀਤੀਆਂ ਗਈਆਂ ਹਨ। ਜਿਹਨਾਂ ਵਿਚੋਂ ਹਲਕਾ ਕਪੂਰਥਲਾ ਵਿੱਚ 7 ਮਾਸਟਰ ਕਾਡਰ ਦੀਆਂ ਅਸਾਮੀਆਂ ਭਰੀਆਂ ਗਈਆਂ ਹਨ। ਇਸ ਸਮੇਂ ਵੱਖ-ਵੱਖ ਵਿਸ਼ਿਆਂ ਦੇ 3013 ਅਧਿਆਪਕਾਂ ਦੀ ਭਰਤੀ ਦਾ ਕੰਮ ਚੱਲ ਰਿਹਾ ਹੈ। ਇਸ ਸਬੰਧੀ ਇਹ ਉਪਰਾਲਾ ਕੀਤਾ ਜਾਵੇਗਾ ਕਿ 3013 ਅਧਿਆਪਕਾਂ ਦੀ ਭਰਤੀ ਦਾ ਕੰਮ ਮੁਕੰਮਲ ਹੁੰਦੇ ਹੀ ਕੁਝ ਅਧਿਆਪਕ ਕਪੂਰਥਲਾ ਹਲਕੇ ਵਿੱਚ ਵੀ ਤਾਇਨਾਤ ਕੀਤੇ ਜਾਣ।

ਮਾਨਯੋਗ ਸਪੀਕਰ : ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ । ਜ਼ੀਰੋ ਆਵਰ ।

MATTERS RAISED DURING ZERO HOUR AND THE STATEMENT BY THE DEPUTY CHIEF MINISTER

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਇੱਕ ਬਹੁਤ ਹੀ ਅਹਿਮ ਮੁੱਦਾ ਲਿਆਉਣਾ ਚਾਹੁੰਦਾ ਹਾਂ। ਇਹ ਬਹੁਤ ਹੀ ਸੰਵੇਦਨਸ਼ੀਲ ਅਤੇ ਪੰਜਾਬ ਦੀ ਅਮਨ ਸ਼ਾਂਤੀ ਨਾਲ ਜੁੜਿਆ ਹੋਇਆ ਮਸਲਾ ਹੈ । ਸਪੀਕਰ ਸਾਹਿਬ, ਕੱਲ੍ਹ ਮਾਨਸਾ ਸ਼ਹਿਰ ਦੇ ਅੰਦਰ ਖਾਲਿਸਤਾਨ ਦੀ ਮੰਗ ਨੂੰ ਲੈ ਕੇ ਪੋਸਟਰ ਲਗਾਏ ਗਏ ਹਨ । ਅੱਜ ਅਖਬਾਰ ਵਿੱਚ ਬਹੁਤ ਵੱਡੀ ਖਬਰ ਵੀ ਛਪੀ ਹੈ । ਇਸ ਨਾਲ ਜਿੱਥੇ ਮਾਨਸਾ ਸ਼ਹਿਰ ਵਿੱਚ ਬੜਾ ਦਹਿਸ਼ਤ ਦਾ ਮਾਹੌਲ ਪੈਦਾ ਹੋਇਆ ਹੈ ਉਥੇ ਇਹ ਚੰਗਿਆੜੀ ਪੂਰੇ ਪੰਜਾਬ ਵਿੱਚ ਫੈਲਣ ਦਾ ਡਰ ਹੈ । ਪੰਜਾਬ ਵਿੱਚ ਦੁਬਾਰਾ ਉਨ੍ਹਾਂ ਕਾਲੇ ਬੱਦਲਾਂ ਦੀ ਆਹਟ ਸੁਣਨ ਲੱਗੀ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਇਹ ਮੰਗ ਵੀ ਕਰਦਾ ਹਾਂ ਅਤੇ ਚਾਹੁੰਦਾ ਵੀ ਹਾਂ ਕਿ ਇਸ ਬਾਰੇ ਸਰਕਾਰ ਜ਼ਰੂਰ ਜਵਾਬ ਦੇਵੇ। ਸਾਡੇ ਮਾਨਯੋਗ ਉਪ ਮੁੱਖ ਮੰਤਰੀ ਜੀ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਦਾ ਵੀ

[ਸਰਦਾਰ ਗੁਰਕੀਰਤ ਸਿੰਘ]

ਮੰਤਰਾਲਾ ਹੈ, ਉਹ ਇਸ ਬਾਰੇ ਸਦਨ ਨੂੰ ਜ਼ਰੂਰ ਆਸ਼ਵਾਸਨ ਦੇਣ ਔਰ ਜੋ ਇਹੋ ਜਿਹੇ ਅਨਸਰ ਹਨ ਜਿਹੜੇ ਪੰਜਾਬ ਵਿੱਚ ਦਹਿਸ਼ਤ ਫੈਲਾਉਣ ਲੱਗੇ ਹਨ, ਉਨ੍ਹਾਂ ਤੇ ਜ਼ਰੂਰ ਕਾਬੂ ਪਾਇਆ ਜਾਵੇ ਤੇ ਉਨ੍ਹਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਪੰਜਾਬ ਦੇ ਜਿਹੜੇ ਅਮਨ ਪਸੰਦ ਲੋਕ ਹਨ, ਉਨ੍ਹਾਂ ਦੇ ਮਨ ਵਿੱਚ ਜੋ ਸ਼ੰਕਾ ਪੈਦਾ ਹੋਇਆ ਹੈ, ਉਸ ਨੂੰ ਕੋਈ ਨਾ ਕੋਈ ਠੱਲ੍ਹ ਪਾਈ ਜਾ ਸਕੇ । ਧੰਨਵਾਦ ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੁੱਖ ਮੰਤਰੀ ਬਾਦਲ ਸਾਹਿਬ ਦਾ ਨੰਬਰ ਵੰਨ ਮਿਸ਼ਨ ਹੈ, ਉਹ ਹੈ, ਪੰਜਾਬ ਵਿੱਚ ਅਮਨ ਸ਼ਾਂਤੀ ਨੂੰ ਬਹਾਲ ਰੱਖਣਾ (ਥੰਪਿੰਗ) । ਸਪੀਕਰ ਸਾਹਿਬ, ਜਦੋਂ ਤੋਂ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਹਨ ਤੇ ਮੁੱਖ ਮੰਤਰੀ ਰਹੇ ਹਨ, ਪੰਜਾਬ ਵਿੱਚ ਅਮਨ ਸ਼ਾਂਤੀ ਰਹੀ ਹੈ। ਇਸ ਤੋਂ ਇਲਾਵਾ ਜਿਹੜਾ ਇੱਕਾ-ਦੁੱਕਾ ਇੰਸੀਡੈਂਟ ਹੋ ਜਾਂਦਾ ਹੈ, I will talk to the SSP. We are looking into the matter. ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਵੇਗੀ ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਹਾਊਸ ਦੇ ਨੋਟਿਸ ਵਿੱਚ ਬਹੁਤ ਹੀ ਅਹਿਮ ਮੁੱਦਾ ਲਿਆਉਣਾ ਚਾਹੁੰਦਾ ਹਾਂ। ਬਾਬਾ ਫਰੀਦ ਮੈਡੀਕਲ ਸਾਇੰਸ ਯੂਨੀਵਰਸਿਟੀ, ਫਰੀਦਕੋਟ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਯੂਨੀਵਰਸਿਟੀ ਦੀ ਮਾਲੀ ਹਾਲਤ ਬਹੁਤ ਹੀ ਪਤਲੀ ਤੇ ਮਾੜੀ ਹੈ । ਇਸ ਦੀ ਵਿੱਤੀ ਹਾਲਤ ਬਹੁਤ ਹੀ ਮਾੜੀ ਹੈ। ਸਟਰਾਈਕਸ ਹੋ ਚੁੱਕੀਆਂ ਹਨ, ਹੜਤਾਲਾਂ ਹੋ ਚੁੱਕੀਆਂ ਹਨ, ਹਜ਼ਾਰਾਂ ਸਟੂਡੈਂਟਸ ਦਾ ਕੈਰੀਅਰ ਜੁੜਿਆ ਹੋਇਆ ਹੈ, ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲ ਰਹੀ । 2-3 ਬਲਾਕਾਂ ਦੀ ਉਸਾਰੀ ਕੈਂਪਸ ਵਿੱਚ ਸ਼ੁਰੂ ਕੀਤੀ ਗਈ ਸੀ ਤੇ ਉਹ ਵੀ ਅਧੂਰੇ ਪਏ ਹਨ । ਮੇਰੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇੰਨਾ ਵੱਡਾ ਅਦਾਰਾ ਹੈ ਤੇ ਇਨ੍ਹਾਂ ਦੇ ਗੁਆਂਢੀ ਜ਼ਿਲ੍ਹੇ ਫਰੀਦਕੋਟ ਵਿੱਚ ਇਹ ਯੂਨੀਵਰਸਿਟੀ ਪੈਂਦੀ ਹੈ । ਮਿਹਰਬਾਨੀ ਕਰਕੇ ਇਹ ਉਥੇ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਦੀ ਖੇਚਲ ਕਰਨ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਬਹੁਤ ਹੀ ਅਹਿਮ ਮਸਲਾ ਲਿਆਉਣਾ ਚਾਹੁੰਦਾ ਹਾਂ । ਮਾਨਸਾ ਜ਼ਿਲ੍ਹੇ ਵਿੱਚ ਜਿੰਨੇ ਵੀ ਐਨ. ਡੀ. ਪੀ. ਐਸ. ਦੇ ਕੇਸ ਦਰਜ ਹੋਏ ਹਨ, ਉਨ੍ਹਾਂ ਬਾਰੇ ਮੈਂ ਇਨ੍ਹਾਂ ਨੂੰ ਮਿਲਿਆ ਵੀ ਸੀ । ਇੱਕ

ਬੁਢਲਾਡੇ ਦੀ ਫੈਮਿਲੀ ਹੈ। ਉਹ ਬੱਚਾ ਡਰੱਗਜ਼ ਲੈਂਦਾ ਸੀ ਲੇਕਿਨ ਜਦੋਂ ਡਰੱਗਜ਼ ਦੂਜੇ ਤੋਂ ਫੜੀ ਗਈ ਤੇ ਉਸ ਦੇ ਨਾਲ ਇਸ ਤੇ ਵੀ ਕੇਸ ਪਾਇਆ ਗਿਆ ਔਰ ਉਸ ਲੜਕੇ ਦੀ ਸਿਸਟਰ ਸੁਸਾਈਡ ਕਰ ਗਈ। ਉਹ ਕਿਸੇ ਹੋਰ ਕੇਸ ਨਾਲ ਰਿਲੇਟ ਹੋ ਗਿਆ । ਉਹ ਇਕੱਲਾ ਹੀ ਲੜਕਾ ਹੈ ਤੇ ਉਸ ਦੇ ਮਦਰ-ਫਾਦਰ ਵੀ ਬਿਸਤਰ ਤੇ ਪਏ ਹਨ । ਇਸ ਲਈ ਇਸ ਪਾਸੇ ਜ਼ਰੂਰ ਨਿਗ੍ਹਾ ਰੱਖੋ ਕਿ ਜੇ ਤੁਹਾਡਾ ਕਾਨੂੰਨ ਐਨ. ਡੀ. ਪੀ. ਐਸ. ਦਾ ਹੈ, ਇਸ ਦਾ ਮਤਲਬ ਇਹ ਨਹੀਂ ਕਿ ਆਮ ਬੰਦੇ ਨੂੰ ਵੀ ਫੜ ਕੇ ਅੰਦਰ ਦੇ ਦਿਓ । ਦੂਜਾ ਕੇਸ ਵੀ ਮਾਨਸਾ ਦਾ ਹੈ । ਮੇਰੇ ਏਰੀਏ ਨਾਲ ਪਿੰਡ ਲਗਦਾ ਹੈ। ਇੱਕ ਬੰਦੇ ਨੂੰ ਨਾਲ ਇਨਵਾਲਵ ਕਰ ਦਿੱਤਾ ਗਿਆ । ਕਿਸੇ ਨੇ ਕਹਿ ਦਿੱਤਾ ਕਿ ਮੇਰੇ ਨਾਲ ਫਲਾਣਾ ਬੰਦਾ ਸੀ ਕਿਉਂਕਿ ਉਸ ਦੀ ਉਸ ਨਾਲ ਬਣਦੀ ਨਹੀਂ ਸੀ ਤੇ ਉਸ ਤੇ ਵੀ ਕੇਸ ਪਾ ਦਿੱਤਾ ਗਿਆ । ਕਾਈਂਡਲੀ ਜਿਹੜਾ ਗਲਤ ਕੇਸ ਹੈ, ਉਸ ਨੂੰ ਵੈਰੀਫਾਈ ਕਰਵਾ ਕੇ ਉਸ ਨੂੰ ਜ਼ਰੂਰ ਰਿਲੀਫ ਦੇਣੀ ਚਾਹੀਦੀ ਹੈ।

ਸਰਦਾਰ ਰਮਨਜੀਤ ਸਿੰਘ ਸਿੱਕੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਭ ਤੋਂ ਪਹਿਲਾਂ ਪੰਚਾਇਤ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪੰਚਾਇਤੀ ਜ਼ਮੀਨ ਤੇ ਕਬਜ਼ਾ ਹੋ ਰਿਹਾ ਹੈ ਜਿਸ ਦੀ ਮੇਰੇ ਕੋਲ ਫੋਟੋ ਹੈ। (ਫੋਟੋ ਸਦਨ ਵਿੱਚ ਲਹਿਰਾਉਂਦੇ ਹੋਏ) ਗਲੀ ਦੀਆਂ ਲੱਗੀਆਂ ਇੱਟਾਂ ਨੂੰ ਪੁਟਵਾ ਕੇ ਉਸ ਉਤੇ ਦੁਕਾਨਾਂ ਕੱਟੀਆਂ ਜਾ ਰਹੀਆਂ ਹਨ । ਵਾਟਰ ਸਪਲਾਈ ਲਈ ਉਥੇ ਟੈਂਕੀ ਲੱਗੀ ਹੋਈ ਹੈ ਤੇ ਡੇਢ ਦੋ ਏਕੜ ਜ਼ਮੀਨ ਹੈ । ਆਰ. ਓ. ਸਿਸਟਮ ਬਣਿਆ ਹੋਇਆ ਹੈ। ਵਾਟਰ ਸਪਲਾਈ ਵਾਲੇ ਕੁਝ ਨਹੀਂ ਕਰਦੇ ਬਲਕਿ ਉਨ੍ਹਾਂ ਦਾ ਵੀ ਜਿਹੜਾ ਕਮਰਾ ਬਣਿਆ ਹੋਇਆ ਹੈ, ਉਸ ਤੇ ਵੀ ਕੰਧ ਪਾ ਕੇ ਕਬਜ਼ਾ ਕੀਤਾ ਗਿਆ ਤੇ ਬੰਦਾ ਬਿਠਾ ਦਿੱਤਾ ਗਿਆ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਵੀ ਅਤੇ ਸਬੰਧਤ ਮੰਤਰੀ ਨੂੰ ਦੱਸਣਾ ਚਾਹੁੰਦਾ ਹਾਂ, ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਨੂੰ ਤੁਰੰਤ ਬੰਦ ਕੀਤਾ ਜਾਵੇ ਔਰ ਜੇ ਕੋਈ ਬੰਦਾ ਕਲੇਮ ਵੀ ਕਰ ਰਿਹਾ ਹੈ ਤਾਂ ਇਸ ਦਾ ਜਿਹੜਾ ਜ਼ਮੀਨ ਵਾਪਸ ਲੈਣ ਦਾ ਪ੍ਰੋਸੀਜ਼ਰ ਹੈ, ਉਸ ਨੂੰ ਫਾਲੋ ਕੀਤਾ ਜਾਵੇ। ਇਹ ਆਪਣੀ ਮਰਜ਼ੀ ਨਾਲ ਹੀ ਕਰੀ ਜਾਂਦੇ ਹਨ, ਇਥੇ ਕੰਧ ਪਾ ਲਈ, ਇਥੇ ਦੁਕਾਨਾਂ ਪਾ ਲਈਆਂ, ਇਥੇ ਕੁਝ ਹੋਰ ਕਰ ਲਿਆ। ਇਹ ਐਸ਼ਿਓਰ ਕਰਵਾਇਆ ਜਾਵੇ ਕਿ ਇਹ ਕੰਮ ਇਸ ਤਰ੍ਹਾਂ ਨਹੀਂ ਹੋ ਸਕਦਾ।

Mr. Speaker : Thank you ji.

ਸਰਦਾਰ ਰਮਨਜੀਤ ਸਿੰਘ ਸਿੱਕੀ : ਤੁਹਾਡੇ ਰਾਹੀਂ ਮੈਂ ਫਲੋਰ ਤੇ, ਟੇਬਲ ਆਫ ਦਿ ਹਾਊਸ ਤੇ ਇਹ ਕਾਗਜ਼ ਵੀ ਰੱਖਣਾ ਚਾਹੁੰਦਾ ਹਾਂ।

Mr. Speaker : No, no. Not allowed. ਝੂੰਦਾਂ ਸਾਹਿਬ ਜੀ।

ਸਰਦਾਰ ਇਕਬਾਲ ਸਿੰਘ ਝੂੰਦਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਪੀ.ਡਬਲਿਯੂ.ਡੀ. ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅਹਿਮਦਗੜ੍ਹ ਦੇ ਨਾਲ ਮਲੇਰਕੋਟਲਾ-ਲੁਧਿਆਣਾ ਰੋਡ, ਜੋ ਪਹਿਲਾਂ ਟੋਲ ਫਰੀ ਸੀ ਔਰ ਹੁਣ ਉਹ ਬਹੁਤ ਹੀ ਵਧੀਆ ਫੋਰ ਲੇਨ ਸੜਕ ਬਣੀ ਹੈ, ਇਹ 40-45 ਕਿਲੋਮੀਟਰ ਦਾ ਸਟਰੈਚ ਸੀ, ਹੁਣ ਉਸ ਤੇ ਟੋਲ ਟੈਕਸ ਲਗਾਇਆ ਜਾ ਰਿਹਾ ਹੈ। ਉਸ ਦੇ ਨਾਲ ਨਾਲ ਜਦੋਂ ਮਲੇਰਕੋਟਲੇ ਤੋਂ ਨਾਭੇ ਵੱਲ ਆਉਂਦੇ ਹਾਂ ਤਾਂ ਮਲੇਰਕੋਟਲੇ ਦੇ ਨਾਲ ਦੂਸਰੇ ਪਾਸੇ ਚਾਰ-ਪੰਜ ਕਿਲੋਮੀਟਰ ਇਧਰ ਫਿਰ ਟੋਲ ਟੈਕਸ ਲੱਗਿਆ ਹੈ। ਮੈਂ ਸਮਝਦਾ ਹਾਂ ਕਿ ਉਸ ਚਾਲੀ ਕਿਲੋਮੀਟਰ ਵਿੱਚ ਦੋ ਟੋਲ ਟੈਕਸ ਲੱਗ ਜਾਣਗੇ। ਉਸ ਨਾਲ ਲੋਕਾਂ ਨੂੰ ਬਹੁਤ ਮੁਸ਼ਕਲ ਪੇਸ਼ ਆਏਗੀ। ਸਾਡੇ ਵਾਲੇ ਪਾਸਿਓਂ ਜਿਹੜੇ ਲੋਕਾਂ ਨੇ ਲੁਧਿਆਣੇ ਜਾਣਾ ਹੈ ਤਾਂ ਦੋ ਵੱਡੇ ਟੋਲ ਟੈਕਸ ਦੇ ਕੇ ਉਨ੍ਹਾਂ ਨੂੰ ਲੰਘਣਾ ਪਿਆ ਕਰੇਗਾ। ਮੇਰੀ ਬੇਨਤੀ ਹੈ ਕਿ ਜਿਹੜੇ ਲੋਕ ਪਹਿਲੇ ਟੋਲ ਟੈਕਸ ਤੋਂ ਲੰਘਣਗੇ, ਕੀ ਉਨ੍ਹਾਂ ਨੂੰ ਅਗਲੇ ਟੋਲ ਟੈਕਸ ਤੋਂ ਛੋਟ ਹੋਏਗੀ? ਜੇ ਹੁਣ ਕੋਈ ਅਮਰਗੜ੍ਹ ਵਾਲੇ ਪਾਸਿਓਂ ਜਾਂਦਾ ਹੈ ਤਾਂ ਉਹ ਪਹਿਲੇ ਟੋਲ ਟੈਕਸ ਤੇ ਵੀ ਟੋਲ ਟੈਕਸ ਦੇ ਕੇ ਜਾਂਦਾ ਹੈ ਤਾਂ ਕੀ ਉਨ੍ਹਾਂ ਨੂੰ ਦੂਸਰੇ ਤੋਂ ਛੋਟ ਹੋਏਗੀ ਜਾਂ ਦੂਸਰੇ ਤੇ ਵੀ ਦੁਬਾਰਾ ਉਸ ਨੂੰ ਟੈਕਸ ਦੇਣਾ ਪਵੇਗਾ? ਜੇ ਇਸ ਤਰ੍ਹਾਂ ਦੀ ਕੋਈ ਗੱਲ ਹੁੰਦੀ ਹੈ ਤਾਂ ਲੋਕਾਂ ਵਿੱਚ ਬਹੁਤ ਵੱਡੀ ਹਾਹਾਕਾਰ ਮੱਚੇਗੀ, ਮੈਂ ਸਮਝਦਾ ਹਾਂ ਕਿ ਇਹ ਆਪਣੇ ਅਕਸ ਤੇ ਵੀ ਪ੍ਰਭਾਵ ਪਾਵੇਗਾ। ਇਸ ਦੇ ਬ੍ਰਾਰੇ ਜ਼ਰੂਰ ਵਿਚਾਰ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਪ੍ਰੇਸ਼ਾਨੀ ਤੋਂ ਬਚਾਇਆ ਜਾਵੇ। ਮੇਰੀ ਇਹ ਗੁਜ਼ਾਰਿਸ਼ ਹੈ ਜੀ। ਧੰਨਵਾਦ ਜੀ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਚਾਇਤੀ ਰਾਜ ਮੰਤਰੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਹੁਤ ਲੰਬਾ ਅਰਸਾ 2006-07 ਤੋਂ ਸ਼ਡਿਊਲਡ ਕਾਸਟ ਵੀਰਾਂ ਦੀ ਮੇਰੇ ਹਲਕੇ ਵਿੱਚ ਔਰ ਬਾਕੀ ਦੀ ਸਾਰੇ ਪੰਜਾਬ ਵਿੱਚ ਵੀ ਇਹੀ ਸਥਿਤੀ ਹੈ ਕਿ ਸ਼ਡਿਊਲਡ ਕਾਸਟ ਵੀਰਾਂ ਨੂੰ ਰਿਹਾਇਸ਼ੀ ਪਲਾਟ ਕੱਟ ਕੇ ਦਿੱਤੇ ਗਏ ਸੀ ਲੇਕਿਨ ਉਨ੍ਹਾਂ ਪਲਾਟਾਂ ਤੇ ਮੁੜ ਕੇ

ਜ਼ਿਮੀਦਾਰਾਂ ਨੇ ਕਬਜ਼ੇ ਕਰ ਲਏ। ਕਈ ਜਗ੍ਹਾ ਮਤਾ ਪੈ ਗਿਆ ਪਰ ਕਬਜ਼ਾ ਨਹੀਂ ਮਿਲਿਆ। ਉਸ ਦੇ ਬਾਰੇ ਸਰਕਾਰ ਜ਼ਰੂਰ ਧਿਆਨ ਦੇਵੇ ਕਿ ਜਿਨ੍ਹਾਂ ਸ਼ਡਿਊਲਡ ਕਾਸਟਾਂ ਦਾ ਮਤਾ ਪੈ ਗਿਆ ਹੈ, 10-10 ਸਾਲਾਂ ਤੋਂ ਪੂਰਾ ਪਰਿਵਾਰ ਉਡੀਕ ਰਿਹਾ ਹੈ, ਅੱਜ ਉਨ੍ਹਾਂ ਨੂੰ ਹੋਰ ਪਲਾਟਾਂ ਦੀ ਲੋੜ ਹੈ ਲੇਕਿਨ ਉਨ੍ਹਾਂ ਨੂੰ ਪਹਿਲੇ ਵੀ ਨਹੀਂ ਮਿਲੇ। ਇਸ ਤੇ ਸਰਕਾਰ ਧਿਆਨ ਦੇਵੇ ਔਰ ਜੋ ਯੋਗ ਕਾਰਵਾਈ ਹੈ, ਜੋ ਆਰਡਰ ਹਨ, ਉਹ ਥੱਲੇ ਭੇਜੇ ਜਾਣ ਤਾਂ ਕਿ ਉਨ੍ਹਾਂ ਨੂੰ ਆਪਣਾ ਹੱਕ ਮਿਲ ਸਕੇ।

ਸ਼੍ਰੀ ਮੁਹੰਮਦ ਸਦੀਕ : ਸਪੀਕਰ ਸਾਹਿਬ, ਬਹੁਤ ਬਹੁਤ ਮਿਹਰਬਾਨੀ ਕਿ ਆਪ ਜੀ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਪੰਜਾਬ ਸਰਕਾਰ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਪੰਜਾਬੀ ਮਾਂ ਬੋਲੀ ਦੀ ਇਸ ਵੇਲੇ ਜੋ ਦੁਰਦਸ਼ਾ ਪੰਜਾਬ ਵਿੱਚ ਹੈ, ਮੈਂ ਸਮਝਦਾ ਹਾਂ ਉਹ ਹੋਰ ਕਿਤੇ ਨਹੀਂ ਹੈ। ਜਿਹੜੇ ਪ੍ਰਾਈਵੇਟ ਸਕੂਲ ਹਨ, ਉਥੇ ਨਿੱਕੇ ਨਿੱਕੇ ਬੱਚਿਆਂ ਨੂੰ ਪੰਜਾਬੀ ਬੋਲਣ ਨਹੀਂ ਦਿੱਤਾ ਜਾਂਦਾ। ਜੇ ਕੋਈ ਭੁੱਲ-ਭੁਲੇਖੇ ਪੰਜਾਬੀ ਬੋਲ ਲੈਂਦਾ ਹੈ ਤਾਂ ਉਸ ਨੂੰ ਸਜ਼ਾ ਮਿਲਦੀ ਹੈ। ਮੇਰੀ ਬੇਨਤੀ ਹੈ ਕਿ ਪੰਜਾਬੀ ਨੂੰ ਪਹਿਲੀ ਜਮਾਤ ਤੋਂ ਸ਼ੁਰੂ ਕੀਤਾ ਜਾਵੇ ਔਰ ਇਹ ਪਲੱਸ ਟੂ ਤੱਕ ਹੋਣੀ ਚਾਹੀਦੀ ਹੈ ਬਲਕਿ ਗਰੈਜੂਏਸ਼ਨ ਤੱਕ ਪੰਜਾਬੀ ਵਿੱਚ ਹੀ ਇਮਿਤਿਹਾਨ ਹੋਣੇ ਚਾਹੀਦੇ ਹਨ। ਮੇਰੀ ਇਹ ਪੰਜਾਬ ਸਰਕਾਰ ਨੂੰ ਬੇਨਤੀ ਹੈ। ਮੈਂ ਸਮਝਦਾ ਹਾਂ ਕਿ ਮੇਰੀ ਬੇਨਤੀ ਤੇ ਇਹ ਜ਼ਰੂਰ ਗੌਰ ਕਰਨਗੇ। (ਥੰਪਿੰਗ)

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਇੱਕ ਅਹਿਮ ਮੁੱਦਾ ਉਠਾਉਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਇਸ ਵਿੱਚ ਆਪਾਂ ਸਰਕਾਰ ਦਾ ਧਿਆਨ ਦਿਵਾਉਣਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਰ, ਸਾਡੇ ਸਭ ਤੋਂ ਵੱਡੀ ਜੇ ਕਿਸੇ ਨੇ ਸ਼ਹੀਦੀ ਪ੍ਰਾਪਤ ਕੀਤੀ ਹੈ ਤਾਂ ਉਹ ਛੋਟੇ ਸਾਹਿਬਜ਼ਾਦਿਆਂ ਨੇ ਫਤਿਹਗੜ੍ਹ ਸਾਹਿਬ ਕੀਤੀ ਹੈ। ਜਿਹੜੀ ਮੋਰਿੰਡੇ ਤੋਂ ਲੈ ਕੇ ਫਤਿਹਗੜ੍ਹ ਸਾਹਿਬ ਤੱਕ ਰੋਡ ਹੈ, ਉਸ ਦਿਨ ਬਾਦਲ ਸਾਹਿਬ ਨੇ ਕਿਹਾ ਸੀ ਕਿ ਭੰਗੜੇ ਪਾਉਂਦੇ ਜਾਵੋਗੇ। ਮੈਂ ਕਹਿੰਦਾ ਹਾਂ ਕਿ ਉਥੇ ਗੱਡੀਆਂ ਭੰਗੜਾ ਪਾਉਂਦੀਆਂ ਹਨ ....(ਹਾਸਾ).... ਕਿਸੇ ਦੀ ਰੀੜ ਦੀ ਹੱਡੀ ਜਾਂ ਲੱਤ ....

ਮਾਨਯੋਗ ਸਪੀਕਰ : ਇਹ ਮਸਲਾ ਕਈ ਵਾਰ ਤੁਹਾਡੇ ਵੱਲੋਂ ਆ ਚੁੱਕਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਮੇਰੀ ਬੇਨਤੀ ਹੈ ਕਿ ਜਸਟਿਸ ਸਾਹਿਬ ਨੇ ਫੋਰ ਲੇਨ ਮੰਗੀ ਸੀ ਪਰ ਮੈਂ ਸਿਰਫ ਉਸ ਦੀ ਰਿਪੇਅਰ ਮੰਗਦਾ ਹਾਂ ਕਿ ਉਹ ਰਿਪੇਅਰ ਜਲਦੀ ਤੋਂ ਜਲਦੀ ਕਰਵਾਉਣ। ਉਥੇ ਲੋਕਾਂ ਦੀ ਸ਼ਰਧਾ ਹੈ। ਲੋਕ ਮੱਥਾ ਟੇਕਣ ਜਾਂਦੇ ਹਨ। ਬਾਹਰਲੇ ਮੁਲਕਾਂ ਤੋਂ ਲੋਕ ਆਉਂਦੇ ਹਨ ਪਰ ਸਾਡਾ ਉਥੇ ਸ਼ਰਮ ਨਾਲ ਸਿਰ ਝੁਕਦਾ ਹੈ ਕਿ ਇੰਨੀ ਮਾੜੀ ਸੜਕ ਵੀ ਹੋ ਸਕਦੀ ਹੈ।

ਸ਼੍ਰੀਮਤੀ ਕਰਨ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਸਾਲ 2008 ਦੇ ਵਿਚ ਮੀਟਰ ਰੀਡਰਜ਼, ਬਿਲ ਡਿਸਟ੍ਰੀਬਿਊਟਰਜ਼ ਤੇ ਕੈਸ਼ੀਅਰਜ਼ ਨੂੰ ਨੌਕਰੀਆਂ ਦਿੱਤੀਆਂ ਸਨ । ਉਸ ਮੌਕੇ ਇਨ੍ਹਾਂ ਤੋਂ ਸਕਿਉਰਿਟੀ ਵੀ ਲਈ ਗਈ ਸੀ ਤੇ ਇਨ੍ਹਾਂ ਨੂੰ ਕਈ ਵਾਰੀ ਟਰਾਂਸਫਰ ਵੀ ਕੀਤਾ ਗਿਆ ਹੈ । ਹੁਣ ਇਨ੍ਹਾਂ ਵਿਚੋਂ 100 ਬੰਦਿਆਂ ਨੂੰ ਫਾਇਰ ਕਰ ਦਿੱਤਾ ਹੈ। ਇਨ੍ਹਾਂ ਦੀ ਐਡਜਸਟਮੈਂਟ ਹੋਣੀ ਚਾਹੀਦੀ ਹੈ। ਇਸ ਬਾਰੇ ਮੈਂ ਜਿਕਰ ਕਰਨਾ ਚਾਹੁੰਦੀ ਸੀ।

ਮਾਨਯੋਗ ਸਪੀਕਰ : ਬੀਬੀ ਗੁਰਇਕਬਾਲ ਕੌਰ ਜੀ।

ਸ਼੍ਰੀਮਤੀ ਗੁਰਇਕਬਾਲ ਕੌਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੋਕ ਨਿਰਮਾਣ ਮੰਤਰੀ ਅਤੇ ਡਿਪਟੀ ਸੀ. ਐਮ. ਸਾਹਿਬ ਜੀ ਨੂੰ ਇਕ ਪੁੱਛਣਾ ਚਾਹੁੰਦੀ ਹਾਂ ਕਿ ਮੇਰੇ ਨਵਾਂ ਸ਼ਹਿਰ ਵਿਚ ਨਸ਼ੇ ਤੋਂ ਬਾਅਦ ਇਕ ਜਿਹੜੀ ਬਹੁਤ ਵੱਡੀ ਪ੍ਰਾਬਲਮ ਆ ਰਹੀ ਹੈ, ਉਹ ਬਹੁਤ ਜ਼ਿਆਦਾ ਟਰੈਫ਼ਿਕ ਦੀ ਆ ਰਹੀ ਹੈ। ਇਸ ਬਾਰੇ ਮੈਂ ਸਟਾਰ ਕਰਕੇ ਸਵਾਲ ਪਾਇਆ ਵੀ ਸੀ ਪਰ ਉਸ ਦੀ ਵਾਰੀ ਨਹੀਂ ਆਈ। ਕੀ ਮੈਨੂੰ ਇਹ ਦੱਸ ਸਕਦੇ ਹਨ ਕਿ ਨਵਾਂ ਸ਼ਹਿਰ ਦੀ ਵਧਦੀ ਅਬਾਦੀ ਦੇ ਆਸੇ-ਪਾਸੇ ਦੇ ਸ਼ਹਿਰ ਬੰਗਾ, ਬਲਾਚੌਰ, ਰਾਹੋਂ, ਪਠਾਨਕੋਟ, ਗੁਰਦਾਸਪੁਰ ਉਧਰ ਸਾਰੀ ਜਿਹੜੀ ਜਿੰਨੀ ਵੀ ਟਰੈਫਿਕ ਹੈ, ਮਿਲਟਰੀ ਦੀ ਵੀ ਤੇ ਬਾਕੀ ਦੀ ਵੀ ਉਹ ਇਥੇ ਆ ਕੇ ਚੰਡੀਗੜ੍ਹ ਚੌਂਕ ਵਿਚ ਜਮ੍ਹਾਂ ਹੋ ਜਾਂਦੀ ਹੈ ਜਿਸ ਕਰਕੇ ਬਹੁਤ ਜ਼ਿਆਦਾ ਐਕਸੀਡੈਂਟਸ ਹੋ ਰਹੇ ਹਨ ਤੇ ਸਾਡਾ ਜਿਹੜਾ ਨਵਾਂ ਹਸਪਤਾਲ ਇਨ੍ਹਾਂ ਨੇ ਸਾਨੂੰ ਦਿੱਤਾ ਹੈ, ਉਸ ਦਾ ਮੈਂ ਧੰਨਵਾਦ ਵੀ ਕੀਤਾ ਸੀ ਉਸ ਦੇ ਵਿਚ ਇਕ ਤਾਂ ਡਾਕਟਰਾਂ ਦੀ ਬਹੁਤ ਕਮੀ ਹੈ । ਮੈਡਮ ਕਰਨ ਬਰਾੜ ਜੀ

ਦੇ ਹਲਕੇ ਦੇ ਹਸਪਤਾਲ ਵਿਚ ਵੀ ਡਾਕਟਰ ਪੂਰੇ ਨਹੀਂ ਹਨ। ਜਾਂ ਤਾਂ ਉਨ੍ਹਾਂ ਦੇ ਸਾਰੇ ਡਾਕਟਰ ਮੇਰੇ ਵੱਲ ਭੇਜ ਦਿਉ ਜਾਂ ਫਿਰ ਮੇਰੇ ਹਲਕੇ ਦੇ ਹਸਪਤਾਲ ਦੇ ਡਾਕਟਰ ਉਨ੍ਹਾਂ ਦੇ ਉਥੇ ਭੇਜ ਦਿਉ...

ਮਾਨਯੋਗ ਸਪੀਕਰ : ਬੀਬੀ ਜੀ, ਤੁਹਾਡਾ ਪੁਆਇੰਟ ਆ ਗਿਆ ਹੈ, ਤੁਸੀਂ ਬੈਠੋ ।

ਸ਼੍ਰੀਮਤੀ ਗੁਰਇਕਬਾਲ ਕੌਰ : ਮੈਂ ਕਹਿਣਾ ਚਾਹੁੰਦੀ ਹਾਂ ਕਿ ਦੋਨੋਂ ਜਗ੍ਹਾ ਡਿਸਫੰਕਸ਼ਨਲ ਨਾ ਹੋਣ। ਨਾਲ ਹੀ ਇਕ ਮਿੰਟ ਸਰ, ਮੇਰੀ ਗੱਲ ਵਿਚ ਰਹਿੰਦੀ ਹੈ ਜੀ.....

ਮਾਨਯੋਗ ਸਪੀਕਰ : ਤੁਸੀਂ ਜੋ ਧਿਆਨ ਦਿਵਾਉਣਾ ਸੀ, ਉਹ ਆ ਗਿਆ ਹੈ...

ਸ਼੍ਰੀਮਤੀ ਗੁਰਇਕਬਾਲ ਕੌਰ : ਜਿਹੜੀ ਜੀ. ਟੀ. ਰੋਡ ਹੈ ਇਸ ਦੇ ਉਤੇ ਕੋਈ ਟਰੌਮਾ ਸੈਂਟਰ ਖੋਲ੍ਹਣ ਦੀ ਮੈਂ ਤੁਹਾਨੂੰ ਬੇਨਤੀ ਕਰਾਂਗੀ ਜੋ ਕਿ ਬਹੁਤ ਜਰੂਰੀ ਹੈ।

ਮਾਨਯੋਗ ਸਪੀਕਰ : ਹਾਂ ਜੀ, ਗਰਗ ਸਾਹਿਬ ਜੀ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ) : ਧੰਨਵਾਦ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਪੀ. ਡਬਲਯੂ. ਡੀ. ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਅਧੀਨ ਭਵਾਨੀਗੜ੍ਹ ਤੋਂ ਧੂਰੀ ਰੋਡ ਵਾਇਆ ਧਲਵਾਨ ਬਣ ਗਈ ਸੀ, ਉਸ ਲਈ ਧੰਨਵਾਦ। ਲੇਕਿਨ ਉਸ ਦੇ ਦਰਮਿਆਨ ਗਹਿਣੇ ਰਸੂਲਪੁਰ ਛੰਨਾ ਦੇ ਦਰਮਿਆਨ ਇਕ ਬਰਿਜ ਹੈ, ਜਿਹੜਾ ਬਹੁਤ ਹੀ ਜ਼ਿਆਦਾ ਤੰਗ ਤੇ ਖਸਤਾ ਹਾਲਤ ਵਿਚ ਹੈ, ਟਰੈਫਿਕ ਬਹੁਤ ਜ਼ਿਆਦਾ ਹੈ, ਕੋਈ ਵੀ ਨੁਕਸਾਨ ਹੋ ਸਕਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਉਸ ਪੁਲ ਨੂੰ ਇਸ ਸਾਲ ਦੇ ਵਿਚ ਜ਼ਰੂਰ ਲੈ ਲਿਆ ਜਾਵੇ ਤਾਂ ਕਿ ਉਥੇ ਕੋਈ ਨੁਕਸਾਨ ਨਾ ਹੋਵੇ। ਦੂਸਰੀ ਗੱਲ ਹੈ ਕਿ ਨੰਦਗੜ੍ਹ ਤੋ..

ਮਾਨਯੋਗ ਸਪੀਕਰ : ਨਹੀਂ, ਇਕੋ ਹੀ ਮਾਮਲੇ ਤੇ ਧਿਆਨ ਦਿਵਾਉਣਾ ਹੈ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਸਪੀਕਰ ਸਾਹਿਬ, ਉਥੇ ਪੁਲ ਦਾ ਇਕ ਬਹੁਤ ਜ਼ਰੂਰੀ ਤੇ ਅਹਿਮ ਮੁੱਦਾ ਹੈ ਕਿ ਜਿਹੜਾ

[ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ]

ਨੰਦਗੜ੍ਹ ਪਿੰਡ ਹੈ, ਉਸ ਦੇ ਜਿਹੜੇ ਕਿਸਾਨ ਹਨ, ਉਹ ਕਾਸ਼ਤ ਕਰਨ ਵਾਸਤੇ ਚੋਏ ਵਿਚੋਂ ਦੀ ਲੰਘ ਕੇ ਜਾਂਦੇ ਹਨ। ਉਨ੍ਹਾਂ ਦੀ ਜਿਹੜੀ ਕਾਸ਼ਤ ਵਾਲੀ ਜ਼ਮੀਨ ਹੈ, ਉਹ ਦੂਸਰੇ ਪਿੰਡ ਵਿਚ ਹੈ । ਇਸ ਕਰਕੇ ਉਥੇ ਵੀ ਸਰਹਿੰਦ ਵਾਲੇ ਚੋਏ ਉਤੇ ਇਕ ਪੁਲ ਬਣਨ ਵਾਲਾ ਹੈ। ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਸ ਸਾਲ ਵਿਚ ਦੋਹਾਂ ਪੁਲਾਂ ਵੱਲ ਜ਼ਰੂਰ ਧਿਆਨ ਕਰਨ ਦੀ ਕਿਰਪਾ ਕੀਤੀ ਜਾਵੇ।

ਮਾਨਯੋਗ ਸਪੀਕਰ : ਹਾਂ ਜੀ, ਕਾਲੀਆ ਜੀ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਖਾਸ ਕਰਕੇ ਹੈਲਥ ਮਨਿਸਟਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਵਾਈਨ ਫਲੂ ਜਿਹੜਾ ਹੈ ਉਸ ਵਿਚ ਸਪੈਸ਼ਲ ਮਾਸਕ ਹੁੰਦੇ ਹਨ ਜਿਹੜੇ ਅਟੈਂਡੈਂਟਸ ਨੂੰ ਜਾਂ ਡਾਕਟਰਜ਼ ਨੂੰ ਜਾਂ ਵਿਜ਼ਟਰਜ਼ ਨੂੰ ਦਿੱਤੇ ਜਾਂਦੇ ਹਨ । ਉਹ ਆਪਣੇ ਹਸਪਤਾਲ ਵਿਚ ਅਵੇਲਏਬਲ ਨਹੀਂ ਹਨ। ਮੈਂ ਵਿਜ਼ਟ ਕਰਨ ਗਿਆ ਸੀ ਤੇ ਸਵਾਈਨ ਫਲੂ ਦੇ ਪੇਸ਼ੈਂਟ ਨੂੰ ਵੇਖਣ ਗਿਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਹਾਲਾਤ ਹਨ। ਉਨ੍ਹਾਂ ਨੇ ਆਰਡੀਨਰੀ ਮਾਸਕ ਦਿੱਤਾ ਹੈ। ਸੋ, ਇਹ ਸਪੈਸ਼ਲ ਮਾਸਕ ਜਿਹੜੇ ਹਨ ਉਹ ਮੁਹੱਈਆ ਕਰਵਾਏ ਜਾਣ ਜਿਹੜਾ ਵੀ ਕੋਈ ਵਿਜ਼ਟ ਕਰਦਾ ਹੈ ਜਾਂ ਕੋਈ ਡਾਕਟਰਜ਼ ਹਨ, ਨਰਸਿਜ਼ਜ ਹਨ, ਆਰਡੀਨਰੀ ਮਾਸਕ ਜਿਹੜੇ ਹਨ, ਉਹ ਇੰਫੈਕਸ਼ਨ ਨੂੰ ਰੋਕ ਨਹੀਂ ਸਕਦੇ।

ਮਾਨਯੋਗ ਸਪੀਕਰ : ਹਾਂ ਜੀ, ਬੈਂਸ ਸਾਹਿਬ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ ਧੰਨਵਾਦ। ਤੁਹਾਡੇ ਜ਼ਰੀਏ ਸਤਿਕਾਰਯੋਗ ਡਿਪਟੀ ਸੀ. ਐਮ. ਸਾਹਿਬ ਦਾ ਧਿਆਨ ਸਿੰਥੈਟਿਕ ਮਿਲਕ ਜਿਹੜਾ ਪਿਛਲੇ ਸਾਲ ਇਕ ਬਹੁਤ ਵੱਡਾ ਇਸ਼ੂ ਸੀ ਅਤੇ ਲੋਕਾਂ ਦੀ ਸਿਹਤ ਨਾਲ ਜੁੜਿਆ ਹੋਇਆ ਮਸਲਾ ਹੈ । ਸਿੰਥੈਟਿਕ ਮਿਲਕ ਦੇ ਵਿਚ ਕਰੋੜਾਂ ਰੁਪਏ ਦੀ ਹੇਰਾਫੇਰੀ ਸੀ। ਸਰਕਾਰ ਨੇ, ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ ਇਨਕੁਆਰੀ ਜ਼ਰੂਰ ਲਗਾਈ ਸੀ ਪਰ ਇਕ ਸਾਲ ਬੀਤ ਜਾਣ ਦੇ ਬਾਵਜੂਦ ਇਨਕੁਆਰੀ ਕੰਪਲੀਟ ਨਹੀਂ ਹੋਈ। ਮੇਰੀ ਬੇਨਤੀ ਹੈ, ਮੇਰਾ ਸੁਝਾਅ ਹੈ, ਮੇਰੀ ਰਿਕੁਐਸਟ ਹੈ ਕਿ ਕਿਰਪਾ ਕਰਕੇ ਜਲਦੀ ਇਨਕੁਆਰੀ ਕੰਪਲੀਟ ਕਰਕੇ ਦੋਸ਼ੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ।

ਮਾਨਯੋਗ ਸਪੀਕਰ: ਹਾਂ ਜੀ, ਨਾਭਾ ਜੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ ਧੰਨਵਾਦ। ਮੈਂ ਸਰਕਾਰ ਦਾ ਧਿਆਨ ਇਕ ਬੜੇ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਰੇ ਰਿਆਸਤੀ ਸ਼ਹਿਰਾਂ ਨੂੰ ਜ਼ਿਲ੍ਹੇ ਦੇ ਦਰਜਾ ਦਿਤਾ ਗਿਆ ਹੈ । ਨਾਭੇ ਦੀ ਜਿਹੜੀ ਇਤਿਹਾਸਕ ਤੌਰ ਤੇ ਦੇਣ ਹੈ, ਸਾਡੀ ਮਹਾਂ ਕੋਸ਼ ਜਿਹੜੀ ਗੁਰੂ ਗ੍ਰੰਥ ਸਾਹਿਬ ਤੋਂ ਫਾਰਸੀ ਵਿਚ ਤਬਦੀਲ ਕੀਤੀ ਗਈ ਸੀ, ਉਸ ਮਹਾਂ ਕੋਸ਼ ਦੀ ਸਥਾਪਨਾ ਨਾਭੇ ਵਿਚ ਕੀਤੀ ਗਈ ਸੀ । ਉਵੇਂ ਹੀ ਜਿਥੋਂ ਤੱਕ ਸਵਾਲ ਸੀ 1909 ਵਿਚ ਪਹਿਲੇ ਜਿਹੜੇ ਅਨੰਦ ਕਾਰਜ, ਜਿਹੜਾ ਅਨੰਦ ਕਾਰਜ ਐਕਟ ਬਣਾਇਆ ਗਿਆ ਸੀ ਉਸ ਦੀ ਵੀ ਸਥਾਪਨਾ ਨਾਭੇ ਰਿਆਸਤ ਵਿਚ ਜੈਤੋ ਮੰਡੀ ਤੋਂ ਸ਼ੁਰੂ ਕੀਤੀ ਗਈ ਸੀ । ਉਵੇਂ ਹੀ ਭਗਵਤ ਗੀਤਾ ਦੇ ਤਹਿਤ ਜਿਹੜਾ ਭਾਗਵਤ ਗੀਤਾ ਨੂੰ ਸੰਸਕ੍ਰਿਤ ਵਿੱਚ ਤਬਦੀਲ ਕੀਤਾ ਗਿਆ ਅਤੇ ਇਹ ਕਾਰਜ ਨਾਭੇ ਵਿੱਚ ਹੋਇਆ। ਹਿੰਦੁਸਤਾਨ ਵਿੱਚ ਅੰਗਰੇਜ਼ਾਂ ਦੇ ਖਿਲਾਫ਼ ਜਿਹੜਾ ਪਹਿਲਾ ਮੋਰਚਾ ਲੱਗਿਆ ਸੀ, ਜੈਤੋ ਦਾ ਮੋਰਚਾ, ਉਸ ਮੋਰਚੇ ਵਾਸਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਨਾਭੇ ਵਿੱਚ ਜੇਲ੍ਹ ਕੱਟੀ ਸੀ। ਮੇਰੀ ਸਰਕਾਰ ਨੂੰ ਗੁਜਾਰਿਸ਼ ਹੈ ਕਿ ਨਾਭਾ ਇਤਿਹਾਸਕ ਤੌਰ ਤੇ ਇੰਨਾ ਮਹੱਤਵਪੂਰਨ ਸ਼ਹਿਰ ਹੈ ਅਤੇ ਡਿਪਟੀ ਸੀ.ਐਮ. ਸਾਹਿਬ ਦਾ ਇਸ ਸ਼ਹਿਰ ਨਾਲ ਰਿਸ਼ਤਾ-ਨਾਤਾ ਵੀ ਹੈ। ਮੈਂ ਉਮੀਦ ਕਰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਕੌਡੀਆਂ ਦੇ ਭਾਅ ਡਿਸਟ੍ਰਿਕਟ ਵੰਡੇ ਹਨ, ਨਾਭੇ ਨੂੰ ਵੀ ਛੋਟੇ ਜਿਹੇ ਜ਼ਿਲ੍ਹੇ ਵਿੱਚ ਤਬਦੀਲ ਕੀਤਾ ਜਾਵੇ ਕਿਉਂਕਿ ਇਸ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਇਹ ਐਸ਼ਿਓਰ ਕਰਨ ਕਿ ਇਸ ਬੇਨਤੀ ਨੂੰ ਪ੍ਰਵਾਨ ਕਰਨਗੇ। ...(ਵਿਘਨ, ਸ਼ੋਰ)...

Mr. Speaker : Please silence.

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਕ ਬਹੁਤ ਹੀ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ.....

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਤੋਂ ਕੁਝ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਬਾਤ ਕਰ ਰਹੇ ਸਨ।)

Mr. Speaker : Please silence.

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਅਤੇ ਡਿਪਟੀ

[ਸ਼੍ਰੀ ਤਰਲੋਚਨ ਸਿੰਘ]

ਸੀ.ਐਮ. ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਮ.ਐਲ.ਏ. ਸਾਹਿਬਾਨ ਚਾਹੇ ਟਰੇਜ਼ਰੀ ਬੈਂਚਿਜ਼ ਤੇ ਬੈਠੇ ਹਨ ਜਾਂ ਆਪੋਜ਼ੀਸ਼ਨ ਵਿੱਚ ਬੈਠੇ ਹਨ, ਉਨ੍ਹਾਂ ਦਾ ਸਟੇਟੱਸ ਕੀ ਹੈ? ਜਿਹੜੇ ਜ਼ਿਲ੍ਹਿਆਂ ਵਿੱਚ ਅਫ਼ਸਰ ਹਨ, ਡੀ.ਸੀ., ਐਸ.ਐਸ.ਪੀ. ਉਹ ਐਮ.ਐਲ.ਏਜ਼ ਦੇ ਟੈਲੀਫੋਨ ਨਹੀਂ ਚੁੱਕਦੇ ਅਤੇ ਜਿਹੜੀਆਂ ਚਿੱਠੀਆਂ ਅਸੀਂ ਸੈਕਟਰੀ ਸਾਹਿਬਾਨਾਂ ਨੂੰ ਪਾਉਂਦੇ ਹਾਂ, ਉਨ੍ਹਾਂ ਦਾ ਕਦੀ ਜਵਾਬ ਨਹੀਂ ਆਇਆ। Order of precedence ਦੇ ਹਿਸਾਬ ਨਾਲ ਐਮ.ਐਲ. ਏ. ਨੂੰ ਚੀਫ਼ ਸੈਕਟਰੀ ਤੋਂ ਉੱਪਰ ਦਾ ਦਰਜਾ ਦਿੱਤਾ ਗਿਆ ਹੈ। ਕੀ ਸਰਕਾਰ ਇਸ ਪਾਸੇ ਧਿਆਨ ਦੇਣ ਨੂੰ ਤਿਆਰ ਹੈ? ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਚਾਹੇ ਟਰੇਜ਼ਰੀ ਬੈਂਚਿਜ਼ ਦੇ ਐਮ.ਐਲ.ਏ. ਹਨ ਜਾਂ ਆਪੋਜ਼ੀਸ਼ਨ ਪਾਰਟੀ ਦੇ ਐਮ.ਐਲ.ਏ. ਹਨ, ਟਰੇਜ਼ਰੀ ਬੈਂਚਿਜ਼ ਵਾਲੇ ਐਮ.ਐਲ.ਏ. ਬੋਲਦੇ ਨਹੀਂ, ਅਸੀਂ ਆਪੋਜ਼ੀਸ਼ਨ ਪਾਰਟੀ ਵਾਲੇ ਐਮ.ਐਲ.ਏ. ਇਸ ਬਾਰੇ ਬੋਲਦੇ ਹਾਂ ਪਰੰਤੂ ਸਾਰਿਆਂ ਦਾ ਬਹੁਤ ਮਾੜਾ ਹਾਲ ਹੈ। ਕੋਈ ਅਫ਼ਸਰ ਟੈਲੀਫੋਨ ਨਹੀਂ ਚੁੱਕਦਾ ਅਤੇ ਨਾ ਹੀ ਜਵਾਬ ਦਿੰਦਾ ਹੈ। ਜੇਕਰ ਡਿਪਟੀ ਸੀ.ਐਮ. ਸਾਹਿਬ ਇਸ ਵਾਸਤੇ ਜਵਾਬ ਦੇਣ ਤਾਂ ਜ਼ਿਆਦਾ ਵਧੀਆ ਗੱਲ ਹੈ।

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ੍ਰੀ ਹਰਗੋਬਿੰਦਪੁਰ ਵਿੱਚ ਘੁਮਾਣ ਵਿਖੇ ਬਾਬਾ ਨਾਮਦੇਵ ਸਬੰਧੀ ਫੰਕਸ਼ਨ ਕੀਤਾ ਜਾ ਰਿਹਾ ਹੈ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਤੋਂ ਕੁਝ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਬਾਤ ਕਰ ਰਹੇ ਸਨ।)

Mr. Speaker : Please silence.

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਚੀਮਾ ਸਾਹਿਬ ਬੈਠੇ ਹਨ, ਧੁੱਗਾ ਸਾਹਿਬ ਬੈਠੇ ਹਨ। ਬਾਬਾ ਨਾਮਦੇਵ ਦੇ ਨਾਂ ਤੇ ਪਿੰਡ ਸਕਾਲੇ ਵਿਖੇ ਇਕ ਇੰਜੀਨੀਅਰਿੰਗ ਕਾਲਜ ਖੁੱਲ੍ਹਣ ਲੱਗਾ ਹੈ। ਐਗਰੀਕਲਚਰ ਮਹਿਕਮੇ ਦੀ 25 ਕਿੱਲੇ ਜ਼ਮੀਨ ਹੈ। ਘੁਮਾਣ ਵਿੱਚ ਕੋਈ ਮੰਡੀ ਨਹੀਂ ਹੈ, ਅਨਾਜ ਮੰਡੀ ਨਹੀਂ ਹੈ। ਬਾਬਾ ਨਾਮਦੇਵ ਦੇ ਨਾਂ ਤੇ ਇੰਜੀਨੀਅਰਿੰਗ ਕਾਲਜ ਬਣਾਉਣ ਲੱਗੇ ਹੋ, ਚੰਗਾ ਕੰਮ ਕਰਨ ਲੱਗੇ ਹੋ। ਮੈਂ ਰਿਕੁਐਸਟ ਕਰਾਂਗਾ ਚਾਹੇ ਚੀਮਾ ਸਾਹਿਬ ਦੀ ਸਲਾਹ

ਲੈ ਲਓ, ਧੁੱਗਾ ਸਾਹਿਬ ਨੂੰ ਪੁੱਛ ਲਓ, ਘੁਮਾਣ ਵਿੱਚ ਸਰਕਾਰ ਦੀ 4 ਕਿੱਲੇ ਜ਼ਮੀਨ ਹੈ। ਇਸ ਇੰਜੀਨੀਅਰਿੰਗ ਕਾਲਜ ਨੂੰ ਉਥੇ ਲੈ ਜਾਓ ਅਤੇ ਇੱਥੇ ਬਾਬਾ ਨਾਮਦੇਵ ਦੇ ਨਾਂ ਤੇ ਸਰਕਾਰ ਦੀ ਜਿਹੜੀ 25 ਕਿੱਲੇ ਐਗਰੀਕਲਚਰ ਮਹਿਕਮੇ ਦੀ ਜ਼ਮੀਨ ਹੈ, ਮੇਰੀ ਸੁਜ਼ੈਸ਼ਨ ਹੈ ਕਿ ਉਨ੍ਹਾਂ 25 ਕਿੱਲਿਆਂ ਵਿਚੋਂ 8 ਕਿੱਲੇ ਜ਼ਮੀਨ ਲੈ ਕੇ ਉਥੇ ਅਨਾਜ ਮੰਡੀ ਬਣਾ ਦਿੱਤੀ ਜਾਵੇ। ਬਾਬਾ ਨਾਮਦੇਵ ਦੇ ਨਾਂ ਤੇ ਇਸ ਮੰਡੀ ਦਾ ਨਾਂ ਰੱਖ ਦਿੱਤਾ ਜਾਵੇ। ਸੋ, ਇਸ ਤਰ੍ਹਾਂ ਮੰਡੀ ਵੀ ਬਣ ਜਾਵੇਗੀ ਅਤੇ ਇੰਜੀਨੀਅਰਿੰਗ ਕਾਲਜ ਵੀ ਬਣ ਜਾਵੇਗਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਿਸ ਦਿਨ ਆਨਰੇਬਲ ਪ੍ਰਾਈਮ ਮਨਿਸਟਰ ਪੰਜਾਬ ਆਏ ਹਨ, ਉਸ ਤੋਂ ਪਹਿਲਾਂ ਪੁਲਿਸ ਨੇ ਕਈ ਮੁਲਾਜ਼ਮ ਪ੍ਰੀਵੈਂਟਿਵ ਕਸਟਡੀ ਵਿੱਚ ਲੈ ਲਏ। ਮੇਰੇ ਕੋਲ ਅਖ਼ਬਾਰ ਹੈ ਜਿਸ ਵਿੱਚ ਲਿਖਿਆ ਹੈ ਕਿ 22 ਤਰੀਕ ਦੀ ਰਾਤ ਨੂੰ ਇਕ ਲੇਡੀ ਟੀਚਰ who is working as Education Provider, she was pregnant, ਉਸ ਨੂੰ ਪੁਲਿਸ ਵਾਲੇ ਘਰੋਂ ਚੁੱਕ ਕੇ ਲੈ ਗਏ। ਉਸ ਨੇ ਕਿਹਾ ਕਿ I am highly pregnant. ਉਹ ਵਿਚਾਰੀ ਕਹਿੰਦੀ ਰਹੀ ਕਿ ਮੈਂ ਕਿਤੇ ਜਾ ਕੇ ਝੰਡੇ ਨਹੀਂ ਦਿਖਾਉਣੇ ਪਰੰਤੂ ਉਸ ਨੂੰ ਚੁੱਕ ਕੇ ਲੈ ਗਏ ਅਤੇ ਕਸਟਡੀ ਵਿੱਚ ਰੱਖਿਆ। Due to sweat, she had a miscarriage, ਜੋ ਵੀ ਉਨ੍ਹਾਂ ਨੇ ਉਸ ਨੂੰ ਧਮਕਾਇਆ। Sir, this has nothing to do with this side or that side. This only shows how cruel we can be, how insensitive we can be, ਇਹ ਸਾਰੇ ਹਾਊਸ ਵਾਸਤੇ ਹੈ। ਸਪੀਕਰ ਸਾਹਿਬ, ਇਸ ਵਾਸਤੇ 10 ਸਾਲ ਦੀ ਸਜ਼ਾ ਬਣਦੀ ਹੈ for those Police Officers responsible for it. ਇੰਨਾ ਕਿਹੜਾ ਫਰਕ ਪੈਂਦਾ ਸੀ ਜੇਕਰ ਟੀਚਰ ਕਾਲੇ ਝੰਡੇ ਲੈ ਕੇ ਪਹੁੰਚ ਜਾਂਦੇ। ਐਨ.ਐਚ.ਆਰ.ਐਮ. ਵਾਲੇ ਕਾਲੀਆ ਸਾਹਿਬ ਦੇ ਘਰ ਵਿੱਚ ਕੁੱਟੇ ਜਾਂਦੇ ਹਨ। ਲੇਡੀਜ਼ ਵਾਸਤੇ ਇਕ ਪਾਸੇ ਤਾਂ ਆਪਾਂ Women's Day, Women's Year ਮਨਾ ਰਹੇ ਹਾਂ, ਉਨ੍ਹਾਂ ਦੀ ਪੂਜਾ ਕਰਨ ਦੀ ਗੱਲ ਕਰਦੇ ਹਾਂ ਅਤੇ ਦੂਜੇ ਪਾਸੇ ਅਜਿਹੇ ਹਾਲਾਤ ਬਣ ਰਹੇ ਹਨ। ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ kindly assure the House that not only these culprits will be dealt with severely but such instances will not take place in future.

ਸ਼੍ਰੀਮਤੀ ਹਰਚੰਦ ਕੌਰ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ

ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਸਾਡੇ ਹਲਕਾ ਮਹਿਲ ਕਲਾਂ ਵਿੱਚ 1978 ਵਿੱਚ ਗਦਰ ਲਹਿਰ ਦੇ ਪਹਿਲੇ ਸ਼ਹੀਦ ਸ਼੍ਰੀ ਰਹਿਮਤ ਅਲੀ ਦੇ ਪਿੰਡ ਵਜੀਦ-ਕੇ ਕਲਾਂ ਆਪਣੇ ਸੀ.ਐਮ. ਬਾਦਲ ਸਾਹਿਬ ਗਏ ਸੀ, ਪਰ ਉਸ ਪਿੰਡ ਨੂੰ ਕੋਈ ਵੀ ਸਹੂਲਤ ਨਹੀਂ ਦਿੱਤੀ ਗਈ। ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਇਸ ਪਿੰਡ ਵਿੱਚ ਕੁਝ ਨਾ ਕੁਝ ਕੀਤਾ ਜਾਵੇ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਪਹਿਲਾਂ ਤਾਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਵਾਸਤੇ 50 ਕਰੋੜ ਰੁਪਏ ਦੀ ਗ੍ਰਾਂਟ ਇਸ ਬਜਟ ਵਿੱਚ ਰੱਖੀ ਹੈ। ਮੇਰੀ ਬੇਨਤੀ ਹੈ ਕਿ ਇਹ ਯੂਨੀਵਰਸਿਟੀ ਇਸ ਵੇਲੇ ਸਾਡੇ ਇਲਾਕੇ ਦੀ ਬਹੁਤ ਵੱਡੀ ਯੂਨੀਵਰਸਿਟੀ ਬਣ ਗਈ ਹੈ ਜਿਸ ਦਾ 6 ਕਰੋੜ ਰੁਪਏ ਮਹੀਨੇ ਦਾ ਸੈਲਰੀ ਬਿਲ ਹੈ। ਉਥੇ ਲੋਕਾਂ ਤੋਂ ਬਹੁਤ ਸਬਸੇਡਾਈਜ਼ਡ ਰੇਟ ਲਏ ਜਾਂਦੇ ਹਨ। ਡਿਪਟੀ ਸੀ.ਐਮ. ਸਾਹਿਬ ਵੀ ਬੈਠੇ ਹਨ, ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਉਸ ਇਲਾਕੇ ਵਿੱਚ ਇਹ ਯੂਨੀਵਰਸਿਟੀ ਇਨ੍ਹਾਂ ਦੀ ਦੇਣ ਹੈ। ਕੀ 50 ਕਰੋੜ ਰੁਪਏ, ਜਾਂ 30 ਕਰੋੜ ਰੁਪਏ ਪਲਾਨ ਵਾਸਤੇ ਅਤੇ 20 ਕਰੋੜ ਰੁਪਏ ਨਾਨ ਪਲਾਨ ਵਾਸਤੇ ਜਿਹੜੇ ਕਈ ਪ੍ਰੋਜੈਕਟ ਉਥੇ ਪੈਂਡਿੰਗ ਪਏ ਹਨ, ਕੁਝ ਨਾ ਕੁਝ ਫੰਡ ਇਸ ਯੂਨੀਵਰਸਿਟੀ ਵਾਸਤੇ ਜ਼ਰੂਰ ਦੇਣ ਕਿਉਂਕਿ ਜੋ ਸਿਹਤ ਸੁਵਿਧਾਵਾਂ ਹਨ, ਉਨ੍ਹਾਂ ਵਾਸਤੇ ਕਮਰਸ਼ੀਅਲ ਚਾਰਜ਼ਿਜ਼ ਤਾਂ ਨਹੀਂ ਲਗਾਏ ਜਾ ਸਕਦੇ। ਇਹ ਲੋਕਾਂ ਦੀ ਸਹੂਲਤ ਵਾਸਤੇ ਹੈ। ਉਥੇ ਹੋਰ ਕੋਈ ਐਸੇ ਫੰਡ ਇਸ ਸਾਲ ਵਿੱਚ ਮੁਹੱਈਆ ਕਰਵਾਏ ਜਾਣ ਤਾਂ ਕਿ ਅੱਗੇ ਯੂਨੀਵਰਸਿਟੀ ਦੀਆਂ ਲੋੜਾਂ ਪੂਰੀਆਂ ਹੋ ਸਕਣ।

ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਰੀਗੇਸ਼ਨ ਮੰਤਰੀ ਜੀ ਨੂੰ ਬੇਨਤੀ ਕਰਦੀ ਹਾਂ ਕਿ ਪਟਿਆਲਾ ਜ਼ਿਲ੍ਹੇ ਵਿੱਚ ਪਾਣੀ ਸਿਰਫ ਸਬਜ਼ੀਆਂ ਉਗਾਉਣ ਜੋਗਾ ਹੀ ਉਪਲਬੱਧ ਹੈ। ਪਰ ਹੁਣ ਜ਼ਿਮੀਂਦਾਰ ਜੀਰੀ ਤੇ ਕਣਕ ਵੀ ਬੀਜਣ ਲਗ ਗਏ ਹਨ ਜਿਸ ਕਾਰਨ ਉਥੇ ਪਾਣੀ ਦੀ ਬਹੁਤ ਘਾਟ ਹੋ ਰਹੀ ਹੈ। ਜਦੋਂ ਪਿਛਲੀ ਫਸਲ ਹੋਈ ਸੀ ਤਾਂ ਉਸ ਸਮੇਂ ਲੋਕਾਂ ਨੇ ਮੋਘੇ ਥੋੜ੍ਹੇ ਵੱਡੇ ਕਰ ਲਏ ਸੀ ਪਰ ਜ਼ਿਮੀਂਦਾਰਾਂ ਤੇ ਪੁਲਿਸ ਵਾਲਿਆਂ ਨੇ ਅਤੇ ਮਹਿਕਮੇ ਵਾਲਿਆਂ ਨੇ ਪਰਚੇ ਦਰਜ ਕਰਵਾ ਦਿੱਤੇ ਸੀ। ਸੋ,

ਮੈਂ ਇਰੀਗੇਸ਼ਨ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਦੀ ਹਾਂ ਅਤੇ ਇਨ੍ਹਾਂ ਦਾ ਧਿਆਨ ਵੀ ਦਿਵਾਉਂਦੀ ਹਾਂ ਕਿ ਪਟਿਆਲੇ ਜ਼ਿਲ੍ਹੇ ਦੇ ਵਿੱਚ ਵੀ ਕਿਸਾਨਾਂ ਵਾਸਤੇ ਪਾਣੀ ਦਾ ਪ੍ਰਬੰਧ ਹੋਰ ਜਗ੍ਹਾ ਦੀ ਤਰ੍ਹਾਂ ਹੀ ਕਰਨਾ ਚਾਹੀਦਾ ਹੈ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇੱਕ ਅਹਿਮ ਮੁੱਦੇ ਤੇ ਦਿਵਾਉਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਫੋਕਲ ਪੁਆਇੰਟ ਸਨ, ਮੰਡੀਆਂ ਦੇ ਜੋ ਫੜ੍ਹ ਹਨ, ਉਨ੍ਹਾਂ ਦੀ ਹਾਲਤ ਬੜੀ ਖਸਤਾ ਹੋ ਗਈ ਹੈ। ਜਦੋਂ ਕੋਈ ਜ਼ਿਮੀਦਾਰ ਮੰਡੀਆਂ ਵਿੱਚ ਦਾਣਾ ਲੈ ਕੇ ਜਾਂਦਾ ਹੈ, ਉਥੇ ਵੱਡੇ ਵੱਡੇ ਟੋਏ ਪਏ ਹੋਏ ਹਨ । ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੰਡੀਆਂ ਦੇ ਫੋਕਲ ਪੁਆਇੰਟਾਂ ਦੇ ਵਿੱਚ ਜੋ ਫੜ੍ਹ ਹਨ, ਉਥੇ ਫਰਸ਼ ਪਵਾਏ ਜਾਣ ਤਾਂ ਕਿ ਜ਼ਿਮੀਦਾਰਾਂ ਦੀ ਜੋ ਫਸਲ ਖਰਾਬ ਹੋ ਰਹੀ ਹੈ, ਉਸ ਨੂੰ ਬਚਾਇਆ ਜਾ ਸਕੇ।

ਸਰਦਾਰ ਚਰਨਜੀਤ ਸਿੰਘ ਚੰਨੀ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਦਾ ਧਿਆਨ ਇੱਕ ਬਹੁਤ ਮਹੱਤਵਪੂਰਨ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ, ਭਾਵੇਂ ਇਹ ਪ੍ਰਾਬਲਮ ਸਾਰੇ ਪੰਜਾਬ ਦੀ ਹੀ ਹੈ ਅਤੇ ਖਾਸ ਕਰਕੇ ਮੇਰੇ ਇਲਾਕੇ ਵਿੱਚ ਤਾਂ ਇਹ ਵੱਡੀ ਪ੍ਰਾਬਲਮ ਹੈ। ਲੋਕਾਂ ਦੇ ਘਰਾਂ ਵਿੱਚ ਜੋ ਟਿਊਬਵੈੱਲਾਂ ਦੇ ਪਾਣੀ ਦੇ ਬਿਲ ਆਉਂਦੇ ਹਨ, ਉਹ ਬਹੁਤ ਜ਼ਿਆਦਾ ਪਿੰਡਾਂ ਦੇ ਵਿੱਚ ਡਿਊ ਖੜ੍ਹੇ ਹਨ। ਮੇਰੇ ਹਲਕੇ ਦਾ ਇੱਕ ਪਿੰਡ ਮਹਿਦੋਦ ਹੈ, ਉਸ ਦਾ ਵੀ ਕਈ ਲੱਖ ਰੁਪਏ ਦਾ ਬਿਲ ਖੜ੍ਹਾ ਹੈ ਅਤੇ ਬਹੁਤ ਸਾਰੇ ਪਿੰਡਾਂ ਨੂੰ ਬਿਜਲੀ ਵਿਭਾਗ ਦੇ ਐਸ.ਡੀ.ਓ. ਕਹਿੰਦੇ ਹਨ ਕਿ ਤੁਹਾਡੇ ਪਾਣੀ ਦੀ ਸਪਲਾਈ ਬੰਦ ਕਰ ਦੇਣੀ ਹੈ, ਨਹੀਂ ਤਾਂ ਤੁਸੀਂ ਆਪਣੇ ਬਿਲ ਜਮ੍ਹਾਂ ਕਰਵਾਉ। ਪੁਜੀਸ਼ਨ ਇਹ ਹੈ ਕਿ ਪਿੰਡ ਵਿਚੋਂ ਪੈਸੇ ਇਕੱਠੇ ਨਹੀਂ ਹੁੰਦੇ। ਮਹਿਦੋਦ ਪਿੰਡ ਦੀ ਪੰਚਾਇਤ ਕੋਲ ਪੈਸਾ/ਫੰਡ ਬਹੁਤ ਹੈ, ਲਗਭਗ ....

ਮਾਨਯੋਗ ਸਪੀਕਰ: ਇਸ ਸਬੰਧ ਵਿੱਚ ਪ੍ਰਸ਼ਨ ਵੀ ਸੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਕੁਐਸਚਨ ਆਵਰ ਦਾ ਤਾਂ ਹੁਣ ਸਮਾਂ ਹੀ ਬੀਤ ਗਿਆ ਹੈ ਜੀ, ਹੁਣ ਕਿਹੜਾ ਕੁਐਸਚਨ ਲੱਗਣੇ ਹਨ। ਮੇਰੀ ਗੱਲ ਪਲੀਜ਼ ਪੂਰੀ ਹੋ ਲੈਣ ਦਿਉ ਕਿ ਉਥੇ ਪੰਚਾਇਤ ਬਿਲ ਦੇਣਾ ਚਾਹੁੰਦੀ ਹੈ ਕਿ ਸਾਂਝੇ ਪੈਸੇ ਵਿਚੋਂ ਉਹ ਬਿਲ ਅਦਾ ਕਰ ਦੇਈਏ। ਲੇਕਿਨ ਪੰਚਾਇਤ ਨੂੰ ਅਲਾਓ ਨਹੀਂ ਕੀਤਾ ਜਾ ਰਿਹਾ। ਜਿਹੜੇ ਪਿੰਡ ਇਹ ਬਿਲ ਨਹੀਂ

[ਸਰਦਾਰ ਚਰਨਜੀਤ ਸਿੰਘ ਚੰਨੀ]

ਦੇ ਸਕਦੇ, ਉਨ੍ਹਾਂ ਦੇ ਮੁਆਫ ਕਰ ਦਿੱਤੇ ਜਾਣ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਤੁਸੀਂ ਕਿਸਾਨਾਂ ਦੇ ਬਿਲ ਮੁਆਫ ਕੀਤੇ ਹਨ, ਜਿਥੇ 20 ਕਿਸਾਨਾਂ ਦੇ ਟਿਊਬਵੈਲ ਖੇਤਾਂ ਵਿੱਚ ਚਲਦੇ ਹਨ, ਉਥੇ ਇਸ ਪਿੰਡ ਦੇ ਪੀਣ ਵਾਲੇ ਪਾਣੀ ਦੇ ਬਿਲ ਵੀ ਮੁਆਫ ਕਰ ਦਿੱਤੇ ਜਾਣ, ਇਸ ਦੇ ਵਿੱਚ ਕਿਸਾਨ ਵੀ ਆ ਜਾਂਦੇ ਹਨ। ਵੈਸੇ ਤਾਂ ਲੋਕ ਬਿਲ ਪੇਅ ਨਹੀਂ ਕਰ ਪਾ ਰਹੇ, ਅਜਿਹਾ ਕਰਨ ਨਾਲ ਉਨ੍ਹਾਂ ਨੂੰ ਬੜੀ ਭਾਰੀ ਰਾਹਤ ਮਿਲ ਜਾਵੇਗੀ। ਮੇਰੀ ਬੇਨਤੀ ਹੈ ਕਿ ਜਿਹੜੀਆਂ ਪੰਚਾਇਤਾਂ ਆਪਣੇ ਪੀਣ ਵਾਲੇ ਪਾਣੀ ਦੇ ਬਿਲ ਪੇਅ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਇਸ ਵਾਸਤੇ ਅਲਾਉ ਕਰ ਦਿੱਤਾ ਜਾਵੇ। ਕਾਈਂਡਲੀ ਸਰਕਾਰ ਇਸ ਵੱਲ ਧਿਆਨ ਦੇਵੇ ਕਿਉਂਕਿ ਇਹ ਲੋਕਾਂ ਦਾ ਹੀ ਪੈਸਾ ਹੈ।

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ। ਜ਼ੀਰੋ ਆਵਰ ਖਤਮ ਹੋ ਗਿਆ ਹੈ ਜੀ । ਅਗਲੀ ਆਈਟਮ ਧਿਆਨ ਦਿਵਾਊ ਮਤਾ। ਸਰਦਾਰ ਪਰਗਟ ਸਿੰਘ ਜੀ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਰਹਿ ਗਿਆ ਹੈ...

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ...

ਮਾਨਯੋਗ ਸਪੀਕਰ: ਬੀਬੀ ਜੀ, ਤੁਸੀਂ ਪਹਿਲਾਂ ਤਾਂ ਉੱਠੇ ਨਹੀਂ, ਹੁਣ ਮੈਂ ਅਗਲੀ ਆਈਟਮ ਤੇ ਚਲਾ ਗਿਆ ਹਾਂ। ਹੁਣ ਤੁਹਾਨੂੰ ਅਗਲੀ ਵਾਰ ਟਾਈਮ ਦੇ ਦਿਆਂਗੇ। ਹੁਣ ਅਗਲੀ ਆਈਟਮ ਲੈਂਦੇ ਹਾਂ, ਕਾਲ ਅਟੈਂਸ਼ਨ ਨੋਟਿਸ।

CALLING ATTENTION NOTICES UNDER RULE 66

(SERIAL NUMBER 32)

ਸਰਦਾਰ ਪਰਗਟ ਸਿੰਘ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਜਮਸ਼ੇਦ, ਜਲੰਧਰ ਵਿਖੇ ਇਕ ਸਾਲਿਡ ਵੇਸਟ ਮੈਨੇਜਮੈਂਟ ਕਲੱਸਟਰ, ਸਥਾਪਿਤ ਕਰਨ ਦੀ ਤਜਵੀਜ਼ ਹੈ। ਇਸ ਜਗ੍ਹਾ ਤੇ 15 ਸਾਲ ਪਹਿਲਾਂ ਡੇਅਰੀਆਂ ਸ਼ਿਫਟ ਕੀਤੀਆਂ ਗਈਆਂ ਸਨ ਜਿਨ੍ਹਾਂ ਦੀ ਹਾਲਤ ਵੀ ਤਰਸਯੋਗ ਹੈ। ਇਸ ਵੇਲੇ ਇੱਥੇ 16,500 ਦੇ ਕਰੀਬ ਦੁਧਾਰੂ ਪਸ਼ੂ ਹਨ ਅਤੇ 5000 ਦੀ ਅਬਾਦੀ ਹੈ।

ਸਾਲਿਡ ਵੇਸਟ ਕਲੱਸਟਰ ਸਥਾਪਿਤ ਕਰਨ ਲਈ ਕਾਫੀ ਸ਼ਰਤਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ ਜਿਵੇਂ ਕਿ ਉਸ ਜਗ੍ਹਾ ਤੋਂ 500 ਮੀਟਰ ਵਿਚ no construction zone ਹੋਣਾ ਚਾਹੀਦਾ ਹੈ। ਇਸ ਵਾਸਤੇ ਹੋਰ ਵੀ ਕਈ ਬੇਸਿਕ ਪੈਰਾਮੀਟਰਜ਼ ਹੁੰਦੇ ਹਨ ਪਰ ਸਾਰੇ ਮਾਮਲੇ ਦੀ ਪ੍ਰੈਕਟੀਕੇਬਿਲਟੀ ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਕਾਹਲੀ ਵਿਚ ਕੀਤੇ ਫੈਸਲਿਆਂ ਨਾਲ ਇਥੇ ਵਸਦੇ ਲੋਕਾਂ ਤੇ ਪੈਣ ਵਾਲੇ ਅਸਰ ਬਾਰੇ ਲੋਕਾਂ ਵਿਚ ਭਾਰੀ ਚਿੰਤਾ ਅਤੇ ਬੇਚੈਨੀ ਪਾਈ ਜਾ ਰਹੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਜ਼ਰੂਰੀ ਮਾਮਲੇ ਤੇ ਪੁਨਰ ਵਿਚਾਰ ਕੀਤਾ ਜਾਵੇ ਤਾਂ ਜੋ ਆਮ ਜਨਤਾ ਦੇ ਖਦਸ਼ਿਆਂ ਦਾ ਨਿਪਟਾਰਾ ਕੀਤਾ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ,ਜਲੰਧਰ ਕਲੱਸਟਰ ਲਈ ਸੋਲਿਡ ਵੇਸਟ ਪ੍ਰਾਸੈਸਿੰਗ ਪਲਾਂਟ ਪਿੰਡ ਜਮਸ਼ੇਦ ਵਿਖੇ ਲਗਾਉਣ ਦੀ ਤਜ਼ਵੀਜ਼ ਹੈ। ਇਸ ਲਈ ਸੈਨੀਟਰੀ ਲੈਂਡ ਹੁਸ਼ਿਆਰਪੁਰ ਸ਼ਹਿਰ ਵਿਖੇ ਬਣਾਈ ਜਾਵੇਗੀ। ਸੋਲਿਡ ਵੇਸਟ ਨੂੰ ਪ੍ਰਾਸੈਸ ਕਰਨ ਲਈ ਪਲਾਂਟ ਦੀ ਉਸਾਰੀ ਕਰਨ ਤੋਂ ਪਹਿਲਾਂ ਵਾਤਾਵਰਨ ਅਤੇ ਜੰਗਲਾਤ ਮੰਤਰਾਲਾ, ਭਾਰਤ ਸਰਕਾਰ ਵਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਨੰ: 1533/ਈ, ਮਿਤੀ 14.09.2006 ਮੁਤਾਬਿਕ ਵਾਤਾਵਰਣ ਕਲੀਅਰੈਂਸ ਲੈਣੀ ਜ਼ਰੂਰੀ ਹੁੰਦੀ ਹੈ, ਤਾਂ ਜੋ ਪਲਾਂਟ ਦੇ ਲੱਗਣ ਨਾਲ ਵਾਤਾਵਰਣ ਤੇ ਕੋਈ ਬੁਰਾ ਪ੍ਰਭਾਵ ਨਾ ਪਵੇ। ਜਲੰਧਰ ਕਲੱਸਟਰ ਵਿਚ ਪਿੰਡ ਜਮਸ਼ੇਦ ਵਿਖੇ ਪਲਾਂਟ ਲਗਾਉਣ ਦੀ ਜਗ੍ਹਾ ਦੀ ਵਾਤਾਵਰਣ ਕਲੀਅਰੈਂਸ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਵਲੋਂ ਦਿੱਤੀ ਗਈ ਹੈ। ਇਹ ਕਲੀਅਰੈਂਸ ਮੌਕੇ ਤੇ ਪਬਲਿਕ ਸੁਣਵਾਈ ਦੌਰਾਨ ਉਠਾਏ ਗਏ ਇਤਰਾਜਾਂ ਨੂੰ ਵਿਚਾਰ ਕੇ ਉਨ੍ਹਾਂ ਨੂੰ ਹੱਲ ਕਰਦੇ ਹੋਏ ਦਿੱਤੀ ਜਾਂਦੀ ਹੈ ਅਤੇ ਲੋੜੀਂਦੀ ਕਲੀਅਰੈਂਸ ਵੀ ਇਸੇ ਅਨੁਸਾਰ ਹੀ ਦਿੱਤੀ ਗਈ ਹੈ। ਇਸ ਸਬੰਧ ਵਿਚ ਫੈਸਲਾ ਲੈਣ ਲਈ ਕੋਈ ਵੀ ਕਾਹਲੀ ਨਹੀਂ ਵਰਤੀ ਗਈ ਹੈ ਅਤੇ ਇਸ ਸਾਰੇ ਪ੍ਰਾਸੈਸ ਵਿਚ ਇਕ ਸਾਲ ਦਾ ਸਮਾਂ ਲੱਗਿਆ ਹੈ। ਜਲੰਧਰ ਦੇ ਮਾਸਟਰ ਪਲਾਨ ਵਿਚ ਵੀ ਇਸ ਜਗ੍ਹਾ ਨੂੰ ਸੋਲਿਡ ਵੇਸਟ ਪਲਾਂਟ ਲਗਾਉਣ ਲਈ ਨਿਸ਼ਚਿਤ ਕੀਤਾ ਗਿਆ ਹੈ ਅਤੇ ਇਸ ਅਨੁਸਾਰ ਹੀ ਕਾਰਵਾਈ ਕੀਤੀ ਜਾ ਰਹੀ ਹੈ।

ਸਰਦਾਰ ਪਰਗਟ ਸਿੰਘ : ਸਪੀਕਰ ਸਾਹਿਬ, ਸਪਲੀਮੈਂਟਰੀ ਜੀ, ਮੈਂ ਥੋੜ੍ਹੀ ਜਿਹੀ ਬੈਕਗਰਾਉਂਡ ਦੱਸਣੀ ਚਾਹੁੰਦਾ ਹਾਂ ਕਿਉਂਕਿ ਜਦੋਂ ਵੀ ਕੋਈ ਪ੍ਰਾਜੈਕਟ ਲੱਗਦਾ ਹੈ ਤਾਂ ਉਸ ਲਈ ਕੰਸਲਟੈਂਟ ਲਗਾਇਆ ਜਾਂਦਾ ਹੈ। ਇਸ ਵਿਚ ਜਿਹੜੀ ਫਰਮ ਨੂੰ ਕਨਸਲਟੈਂਸੀ ਦਿੱਤੀ ਗਈ ਸੀ, ਮੇਰੇ ਕੋਲ ਉਸ ਦੀ ਰਿਪੋਰਟ ਪਈ ਹੈ। (ਵਿਘਨ...ਸ਼ੋਰ)

Mr. Speaker : Please silence.

ਸਰਦਾਰ ਪਰਗਟ ਸਿੰਘ : ਸਪੀਕਰ ਸਾਹਿਬ, ਜਦੋਂ ਸੋਲਿਡ ਵੇਸਟ ਨੂੰ ਅਸੀਂ ਪ੍ਰਾਸੈਸ ਕਰਦੇ ਹਾਂ ਤਾਂ ਉਸ ਵਿਚੋਂ ਫਿਊਰਾਨ ਅਤੇ ਡਾਈਆਕਸਿਨ ਨਾਮ ਦੀਆਂ ਦੋ ਗੈਸਿਜ਼ ਨਿਕਲਦੀਆਂ ਹਨ। ਇਨ੍ਹਾਂ ਗੈਸਾਂ ਦੀ ਸਪੈਸ਼ਲਾਈਜ਼ ਲੈਬ ਹੈਦਰਾਬਾਦ ਵਿਚ ਹੈ। ਪਰ ਇਸ ਗੱਲ ਬਾਰੇ ਕਨਸਲਟੈਂਸੀ ਰਿਪੋਰਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਦੂਜੀ ਗੱਲ ਜਿਹੜਾ ਭਾਰਤ ਸਰਕਾਰ ਦੀ ਮਨਿਸਟਰੀ ਆਫ ਅਰਬਨ ਡਿਵੈਲਪਮੈਂਟ ਦਾ ਮੈਨ੍ਯੂਅਲ ਹੈ, ਉਸ ਦੇ ਪੰਨਾ ਨੰ: 331 ਵਿਚ ਸਾਈਟ ਸਿਲੈਕਸ਼ਨ ਦੇ ਪੈਰ੍ਹਾ ਨੰ: 5 ਵਿਚ ਲਿਖਿਆ ਹੈ A zone of 500 metre around a land fill boundary should be declared a no development buffer zone. ਪਰ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ 500 ਮੀਟਰ ਬਫਰ ਜ਼ੋਨ ਵਿਚ 17 ਹਜ਼ਾਰ ਪਸ਼ੂ ਹਨ ਔਰ ਇਥੇ 850 ਕੁਇੰਟਲ ਦੁੱਧ ਰੋਜ਼ਾਨਾ ਜਲੰਧਰ ਨੂੰ ਸਪਲਾਈ ਹੁੰਦਾ ਹੈ। ਇਸ ਤੋਂ ਇਲਾਵਾ ਇਸ ਦੇ ਦੁਆਲੇ ਛੋਟੇ ਛੋਟੇ ਚਾਰ ਪਿੰਡਾਂ ਵਿਚ 8 ਹਜ਼ਾਰ ਲੋਕ ਰਹਿ ਰਹੇ ਹਨ। ਇਹ ਸਾਡੇ ਸਿਸਟਮ ਦੀ ਤਰਾਸਦੀ ਹੈ, ਕਿਉਂਕਿ ਜਿਹੜਾ ਬਾਬੂ ਫਾਈਲ ਨੂੰ ਡਿਵੈਲਪ ਕਰਦਾ ਹੈ, ਉਹ ਆਪਣੇ ਟੇਬਲ ਤੋਂ ਅਗਲੇ ਪਾਸੇ ਨਹੀਂ ਦੇਖਦਾ ਪਰ ਜਦੋਂ ਗੱਲ ਟਾਪ ਲੈਵਲ ਬਿਓਰੋਕਰੇਸੀ ਤੱਕ ਆਉਂਦੀ ਹੈ ਤਾਂ ਬਹੁਤ ਸਾਰੀਆਂ ਚੀਜ਼ਾਂ ਹੋ ਚੁੱਕੀਆਂ ਹੁੰਦੀਆਂ ਹਨ। ਮੈਂ ਇਸ ਦੇ ਟਰੈਫਿਕ ਪਲੈਨ ਬਾਰੇ ਦੱਸਦਾ ਹਾਂ, ਮੈਂ ਇਕ ਦਿਨ ਸੈਕਟਰੀ ਸਾਹਿਬ ਨਾਲ ਉਥੇ ਗਿਆ ਸੀ, ਜਿਥੇ 750 ਟਨ ਵੇਸਟ ਜਾਣਾ ਹੈ ਪਰ ਅਸੀਂ ਦੋਵੇਂ ਜਣੇ ਉਥੇ ਤੱਕ ਪਹੁੰਚ ਹੀ ਨਹੀਂ ਸਕੇ। ਕਿਉਂਕਿ ਸੱਚਾਈ ਕੁਝ ਹੋਰ ਹੈ। ਇਹ ਠੀਕ ਹੈ ਕਿ ਉਸ ਸਮੇਂ ਦੇ ਐਮ.ਐਲ.ਏ. ਅਤੇ ਸਿਸਟਮ ਨੇ ਇਹ ਸਾਰੀਆਂ ਪਰਮਿਸ਼ਨਾਂ ਅਥਾਰਟੀਜ਼ ਕੋਲੋਂ ਲਈਆਂ ਹਨ।ਪਰ ਮੈਂ ਇਹ ਜ਼ਰੂਰ ਬੇਨਤੀ ਕਰਨਾ ਚਾਹੁੰਦਾ ਹਾਂ ਕਿਉਂਕਿ ਇਹ ਇਕ ਬਹੁਤ ਹੀ ਸੈਂਸਟਿਵ ਮਾਮਲਾ ਹੈ। ਜਦੋਂ 850 ਕੁਇੰਟਲ ਦੁੱਧ ਜਲੰਧਰ

ਵਿਚ ਜਾਣਾ ਹੈ ਤਾਂ ਤੁਸੀਂ ਸਮਝ ਸਕਦੇ ਹੋ ਕਿਉਂਕਿ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਇਸ ਨਾਲ ਪੈਦਾ ਹੋ ਸਕਦੀਆਂ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਪ੍ਰਾਜੈਕਟ ਨੂੰ ਦੁਬਾਰਾ ਅਸੈਸ ਕਰਵਾਉਣਗੇ। ਮੰਤਰੀ ਜੀ ਸੀ.ਪੀ.ਐਸ. ਸ਼੍ਰੀ ਸੋਮ ਪ੍ਰਕਾਸ਼ ਜੀ ਦੇ ਨਾਲ ਵੱਖ ਵੱਖ ਵਿਭਾਗਾਂ ਦੇ 4-5 ਐਕਸਪਰਟ ਲੈ ਕੇ ਇਸ ਪ੍ਰਾਜੈਕਟ ਦੀ ਦੁਬਾਰਾ ਅਸੈਸਮੈਂਟ ਕਰਵਾ ਲੈਣ ਤਾਂ ਜੋ ਇਸ ਚੀਜ਼ ਤੋਂ ਬਚਿਆ ਜਾ ਸਕੇ। ਮੈਂ ਚਾਹੁੰਦਾ ਹਾਂ ਕਿ ਸੋਲਿਡ ਵੇਸਟ ਪ੍ਰਾਜੈਕਟ ਲੱਗੇ but not at the cost of these people.

ਮਾਨਯੋਗ ਸਪੀਕਰ : ਹਾਂ ਜੀ ਜੋਸ਼ੀ ਸਾਹਿਬ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਹੀ ਬੜੀਆਂ ਅੜਚਨਾਂ ਅਤੇ ਮੁਸ਼ਕਲਾਂ ਤੋਂ ਬਾਅਦ ਜਲੰਧਰ ਵਿੱਚ ਸੋਲਿਡ ਵੇਸਟ ਮੈਨੇਜਮੈਂਟ ਸ਼ੁਰੂ ਹੋਇਆ ਹੈ। ਬਾਕੀ ਇਹ ਜਿਹੜਾ ਪਲਾਂਟ ਲੱਗਣ ਦੀ ਗੱਲ ਹੈ। ਇਸ ਵਿੱਚ ਵੀ ਤਕਰੀਬਨ 2 ਸਾਲ ਲੱਗੇ ਹਨ। ਜਿਸ ਦੇ ਵਿੱਚ ਜ਼ਿਲ੍ਹਾ ਪੱਧਰੀ ਸਾਈਟ ਕਮੇਟੀ ਨੇ 2010 ਵਿੱਚ ਪਹਿਲਾਂ ਚੋਣ ਕੀਤੀ, ਫਿਰ ਅਖਬਾਰਾਂ ਵਿੱਚ ਪਬਲਿਕ ਨੋਟਿਸ ਦਿੱਤਾ। ਉਸ ਤੋਂ ਬਾਅਦ ਪੰਜਾਬ ਪ੍ਰਦੂਸ਼ਨ ਬੋਰਡ ਵੱਲੋਂ ਸਾਈਟ ਦੀ ਪ੍ਰਵਾਨਗੀ 18.10.2011 ਵਿੱਚ ਦਿੱਤੀ ਗਈ। ਫਿਰ State Level Environment Impact Assessment Authority, Punjab ਨੇ 30.8.2012 ਵਿੱਚ ਪਰਮਿਸ਼ਨ ਦਿੱਤੀ। ਫਿਰ ਪਲਾਂਟ ਦਾ ਇਕਰਾਰਨਾਮਾ ਹੋਇਆ। ਜਿਹੜੀ 500 ਮੀਟਰ ਘੇਰੇ ਦੀ ਗੱਲ ਕੀਤੀ ਹੈ, ਉਹ ਜਿਥੇ ਪਲਾਂਟ ਲੱਗਣਾ ਹੈ ਉਥੇ ਜ਼ਰੂਰੀ ਨਹੀਂ ਹੁੰਦਾ ਹੈ। No construction Zone ਸਿਰਫ Engineer Sanitary Land fill ਜਿਹੜਾ ਹੈ ਉਹ ਹੈ ਕਿ ਇਸ ਤੋਂ ਬਾਅਦ ਜਿਹੜੀ ਵੇਸਟ ਬਚਣੀ ਹੈ, ਪਲਾਂਟ ਦੇ ਵਿਚੋਂ ਜਦੋਂ ਉਹ ਸਾਰਾ ਪ੍ਰੋਸੈਸ ਹੋ ਜਾਣਾ ਹੈ, ਜਿਥੇ ਉਸ ਨੂੰ ਦਬਾਉਣਾ ਹੈ ਉਥੇ ਇਹ 500 ਮੀਟਰ ਘੇਰੇ ਦੇ ਵਿੱਚ ਹੁੰਦੀ ਹੈ। ਇਹ ਹੁਸ਼ਿਆਰਪੁਰ ਦੇ ਵਿੱਚ ਹੈ, ਇਥੇ ਨਹੀਂ ਹੈ। ਚਾਹੇ ਚੰਡੀਗੜ੍ਹ ਜਾਂ ਮੁਹਾਲੀ ਦੇਖ ਆਓ। ਪਰ ਇਹ ਹੁੰਦਾ ਹੈ ਕਿ ਪਰਮਿਸ਼ਨ ਲੈਣਾ ਜਾਂ ਸਾਰਾ ਟੋਟਲ ਕਰਨ ਤੋਂ ਬਾਅਦ ਮਾਸਟਰ ਪਲਾਨ ਬਣਾ ਕੇ ਜਗ੍ਹਾ ਇਥੇ ਰੱਖੀ ਗਈ ਹੈ। ਬਾਕੀ ਜੇ ਇਹ ਕਹਿੰਦੇ ਹਨ ਤਾਂ ਅਸੀਂ ਟੈਕਨੀਕਲ ਕਮੇਟੀ ਜਿਹੜੀ ਹੈ, ਉਸ ਦੇ ਜਿਹੜੇ ਚੀਫ ਇੰਜੀਨੀਅਰ, ਜਿਸ ਤਰ੍ਹਾਂ ਸਾਡੇ ਲੋਕਲ ਗੌਰਮਿੰਟ ਵਿੱਚ ਦੇਖਦੇ ਹਨ, ਪਾਲਿਊਸ਼ਨ ਦੇ ਹਨ, ਕਮਿਸ਼ਨਰ ਕਾਰਪੋਰੇਸ਼ਨ ਹਨ, ਇਨ੍ਹਾਂ ਤਿੰਨਾਂ ਦੀ ਕਮੇਟੀ ਬਣਾ ਕੇ 10 ਦਿਨਾਂ ਦਾ ਟਾਈਮ ਦੇ ਦਿੰਦੇ ਹਾਂ ਕਿ ਅਸੈਸ ਕਰ ਲੈਣ, ਫਿਰ ਇਨ੍ਹਾਂ ਨਾਲ ਗੱਲ ਕਰ ਲਵਾਂਗੇ।

ਮਾਨਯੋਗ ਸਪੀਕਰ: ਧੰਨਵਾਦ।

(SERIAL NUMBER 40)

SHRI SUNIL JAKHAR: Sir, I would draw the attention of the Government towards a matter of urgent public importance namely the excess payment being made by the government beyond prescribed rates for purchasing of power from the private Thermal Plants. This enhancement will directly effect the power tariff. Every section of Punjab will be affected with these enhanced power rates and clue to that, their livelihood would be come more difficult. Not only the domestic power will be expensive but the power being supplied to the industry will also be expensive which would affect everything. This matter seeks an urgent importance and causing unrest amongst the general public.

Keeping in view the obvious and urgent importance of the matter, the Minister concerned may please be asked to make a statement on the floor of the House.

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਅੱਜ ਪੰਜਾਬ ਵਿੱਚ ਦੋ ਪ੍ਰਾਈਵੇਟ ਥਰਮਲ ਪਲਾਂਟ ਐਨ.ਪੀ.ਐਲ, ਰਾਜਪੁਰਾ ਅਤੇ ਟੀ.ਐਸ.ਪੀ.ਐਲ, ਤਲਵੰਡੀ ਸਾਬੋ, ਬਿਜਲੀ ਸਪਲਾਈ ਕਰ ਰਹੇ ਹਨ। ਇਹ ਭਾਰਤ ਸਰਕਾਰ ਦੀ Ministry of Powers, bidding policy ਅਨੁਸਾਰ Global bidding ਦੁਆਰਾ ਸਿਲੈਕਟ ਕੀਤੇ ਗਏ ਸਨ। ਇਨ੍ਹਾਂ ਨਾਲ ਬਿਜਲੀ ਦੀ ਖਰੀਦ ਦਾ ਪੀ.ਪੀ.ਏ ਬਕਾਇਦਾ ਤੌਰ ਤੇ Punjab State Electricity Regulatory Commission ਤੋਂ ਪ੍ਰਵਾਨਗੀ ਉਪਰੰਤ ਕੀਤਾ ਗਿਆ ਸੀ। ਇਨ੍ਹਾਂ ਪ੍ਰਾਈਵੇਟ ਪਲਾਂਟ ਤੋਂ ਬਿਜਲੀ ਦੀ ਖਰੀਦ ਪੀ.ਪੀ.ਏ Punjab State Electricity Commssion ਤੋਂ ਪ੍ਰਵਾਨਿਤ ਹੈ, ਅਨੁਸਾਰ ਹੀ ਕੀਤਾ ਜਾ ਰਿਹਾ ਹੈ। ਹਰ ਸਾਲ ਰੈਗੂਲੇਟਰੀ ਕਮਿਸ਼ਨ ਦੁਆਰਾ ਪ੍ਰਵਾਨਿਤ ਪੀ.ਐਸ.ਪੀ.ਸੀ.ਐਲ ਦੀ ਪਟੀਸ਼ਨ ਅਤੇ ਖਪਤਕਾਰਾਂ ਦੇ ਵਿਚਾਰਾਂ ਨੂੰ ਧਿਆਨ

ਵਿੱਚ ਰੱਖ ਕੇ ਟੈਰਿਫ ਨਿਰਧਾਰਤ ਕੀਤਾ ਜਾਂਦਾ ਹੈ। ਟੈਰਿਫ ਦੇ ਰੇਟਾਂ ਵਿੱਚ ਸਾਲ 2013-14 ਵਿੱਚ ਵਾਧਾ 9.06% ਸੀ ਅਤੇ ਸਾਲ 2014 ਵਿੱਚ ਸਿਰਫ ਟੈਰਿਫ 2.74% ਸੀ, ਇਸ ਸਾਲ ਰੈਗੂਲੇਟਰੀ ਕਮਿਸ਼ਨ ਦੇ ਟੈਰਿਫ ਆਡਰ ਦਾ ਇੰਤਜ਼ਾਰ ਹੈ ਅਤੇ ਸਾਨੂੰ ਉਮੀਦ ਹੈ ਕਿ ਇਸ ਵਾਰ ਵੀ ਹਰ ਸਾਲ ਦੀ ਤਰ੍ਹਾਂ ਬੈਲੈਂਸਡ ਆਡਰ ਹੋਏਗਾ ਜੋ ਕਿ ਪਾਵਰ ਸੈਕਟਰ ਅਤੇ ਕੰਜ਼ਿਊਮਰ ਦੇ ਹਿੱਤਾਂ ਦਾ ਧਿਆਨ ਰੱਖੇਗਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, This has been a dream project of our Deputy Chief Minister Sahib ਇਨ੍ਹਾਂ ਨੇ ਕਿਹਾ ਕਿ ਪਾਵਰ ਸਰਪਲੱਸ ਕਰ ਦਿਆਂਗੇ। ਬੜੀ ਅੱਛੀ ਗੱਲ ਹੈ but free power at what cost. ਇਨ੍ਹਾਂ ਨੇ ਜਦੋਂ ਇਸ ਗੱਲ ਨੂੰ ਪ੍ਰੋਪਾਗੇਟ ਕੀਤਾ ਕਿ ਅਸੀਂ ਇਹ ਕਰਨ ਜਾ ਰਹੇ ਹਾਂ, the manner in which these projects were touted ਕਿ ਸਸਤੀ ਬਿਜਲੀ ਆਏਗੀ ਅਤੇ ਲੋਕਾਂ ਨੂੰ ਇਸ ਦਾ ਬੜਾ ਲਾਭ ਮਿਲੇਗਾ ਅਸੀਂ ਸਸਤੀ ਬਿਜਲੀ ਪਾਕਿਸਤਾਨ ਵੀ ਭੇਜਾਂਗੇ ਅਤੇ ਇਥੇ ਵੀ ਸਾਰੇ ਵਾਰੇ ਨਿਆਰੇ ਕਰ ਦਿਆਂਗੇ। What was stated by PSPCL in the initial stages ਜਿਹੜਾ ਲੋਕਾਂ ਨੂੰ ਦੱਸਿਆ ਗਿਆ ਸੀ ਕਿ ਤਲਵੰਡੀ ਸਾਬੋ ਤੋਂ 2 ਰੁਪਏ 36 ਪੈਸੇ ਯੂਨਿਟ, these are your own releases by your department. ਰਾਜਪੁਰੇ ਤੋਂ 2.89 ਪੈਸੇ, ਗੋਇੰਦਵਾਲ ਸਾਹਿਬ ਤੋਂ 2 ਰੁਪਏ 69 ਪੈਸੇ। ਸਪੀਕਰ ਸਾਹਿਬ, ਅੱਜ ਜਿਹੜੇ ਬਿੱਲ ਰੇਜ਼ ਹੋਏ ਹਨ, ਤਲਵੰਡੀ ਸਾਬੋ ਵਾਲੇ ਬਿੱਲ ਮੇਰੇ ਕੋਲ ਨਹੀਂ ਹਨ। I have bills from Rajpura. ਜਿਹੜੇ ਇਨ੍ਹਾਂ ਨੇ ਰੇਜ਼ ਕੀਤੇ ਹਨ ਉਹ ਹਨ 5 ਰੁਪਏ 20 ਪੈਸੇ ਫਰਵਰੀ ਵਿੱਚ, ਮਾਰਚ ਵਿੱਚ 5 ਰੁਪਏ 5 ਪੈਸੇ, 4 ਰੁਪਏ 15 ਪੈਸੇ, 4 ਰੁਪਏ 65 ਪੈਸੇ, 4 ਰੁਪਏ 70 ਪੈਸੇ ਅਤੇ 6 ਰੁਪਏ 29 ਪੈਸੇ ਵੀ ਹਨ। Government has paid even to the extent of 3.80, 4.50 and 5.13 ਦੇ ਹਿਸਾਬ ਨਾਲ ਪੇਅ ਕੀਤੇ ਹਨ। Rest they are saying that this is we are not going to pay. ਇਹ ਡਿਸਪਿਊਟ ਵਿੱਚ ਪੈ ਗਏ ਅਤੇ ਰੈਗੂਲੇਟਰੀ ਕਮਿਸ਼ਨ ਕੋਲ ਚਲੇ ਗਏ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਡਮ ਦੂਬੇ ਨੇ ਵੀ ਸੈਂਕਸ਼ਨ ਦੇ ਦਿੱਤੀ, ਉਹ ਕਹਿੰਦੇ ਕਿ ਤੁਹਾਡਾ ਰਾਜਪੁਰੇ ਵਾਲਾ ਲਿੰਕ ਨਹੀਂ ਬਣਿਆ ਤਾਂ ਸੜਕਾਂ ਰਾਹੀਂ ਕੋਲਾ ਲਿਆਉਣ ਦੇ ਐਕਸੈਸ ਚਾਰਜਿਜ਼ ਵੀ ਸਰਕਾਰ ਦੇਵੇਗੀ। I don't want to put it just to oppose it against the average cost . ਜਿਹੜੇ ਸਾਡੇ ਸਰਕਾਰੀ ਥਰਮਲ

[ਸ਼੍ਰੀ ਸੁਨੀਲ ਜਾਖੜ]

ਪਲਾਂਟ ਹਨ, ਉਨ੍ਹਾਂ ਦੀ ਐਵਰੇਜ ਕੌਸਟ 3 ਰੁਪਏ 60 ਪੈਸੇ ਦੇ ਕਰੀਬ ਪੈਂਦੀ ਹੈ। ਜਦੋਂ ਇਹ ਦਿਖਾਇਆ ਗਿਆ ਸੀ ਇਨ੍ਹਾਂ ਨਾਲ ਸਾਡਾ ਐਗਰੀਮੈਂਟ ਹੋਇਆ ਹੈ ਅਤੇ ਬਿਜਲੀ 2 ਰੁਪਏ 36 ਪੈਸੇ ਅਤੇ 2 ਰੁਪਏ 90 ਪੈਸੇ ਆਵੇਗੀ, ਉਸ ਵਿੱਚ ਇਹ ਨਹੀਂ ਦੱਸਿਆ ਗਿਆ ਕਿ there is a fixed cost clause. ਫਿਕਸ ਕੌਸਟ ਦਾ ਮਤਲਬ ਕਿ ਜੇਕਰ ਅਸੀਂ ਇਨ੍ਹਾਂ ਤਿੰਨਾਂ ਪਲਾਂਟਾਂ ਤੋਂ ਇੱਕ ਰੱਤੀ ਵੀ ਬਿਜਲੀ ਨਾ ਲਈਏ ਫਿਰ ਵੀ ਸਾਨੂੰ ਰਾਜਪੁਰੇ ਨੂੰ 1 ਰੁਪਏ 22 ਪੈਸੇ will be given even if we are not buying a single unit. ਇਸ ਦਾ ਮਤਲਬ ਹੈ ਕਿ ਜੇਕਰ ਸਰਕਾਰ ਰਾਜਪੁਰੇ ਪਲਾਂਟ ਤੋਂ ਇੱਕ ਯੂਨਿਟ ਵੀ ਨਾ ਖਰੀਦੇ ਤਾਂ ਸਰਕਾਰ ਉਨ੍ਹਾਂ ਨੂੰ 1200 ਕਰੋੜ ਰੁਪਏ ਦੇਵੇਗੀ। ਤਲਵੰਡੀ ਸਾਬੋ ਨੂੰ 1 ਰੁਪਏ 35 ਪੈਸੇ ਫਿਕਸ ਕੌਸਟ ਦੇਣੀ ਪਵੇਗੀ ਜੋ ਕਿ 1825 ਕਰੋੜ ਰੁਪਏ ਬਣਦੇ ਹਨ। ਗੋਇੰਦਵਾਲ ਸਾਹਿਬ ਨੂੰ 1 ਰੁਪਏ 64 ਪੈਸੇ ਦੇ ਹਿਸਾਬ ਨਾਲ 660 ਕਰੋੜ ਰੁਪਏ ਬਣਦੇ ਹਨ। ਸਪੀਕਰ ਸਾਹਿਬ, ਹੁਣ ਕੀ ਹੋ ਰਿਹਾ ਹੈ ਕਿ of course there are peak seasons and there are low seasons. ਜਦੋਂ ਡਿਮਾਂਡ ਨਹੀਂ ਹੁੰਦੀ ਤਾਂ ਇਹ ਹੋਣਾ ਚਾਹੀਦਾ ਹੈ ਕਿ ਜਿੱਥੋਂ ਸਸਤੀ ਮਿਲਦੀ ਹੈ ਉਥੋਂ ਲੈ ਲਈ ਜਾਵੇ ਜਿਵੇਂ ਕਿ ਸਾਡਾ ਰੋਪੜ ਥਰਮਲ ਪਲਾਂਟ, ਬਠਿੰਡਾ ਅਤੇ ਲਹਿਰਾ ਮੁਹੱਬਤ ਤੋਂ ਲੈ ਲਈ ਜਾਵੇ। ਲਹਿਰਾ ਮੁਹੱਬਤ ਦੀ ਬਿਜਲੀ ਸਭ ਤੋਂ ਸਸਤੀ ਹੈ। ਪਰ ਨਹੀਂ, ਇਹ ਆਪਣੇ ਵਾਲੇ ਯੂਨਿਟ ਬੰਦ ਕਰਵਾ ਦਿੰਦੇ ਹਨ ਅਤੇ ਉਨ੍ਹਾਂ ਤੋਂ ਮਹਿੰਗੀ ਬਿਜਲੀ ਲੈਂਦੇ ਹਨ ਕਿਉਂਕਿ ਉਨ੍ਹਾਂ ਦਾ ਕੋਟਾ ਵੀ ਪੂਰਾ ਕਰਨਾ ਹੈ ਅਤੇ ਉਹ ਫਿਕਸ ਚਾਰਜਿਜ਼ ਵੀ ਪਾਉਂਦੇ ਹਨ। ਇਸ ਕਰਕੇ ਹੀ ਸਪੀਕਰ ਸਾਹਿਬ, ਜਿਹੜੀ ਸਸਤੀ ਬਿਜਲੀ ਕਹੀ ਗਈ ਸੀ ਤਾਂ ਜੇਕਰ ਇੰਨੀ ਕੀਮਤ ਤੇ ਹੀ ਲੈਣੀ ਸੀ ਤਾਂ ਫਿਰ ਆਪਾਂ ਬਾਹਰੋਂ ਹੀ ਲੈ ਲੈਂਦੇ। ਇਸ ਰੇਟ ਤੇ ਤਾਂ ਬਿਜਲੀ ਕਿਤੋਂ ਵੀ ਖਰੀਦ ਸਕਦੇ ਸੀ। What was the justification? ਸਾਡੀ ਮੰਗ ਉਦੋਂ ਵੀ ਸੀ ਕਿ this is probably one of the very rare instances where the government is functioning efficiently. ਉਦੋਂ ਇਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਲਾਉਣ ਵਾਸਤੇ ਪੈਸੇ ਨਹੀਂ ਹਨ। ਅਗਰਵਾਲ ਸਾਹਿਬ ਬੜੇ ਪੈਸੇ ਵਾਲੇ ਹਨ। ਐਲ.ਐਂਡ.ਟੀ. is flushed with funds. Now we are told that ਸਰਕਾਰ ਕੋਲ 3 ਹਜ਼ਾਰ ਕਰੋੜ ਰੁਪਿਆ as pocket money ਪਿਆ ਹੈ which is not even in the Consolidated Fund, I have learnt that at that time, the Government of India ਦੇ ਮਹਿਕਮੇ ਵਿੱਚ

upto 90% ਲੋਨ ਦੇਣ ਨੂੰ ਤਿਆਰ ਸੀ। 10% ਪੈਸੇ ਲੱਗਣੇ ਸੀ। I believe the thumb rule for making the thermal megawatt is about Rs. 5-5 6-6 ਹਜ਼ਾਰ ਕਰੋੜ ਰੁਪਏ ਦਾ ਮਸਲਾ ਸੀ। All we would have required is not more than Rs. 1000 crore, which were available. But we still have gone to those people. ਉਨ੍ਹਾਂ ਨੂੰ ਆਪਣੀ ਧੌਣ ਫੜਾ ਦਿੱਤੀ। ਹੁਣ ਖਰਚਾ ਪੂਰਾ ਕਰਨ ਲਈ ਤਾਂ ਬਿੱਲ ਵਧਦੇ ਹਨ। ਕਿਉਂ ਗਰੀਬ ਲੋਕ ਚੀਕਾਂ ਮਾਰਦੇ ਹਨ ਕਿ ਮੇਰੇ ਤਾਂ 2 ਲਾਟੂ ਜਗਦੇ ਹਨ ਅਤੇ ਬਿਜਲੀ ਦਾ ਬਿੱਲ 8000 ਰੁਪਏ ਦਾ ਆ ਗਿਆ ਹੈ। ਕਿਸੇ ਨੂੰ 9000 ਰੁਪਏ ਦਾ ਭੇਜ ਦਿੱਤਾ। We have the highest electricity duty in this country which is 13%. Nowhere else ਯੂ.ਪੀ. ਕਰਨਾਟਕਾ ਵਿਚ 5%, ਹਰਿਆਣਾ ਵਿੱਚ ਸਿਰਫ 9 ਪੈਸੇ। ਇਹ ਜਿਹੜੀ 13% ਹੈ this translates into 65 paisa. ਉਨ੍ਹਾਂ ਸੇਠਾਂ ਦੀਆਂ ਜੇਬਾਂ ਭਰਨ ਵਾਸਤੇ, ਜਿਨ੍ਹਾਂ ਨੂੰ ਤੁਸੀਂ ਧੌਣ ਫੜਾ ਕੇ ਆਏ ਹੋ, ਮਹਿਕਮਾ 65 ਪੈਸੇ ਇਲੈਕਟ੍ਰੀਸਿਟੀ ਡਿਊਟੀ ਚਾਰਜ ਕਰ ਰਿਹਾ ਹੈ। ਇਹ ਕਹਿੰਦੇ ਕਿ ਤੁਸੀਂ ਬਿਜਲੀ ਬਣਾਉ, ਅਸੀਂ ਲਵਾਂਗੇ ਹੀ ਲਵਾਂਗੇ। ਚਾਹੇ ਮਹਿੰਗੀ ਦੇਵੋ, ਚਾਹੇ ਸਸਤੀ ਦੇਵੋ। ਆਂਧਰਾ ਪ੍ਰਦੇਸ਼ ਵਿੱਚ 6 ਪੈਸੇ, ਬਿਹਾਰ ਵਿੱਚ 15 ਪੈਸੇ, ਪੰਜਾਬ 65 ਪੈਸੇ ਦੇ ਰਿਹਾ ਹੈ। ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਸਲਾ ਹੈ। ਇਸ ਉਤੇ ਕੀ ਜਵਾਬ ਹੈ। How can they justify this?

ਮਾਨਯੋਗ ਸਪੀਕਰ : ਡਿਪਟੀ ਸੀ.ਐਮ. ਸਾਹਿਬ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜਿਵੇਂ ਕੱਲ੍ਹ ਵੀ ਜ਼ਿਕਰ ਕੀਤਾ ਸੀ ਕਿ ਜਾਖੜ ਸਾਹਿਬ ਨੂੰ ਜਿਹੜੀ ਚੀਜ਼ ਸੂਟ ਕਰਦੀ ਹੈ, ਉਹ ਫੜ ਲਿਆਉਂਦੇ ਹਨ, ਜਿਹੜੀ ਸੂਟ ਨਹੀਂ ਕਰਦੀ ਉਹ ਦੱਸਦੇ ਨਹੀਂ। ਫੈਕਚੂਅਲੀ ਪੂਰੀ ਡਿਟੇਲ ਪੜ੍ਹਦੇ ਨਹੀਂ ਹਨ ਅਤੇ ਇੱਥੇ ਆ ਕੇ ਡਰਾਮਾਟਾਈਜ਼ ਕਰ ਦਿੰਦੇ ਹਨ ਕਿ ਪਤਾ ਨਹੀਂ ਕੀ ਹੋ ਗਿਆ। ਜਾਖੜ ਸਾਹਿਬ ਪਹਿਲੀ ਗੱਲ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਬਿਡਿੰਗ ਸਾਰੇ ਹਿੰਦੁਸਤਾਨ ਵਿੱਚ ਹੁੰਦੀ ਹੈ it is the same. ਇਹ ਨਹੀਂ ਹੈ ਕਿ ਸਾਡਾ ਪੀ.ਪੀ.ਏ ਹੋਰ ਹੈ, these are standard documents by Government of India. There are two types of cases. Case I type of bidding and Case II type of bidding. Case I type ਹੁੰਦੀ ਹੈ ਜਿੱਥੇ ਇਨਵੈਸਟਰ ਡਿਸਾਈਡ ਕਰਦਾ ਹੈ ਕਿ ਕਿੱਥੇ ਪਲਾਂਟ

[ਉਪ ਮੁੱਖ ਮੰਤਰੀ]

ਲਗਾਉਣਾ ਹੈ ਅਤੇ ਕਿੱਥੋਂ ਕੋਲਾ ਲੈ ਕੇ ਆਉਣਾ ਹੈ, Case II ਹੁੰਦਾ ਹੈ ਜਿਵੇਂ ਕੋਈ ਪਿਟਹੈਡ ਲਗਾ ਲਵੇ, ਕੋਈ ਬੰਬੇ ਲਗਾ ਲਵੇ, ਜਿਵੇਂ ਅਦਾਨੀ ਨੇ ਲਗਾਇਆ ਹੈ, Case II ਹੁੰਦੀ ਹੈ ਜਿੱਥੇ ਤੁਸੀਂ ਦੱਸਦੇ ਹੋ ਕਿ ਇਹ ਸਾਡਾ ਕੋਲ ਬਲਾਕ ਹੈ, ਇੱਥੋਂ ਕੋਲਾ ਆਵੇਗਾ you specify the coal block and the plant is set up in your area. Jakhar Sahib, there is very little difference between a government plant and their plant. ਇਹ ਜਿਹੜੇ ਪਲਾਂਟ ਹਨ they are 100% for Punjab ਔਰ ਉਹ ਬਿਜਲੀ ਦਾ ਇੱਕ ਯੂਨਿਟ ਵੀ ਕਿੱਤੇ ਬਾਹਰ ਨਹੀਂ ਵੇਚ ਸਕਦੇ। They are dedicated to us. They can't sell anywhere else. ਜਿਵੇਂ ਤੁਸੀਂ ਆਪ ਜਾਣਦੇ ਹੋ government efficiency level and private efficiency level, there is always a difference. I don't want to get into the depth of that. ਜਿਹੜਾ ਟੈਰਿਫ ਸੈਟ ਕੀਤਾ ਜਾਂਦਾ ਹੈ, bidding is done on the basis of levelised tariff over 25 years, levelised tariff ਦਾ ਮਤਲਬ ਕੀ ਹੈ, ਪਹਿਲੇ ਸਾਲਾਂ ਵਿੱਚ ਜਿਆਦਾ ਹੋਵੇਗਾ, ਅਖੀਰਲੇ ਸਾਲਾਂ ਵਿੱਚ ਘੱਟ ਹੋਵੇਗਾ, ਇਨਫਲੇਸ਼ਨ ਦੇ ਹਿਸਾਬ ਨਾਲ ਹੋਵੇਗਾ, and this is standard, ਇਕੱਲਾ ਇੱਥੇ ਨਹੀਂ, ਯੂ.ਪੀ. ਹਰਿਆਣਾ, ਮਹਾਰਾਸ਼ਟਰਾ ਸਾਰੀ ਜਗ੍ਹਾ ਨਵੇਂ ਪਾਵਰ ਪਲਾਂਟ ਲਗੇ ਹਨ, it is in the same way. ਇਸ ਦੇ ਦੋ ਕੰਪੋਨੈਂਟ ਹੁੰਦੇ ਹਨ, ਇੱਕ ਹੁੰਦਾ ਹੈ fixed charges ਇਕ ਹੁੰਦਾ ਹੈ energy charges, fixed charges ਇਸ ਤਰ੍ਹਾਂ ਹਨ, ਜਿਵੇਂ ਰੋਪੜ ਥਰਮਲ ਪਲਾਂਟ ਵਿੱਚ ਵੀ ਹੁੰਦਾ ਹੈ, ਜੇਕਰ ਬਿਜਲੀ ਦੀ ਡਿਮਾਂਡ ਇਕ ਦਮ ਖਤਮ ਹੋ ਗਈ ਜਾਂ ਘਟ ਗਈ ਤਾਂ ਆਪਾਂ ਵੀ ਉਨ੍ਹਾਂ ਨੂੰ ਸ਼ਟ ਡਾਊਨ ਕਰ ਦਿੰਦੇ ਹਾਂ। ਉਦੋਂ ਵੀ ਫਿਕਸਡ ਚਾਰਜ ਹੁੰਦਾ ਹੈ, ਆਪਾਂ ਸੈਲਰੀਜ਼ ਦਿੰਦੇ ਹਾਂ, ਮੈਂਟੇਨੈਂਸ ਖਰਚਾ ਹੁੰਦਾ ਹੈ, ਸਾਰਾ ਕੁਝ ਦਿੰਦੇ ਹਾਂ। These are fixed charges only. ਜਿਹੜੀ ਇੰਡਸਟਰੀ ਪੈਸਾ ਲਗਾਏਗੀ, ਫਰਜ਼ ਕਰੋ 13000 ਕਰੋੜ ਲਗਦਾ ਹੈ ਜਾਂ 10000 ਕਰੋੜ ਲਗਦਾ ਹੈ, ਉਸਦੇ ਖਰਚੇ ਵੀ ਹੁੰਦੇ ਹਨ, ਉਨ੍ਹਾਂ ਨੇ ਸੈਲਰੀਜ਼ ਵੀ ਦੇਣੀਆਂ ਹਨ, these are our plants, only the management is theirs, they have to sell electricity to us, so, these plants are having their fixed and variable charges. ਤੁਸੀਂ ਕਿਹਾ ਅਸੀਂ 6/- ਰੁਪਏ 5/- ਰੁਪਏ ਦੇ ਰਹੇ ਹਾਂ, ਮੈਨੂੰ ਨਹੀਂ ਪਤਾ ਤੁਸੀਂ ਕਿੱਥੋਂ ਡਾਟਾ ਲੈ ਕੇ ਆਏ ਹੋ, as per Regulatory

Commission, as per PPA, & as per Government of India norms ਸਾਰੀਆਂ ਸਟੇਟਾਂ ਲਈ ਹਨ। ਸਾਲ 2013-14 ਵਿੱਚ ਨਾਭਾ ਪਾਵਰ ਪਲਾਂਟ ਸ਼ੁਰੂ ਹੋਇਆ ਸੀ, ਉਨ੍ਹਾਂ ਦਾ ਟੋਟਲ ਟੈਰਿਫ 3.95 ਰੁਪਏ ਸੀ, ਇਸ ਸਾਲ ਉਨ੍ਹਾਂ ਦਾ 3.84 ਹੈ, ਇਸ ਵਿੱਚ ਜਿਹੜਾ ਵੇਰੀਏਬਲ ਪੋਰਸ਼ਨ ਹੈ, ਜਿਸ ਤਰ੍ਹਾਂ ਇਨ੍ਹਾਂ ਨੇ ਕੋਲੇ ਦੀ ਟ੍ਰਾਂਸਪੋਰਟੇਸ਼ਨ ਤੇ 6 ਪ੍ਰਤੀਸ਼ਤ ਇੰਕਰੀਜ਼ ਕਰ ਦਿੱਤਾ so automatically it increased. Variable portion is only on coal and transport. ਜਿਹੜੀ ਵੱਡੀ ਗੱਲ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਆਪਣੇ State-owned Power Plants ਹਨ, do you know what is electricity cost to us? Rs. 4.12/- per unit. Still We are more expensive then these private power plants. ਸਰਕਾਰ ਦੀ ਫਿਕਸਡ ਕਾਸਟ ਜਿਹੜੀ ਆ ਰਹੀ ਹੈ, ਜਿਵੇਂ ਰੋਪੜ ਹੈ, ਉਹ 3.00 ਰੁਪਏ ਹੈ ਔਰ ਜਿਹੜੀ ਪ੍ਰਾਈਵੇਟ ਦੀ ਫਿਕਸਡ ਕਾਸਟ ਆ ਰਹੀ ਹੈ ਉਹ 1.59 ਜਾਂ 1.65 ਰੁਪਏ ਆ ਰਹੀ ਹੈ, because number of employees are there, other things are there. I do not have any power, Chairman Electricity Board doesn't have any power to fix the same. It is as per the PPA calculated over 25 years. You should be congratulating us because we are the only State where ਪਾਵਰ ਪਲਾਂਟ ਇੰਪਲੀਮੈਂਟ ਹੋ ਗਏ । ਨਹੀਂ ਤਾਂ ਕਈ ਜਗ੍ਹਾ ਤੇ ਤਾਂ ਇਹ ਡਰਾਇੰਗ ਰੂਮ ਵਿੱਚ ਹੀ ਹਨ । (ਥੰਪਿੰਗ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਥੰਪਿੰਗ ਕਰਨ ਤੋਂ ਪਹਿਲਾਂ, ਮੇਰੀ ਬੇਨਤੀ ਹੈ ਕਿ I do not know how authentic their data is, whether mine is official or his data is official ਆਫੀਸ਼ੀਅਲ ਡਾਟੇ ਤੇ ਕੈਗ (CAG) has passed severe strictures. ਇਨ੍ਹਾਂ ਨੇ ਆਪ ਹੀ ਦੱਤਾ ਐਂਡ ਕੰਪਨੀ ਆਡੀਟਰ ਤੋਂ ਆਡਿਟ ਕਰਵਾਇਆ ਸੀ । ਮੈਂ ਇਸ ਕਾਰਪੋਰੇਸ਼ਨ ਦੀ ਹੀ ਗੱਲ ਕਰ ਰਿਹਾ ਹਾਂ । ਇਸੇ ਨੂੰ ਤੁਸੀਂ ਪਹਿਲਾਂ ਮੁਨਾਫੇ ਵਿੱਚ ਦਿਖਾ ਰਹੇ ਸੀ ਕਿ ਇਹ 1200 ਕਰੋੜ ਮੁਨਾਫੇ ਵਿੱਚ ਹੈ । ਜਿਸ ਵਾਸਤੇ ਤੁਸੀਂ ਮੇਜ਼ ਥਪਥਪਾ ਰਹੇ ਹੋ Sir, I stand by my figures ਇਹ ਜਿਹੜੀ 13 ਪਰਸੈਂਟ ਇਲੈਕਟ੍ਰੀਸਿਟੀ ਡਿਊਟੀ ਹੈ, ਕੀ ਇਹ ਸਾਰੇ ਹਿੰਦੁਸਤਾਨ ਤੋਂ ਜ਼ਿਆਦਾ ਹੈ ਜਾਂ ਨਹੀਂ ਹੈ ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜਾਖੜ ਸਾਹਿਬ ਚਲਦੇ ਕਿੱਥੋਂ ਹਨ ਤੇ ਲੈਂਡ ਕਿੱਥੇ ਕਰਦੇ ਹਨ।

ਸ਼੍ਰੀ ਸੁਨੀਲ ਜਾਖੜ : ਸਾਨੂੰ ਸਭ ਤੋਂ ਜ਼ਿਆਦਾ ਮਹਿੰਗੀ ਬਿਜਲੀ ਮਿਲ ਰਹੀ ਹੈ । ਇਹ ਕਿਵੇਂ ਹੋ ਰਿਹਾ ਹੈ, ਕਿਸ ਤਰ੍ਹਾਂ ਹੋ ਰਿਹਾ ਹੈ ? I am always asking this. ਮੈਂ ਇਨ੍ਹਾਂ ਨੂੰ ਕਈ ਵਾਰ ਕਹਿ ਲਿਆ ਹੈ ਕਿ ਪਾਵਰ ਸਿਚੂਏਸ਼ਨ ਬਾਰੇ ਇੱਕ ਵਾਈਟ ਪੇਪਰ ਜਾਰੀ ਕੀਤਾ ਜਾਵੇ । ਸਾਰਿਆਂ ਨੂੰ ਬਿਠਾ ਕੇ you enlighten them that how this is being done. ਤੁਸੀਂ ਬੰਦ ਕਮਰੇ ਵਿੱਚ ਗੱਲ ਕਰਦੇ ਹੋ then you accuse us of sensationalizing the issue. ਜਿਹੜਾ ਰੇਟ ਮੈਂ ਤੁਹਾਨੂੰ ਦੱਸਿਆ ਹੈ you deny it. Is it correct or not? Is the electricity duty highest or not?

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਤੁਸੀਂ ਸ਼ੁਰੂ ਹੋਏ ਸੀ, ਪ੍ਰਾਈਵੇਟ ਕੰਪਨੀਆਂ ਦੇ ਰੇਟ ਤੋਂ । ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੇ ਰੇਟ ਤੁਸੀਂ ਦੱਸੇ ਸੀ I have never heard of them ਤੁਹਾਡੀ ਤਸੱਲੀ ਕਰਵਾ ਦਿੱਤੀ । ਹੁਣ ਤੁਸੀਂ ਲੈਂਡਿੰਗ ਤੇ ਆ ਗਏ, 13/- ਰੁਪਏ ਤੇ । ਜਾਖੜ ਸਾਹਿਬ, ਪਾਵਰ ਟੈਰਿਫ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ । ਮੈਂ ਤੁਹਾਨੂੰ ਐਗਜ਼ਾਂਪਲ ਦਿੰਦਾ ਹਾਂ । ਜੇ ਸਾਡੇ ਕੋਲ ਥਰਮਲ ਪਲਾਂਟ ਨਾ ਹੁੰਦੇ, ਫਿਰ ਹਾਲਾਤ ਕੀ ਹੋਣੇ ਸਨ । ਤੁਹਾਨੂੰ ਗਰਮੀਆਂ ਵਿੱਚ ਬਿਜਲੀ ਖਰੀਦਣੀ ਪੈਣੀ ਸੀ ਕਿਉਂਕਿ ਵਿੰਟਰ ਵਿੱਚ ਫਿਰ ਵੀ ਸਰ ਜਾਂਦਾ ਹੈ । ਪਿਛਲੇ ਸਾਲਾਂ ਦੀਆਂ ਗਰਮੀਆਂ ਵਿੱਚ ਆਪਾਂ ਵੀ ਖਰੀਦੀ ਹੈ, ਛੇ ਰੁਪਏ, ਸੱਤ ਰੁਪਏ ਦੇ ਹਿਸਾਬ ਨਾਲ । ਬਿਜਲੀ ਦੀ ਸ਼ਾਰਟੇਜ ਰਹਿਣੀ ਹੀ ਰਹਿਣੀ ਹੈ ਕਿਉਂਕਿ ਡਿਮਾਂਡ ਵੱਧ ਰਹੀ ਹੈ । ਇਹ ਤਾਂ ਆਪਾਂ ਬਚ ਗਏ ਹਾਂ ਤੇ ਤੁਹਾਨੂੰ ਸਾਡਾ ਧੰਨਵਾਦ ਕਰਨਾ ਚਾਹੀਦਾ ਹੈ । ਦੂਜੀ ਗੱਲ ਇਹ ਹੈ ਕਿ ਮੈਂ ਕਹਿਣਾ ਚਾਹੁੰਦਾ ਹਾਂ, ਓਵਰਆਲ ਟੈਰਿਫ ਸਾਡਾ ਸਿਰਫ 2.74 ਪਰਸੈਂਟ ਇਨਕਰੀਜ਼ ਹੋਇਆ ਸੀ । ਉਤਰ ਪ੍ਰਦੇਸ਼ ਨੇ 40% ਇਨਕਰੀਜ਼ ਕੀਤਾ ਹੈ । ਮੱਧ ਪ੍ਰਦੇਸ਼ ਨੇ 14%, ਦਿੱਲੀ ਨੇ 28% ਇਨਕਰੀਜ਼ ਕੀਤਾ ਹੈ । ਆਪਣੀ ਗੱਡੀ ਤਾਂ ਇੱਥੇ ਰੁਕ ਜਾਣੀ ਹੈ ਤੇ ਇਨ੍ਹਾਂ ਦੀ ਪੂਰੀ ਸਪੀਡ ਨਾਲ ਚੱਲਣੀ ਹੈ ਕਿਉਂਕਿ ਇਨ੍ਹਾਂ ਕੋਲ ਨਾ ਤਾਂ ਬਿਜਲੀ ਹੈ ਤੇ ਨਾ ਹੀ ਖਰੀਦ ਸਕਣਗੇ । ਇਹ ਤਾਂ ਆਪਾਂ ਹੀ ਕਰ ਗਏ ਹਾਂ। ਇਹ ਜਿਹੜੀ ਇਲੈਕਟ੍ਰਿਸਿਟੀ ਡਿਊਟੀ ਹੈ, let us look at the final cost to the consumer, ਮੈਂ ਤੁਹਾਨੂੰ ਵੱਡੀ ਇੰਡਸਟਰੀ ਦੀ ਗੱਲ

ਕਰਦਾ ਹਾਂ । ਮੇਰੇ ਕੋਲ ਸਾਰੀਆਂ ਸਟੇਟਾਂ ਦੇ ਟੈਰਿਫ ਹਨ, ਜਿਹੜੀ final cost to the consumer ਹੈ, ਪੰਜਾਬ ਦੀ ਹੈਵੀ ਇੰਡਸਟਰੀ ਨੂੰ 7 ਰੁਪਏ 40 ਪੈਸੇ ਦੇ ਹਿਸਾਬ ਨਾਲ ਬਿਜਲੀ ਦਿੱਤੀ ਜਾ ਰਹੀ ਹੈ । ਪੰਜਾਬ ਵਿੱਚ ਇਹ ਸਭ ਤੋਂ ਮਹਿੰਗੀ ਬਿਜਲੀ ਹੈ ਜਿਹੜੀ ਕਿ ਅਸੀਂ ਹੈਵੀ ਇੰਡਸਟਰੀ ਤੋਂ ਚਾਰਜ ਕਰਦੇ ਹਾਂ। ਹਰਿਆਣਾ ਵਿੱਚ 8 ਰੁਪਏ 53 ਪੈਸੇ, ਦਿੱਲੀ ਵਿੱਚ 10 ਰੁਪਏ 18 ਪੈਸੇ, ਮਹਾਂਰਾਸ਼ਟਰ ਸਾਢੇ ਨੌਂ ਰੁਪਏ, ਮੱਧ ਪ੍ਰਦੇਸ਼ 8 ਰੁਪਏ 14 ਪੈਸੇ ਹੈਵੀ ਇੰਡਸਟਰੀ ਤੋਂ ਬਿਜਲੀ ਲਈ ਚਾਰਜ ਕਰਦਾ ਹੈ । ਮੈਂ ਸਾਰੇ ਦੱਸ ਰਿਹਾ ਹਾਂ । We are still charging the lowest. ਆਪਾਂ ਲੋਐਸਟ ਤਾਂ ਹਾਂ ਕਿਉਂਕਿ ਹਾਲੇ ਤਾਂ ਆਪਣੀ ਗੱਡੀ ਸਟਾਰਟ ਹੋਈ ਹੈ । ਇਸ ਸਾਲ ਸਾਰੇ ਹੀ ਥਰਮਲ ਪਲਾਂਟ ਆ ਜਾਣਗੇ ਤੇ ਅਗਲੇ ਸਾਲ ਤੁਸੀਂ ਦੇਖਣਾ ਕਿ ਦੂਜੇ ਸੂਬਿਆਂ ਦੇ ਲੋਕ ਚੀਕਾਂ ਮਾਰਨਗੇ ਤੇ ਲੋਕ ਯਾਦ ਕਰਨਗੇ ਕਿ ਬਾਦਲ ਸਾਹਿਬ ਪੰਜਾਬ ਨੂੰ ਬਚਾਅ ਗਏ ਹਨ ।

ਸ਼੍ਰੀ ਸੁਨੀਲ ਜਾਖੜ : ਇਨ੍ਹਾਂ ਨੇ ਕਿਹਾ ਹੈ ਕਿ ਸਾਰੇ ਬਿਡਿੰਗ ਦੇ ਥਰੂ ਹੋਏ । ਕੀ ਸ੍ਰੀ ਗੋਇੰਦਵਾਲ ਸਾਹਿਬ ਵਾਲਾ ਥਰਮਲ ਪਲਾਂਟ ਵੀ ਬਿਡਿੰਗ ਦੇ ਥਰੂ ਇੰਸਟਾਲ ਹੋਇਆ ਹੈ ਜਾਂ ਐਮ. ਓ. ਯੂ. ਦੇ ਥਰੂ ਇੰਸਟਾਲ ਹੋਇਆ ਹੈ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜਾਖੜ ਸਾਹਿਬ ਨੂੰ ਇਸ ਦਾ ਵੀ ਜਵਾਬ ਦਿੰਦਾ ਹਾਂ ਕਿਉਂਕਿ ਤਸੱਲੀ ਕਰਵਾਉਣੀ ਬਹੁਤ ਜ਼ਰੂਰੀ ਹੈ । ਜਾਖੜ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਦਾ ਐਮ. ਓ. ਯੂ. ਕੈਪਟਨ ਸਾਹਿਬ ਨੇ ਸਾਈਨ ਕੀਤਾ ਸੀ । ਇਹ ਸਾਲ 2006 ਵਿੱਚ ਸਾਈਨ ਹੋਇਆ ਸੀ । MoU was signed by Captain Amarinder Singh.

(ਕ੍ਰਮ ਨੰ: 41)

ਸਰਦਾਰ ਚਰਨਜੀਤ ਸਿੰਘ ਚੰਨੀ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ 10+1 ਅਤੇ 10+2 ਅਤੇ ਉਚੇਰੀ ਕਲਾਸਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਸਾਇੰਸ ਅਤੇ ਮੈਡੀਕਲ ਵਿਸ਼ਿਆਂ ਲਈ ਕਿਤਾਬਾਂ ਉਪਲਬਧ ਨਹੀਂ ਹਨ ਜਿਸ ਨਾਲ ਪੰਜਾਬੀ ਮਾਧਿਅਮ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਆਰਟਸ ਵਿਸ਼ੇ ਹੀ ਪੜ੍ਹਨੇ ਪੈ ਰਹੇ ਹਨ, ਜਿਸ ਨਾਲ ਸਰਕਾਰੀ ਸਕੂਲਾਂ ਵਿੱਚ

[ਸਰਦਾਰ ਚਰਨਜੀਤ ਸਿੰਘ ਚੰਨੀ]

ਪੜ੍ਹ ਰਹੇ ਬੱਚਿਆਂ ਦੇ ਭਵਿੱਖ ਲਈ ਚੰਗੀ ਵਿਦਿਆ ਸਬੰਧੀ ਖਤਰਾ ਬਣਿਆ ਹੋਇਆ ਹੈ ਅਤੇ ਪੰਜਾਬੀਆਂ ਨੂੰ ਮਜਬੂਰਨ ਪੰਜਾਬੀ ਛੱਡ ਕੇ ਦੂਸਰੀਆਂ ਜ਼ੁਬਾਨਾਂ ਅਪਣਾਉਣੀਆਂ ਪੈ ਰਹੀਆਂ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਮਾਨਯੋਗ ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫੀਲੀਏਟਿਡ ਸਕੂਲਾਂ ਵਿੱਚ ਦਸਵੀਂ ਤੱਕ ਦੇ ਵਿਦਿਆਰਥੀਆਂ ਲਈ ਸਾਇੰਸ ਅਤੇ ਮੈਡੀਕਲ ਵਿਸ਼ਿਆਂ ਦੀਆਂ ਕਿਤਾਬਾਂ ਪੰਜਾਬੀ ਮਾਧਿਆਮ ਵਿੱਚ ਉਪਲਬਧ ਹਨ ਪਰ ਇਹ ਸਹੀ ਹੈ ਕਿ ਅੱਜ ਤੱਕ 10+1 ਅਤੇ 10+2 ਅਤੇ ਉਚੇਰੀ ਸਿੱਖਿਆ ਦੇ ਵਿਦਿਆਰਥੀਆਂ ਲਈ ਸਾਇੰਸ ਅਤੇ ਮੈਡੀਕਲ ਵਿਸ਼ਿਆਂ ਦੀਆਂ ਪੰਜਾਬੀ ਮਾਧਿਆਮ ਵਿੱਚ ਕਿਤਾਬਾਂ ਉਪਲਬਧ ਨਹੀਂ ਹਨ। ਇਹ ਮਾਮਲਾ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਧਿਆਨ ਵਿੱਚ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬੀ ਮਾਧਿਆਮ ਦੇ 10+1 ਅਤੇ 10+2 ਦੇ ਵਿਦਿਆਰਥੀਆਂ ਲਈ ਉਪਰੋਕਤ ਵਿਸ਼ਿਆਂ ਦੀਆਂ ਕਿਤਾਬਾਂ ਦੇ ਅਨੁਵਾਦ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਉਮੀਦ ਹੈ ਕਿ ਸੈਸ਼ਨ 2016-17 ਦੌਰਾਨ 10+1 ਦੇ ਵਿਦਿਆਰਥੀਆਂ ਨੂੰ ਪੰਜਾਬੀ ਮਾਧਿਆਮ ਵਿੱਚ ਉਪਰੋਕਤ ਕਿਤਾਬਾਂ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਅਗਲੇ ਫੇਜ਼ ਵਿੱਚ 10+2 ਦੀਆਂ ਕਿਤਾਬਾਂ ਦਾ ਅਨੁਵਾਦ ਕਰਕੇ ਸੈਸ਼ਨ 2017-18 ਦੌਰਾਨ ਇਨ੍ਹਾਂ ਵਿਦਿਆਰਥੀਆਂ ਨੂੰ ਵੀ ਪੰਜਾਬੀ ਮਾਧਿਆਮ ਦੀਆਂ ਕਿਤਾਬਾਂ ਮੁਹੱਈਆ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਚੇਰੀ ਸਿੱਖਿਆ ਵਿਭਾਗ ਵੱਲੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉਚੇਰੀਆਂ ਕਲਾਸਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਸਾਇੰਸ ਅਤੇ ਮੈਡੀਕਲ ਵਿਸ਼ਿਆਂ ਵਿੱਚ ਪੰਜਾਬੀ ਮਾਧਿਆਮ ਵਿੱਚ ਕਿਤਾਬਾਂ ਸਬੰਧੀ ਦੱਸਿਆ ਜਾਂਦਾ ਹੈ ਕਿ ਉਚੇਰੀ ਸਿੱਖਿਆ ਵਿਭਾਗ ਨਾ ਤਾਂ ਸਾਇੰਸ ਵਿਸ਼ਿਆਂ ਦਾ ਸਿਲੇਬਸ ਬਣਾਉਂਦਾ ਹੈ ਅਤੇ ਨਾ ਹੀ ਇਨ੍ਹਾਂ ਵਿਸ਼ਿਆਂ ਦੀਆਂ ਕਿਤਾਬਾਂ ਪੰਜਾਬੀ ਵਿੱਚ ਅਨੁਵਾਦ ਕਰਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮਾਨਯੋਗ ਸਪੀਕਰ ਸਾਹਿਬ,

ਮੰਤਰੀ ਜੀ ਨੇ ਮੰਨਿਆ ਹੈ ਕਿ ਸਾਡੇ ਕੋਲ ਸਾਇੰਸ ਦੀਆਂ ਨਾ ਪਲੱਸ ਵੰਨ ਦੀਆਂ ਕਿਤਾਬਾਂ ਹਨ ਅਤੇ ਨਾ ਪਲੱਸ ਟੂ ਦੀਆਂ ਹਨ ਅਤੇ ਨਾ ਉਚੇਰੀ ਸਿੱਖਿਆ ਦੀਆਂ ਹਨ। ਹੁਣ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਦਸਵੀਂ ਤੱਕ ਸਾਨੂੰ ਪੰਜਾਬੀ ਵਿੱਚ ਪੜ੍ਹਾਇਆ ਜਾਂਦਾ ਹੈ। ਅੱਜ ਬਰਾਦਰੀ ਜਾਂ ਜਾਤ ਜਿਹੜੀ ਮਰਜ਼ੀ ਹੋਵੇ ਲੇਕਿਨ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਤਿ ਗਰੀਬ ਬੱਚੇ ਹੀ ਪੜ੍ਹਦੇ ਹਨ ਕਿਉਂਕਿ ਜਿਸ ਕੋਲ ਥੋੜ੍ਹੇ ਜਿਹੇ ਵੀ ਪੈਸੇ ਹਨ ਜਾਂ ਉਹ ਲੋਨ ਲੈ ਕੇ ਆਪਣੇ ਬੱਚੇ ਨੂੰ ਪੜ੍ਹਾ ਸਕਦਾ ਹੈ, ਉਹ ਸਾਡੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜ੍ਹਾਉਂਦਾ। ਉਹ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦਾ ਹੈ। ਜਿਹੜੇ ਅਤਿ ਗਰੀਬ ਬੱਚੇ ਹਨ, ਉਨ੍ਹਾਂ ਦੀ ਲੱਖਾਂ ਵਿੱਚ ਤਾਦਾਦ ਹੈ। ਉਹ ਦਸਵੀਂ ਤੱਕ ਤਾਂ ਪੰਜਾਬੀ ਵਿੱਚ ਪੜ੍ਹਦੇ ਹਨ। ਗਿਆਰਵੀਂ ਵਿੱਚ ਉਨ੍ਹਾਂ ਨੂੰ ਮਜਬੂਰਨ ਆਰਟਸ ਸਬਜੈਕਟਸ ਹੀ ਲੈਣੇ ਪੈਂਦੇ ਹਨ ਔਰ ਉਹ ਸਿਰਫ ਡਰਾਈਵਰ, ਚਪੜਾਸੀ ਜਾਂ ਕਲਰਕ ਬਣਨ ਜੋਗੇ ਹੀ ਰਹਿ ਜਾਂਦੇ ਹਨ। ਮੇਰੇ ਹਲਕੇ ਵਿੱਚ ਢਾਈ ਲੱਖ ਦੀ ਆਬਾਦੀ ਹੈ। ਪਿਛਲੇ ਚਾਰ ਸਾਲਾਂ ਦੇ ਵਿੱਚ ਬਲਕਿ ਅੱਠ ਸਾਲਾਂ ਦੇ ਵਿੱਚ, ਜਦੋਂ ਦਾ ਮੈਂ ਐਮ.ਐਲ.ਏ. ਬਣਿਆ ਹਾਂ, ਇੱਕ ਵੀ ਬੱਚਾ ਕਿਸੇ ਮੈਡੀਕਲ ਇੰਸਟੀਚਿਊਟ ਵਿੱਚ ਪਟਿਆਲੇ ਜਾਂ ਅੰਮ੍ਰਿਤਸਰ ਜਾ ਕੇ ਭਰਤੀ ਨਹੀਂ ਹੋਇਆ। ਇੱਕ ਵੀ ਬੱਚਾ ਢਾਈ ਲੱਖ ਵਿਚੋਂ ਸਰਕਾਰੀ ਇੰਜੀਨੀਰਿੰਗ ਕਾਲਜ ਵਿੱਚ ਨਹੀਂ ਲੱਗਿਆ, ਮੈਂ ਆਪਣੇ ਹਲਕੇ ਦੀ ਗੱਲ ਦੱਸ ਰਿਹਾ ਹਾਂ, ਜਿਹੜਾ ਸਰਕਾਰੀ ਸਕੂਲ ਵਿੱਚ ਪੜ੍ਹਿਆ ਹੋਵੇ ਔਰ ਫਿਰ ਉਸ ਨੂੰ ਮੈਡੀਕਲ ਕਾਲਜ ਵਿੱਚ ਅਡਮਿਸ਼ਨ ਮਿਲ ਗਈ ਹੋਵੇ। ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨੇ ਮੈਡੀਕਲ ਜਾਂ ਇੰਜੀਨੀਰਿੰਗ ਕਾਲਜਾਂ ਵਿੱਚ ਬੱਚੇ ਭਰਤੀ ਹੁੰਦੇ ਹਨ, ਉਨ੍ਹਾਂ ਵਿਚੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿਚੋਂ ਪੜ੍ਹੇ ਹੋਏ ਸਿਰਫ ਪੰਜ ਪ੍ਰਤੀਸ਼ਤ ਹਨ। ਇਸ ਕਰਕੇ ਮੈਂ ਇਸ ਮੁੱਦੇ ਨੂੰ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਇਹ ਐਨਸ਼ਿਓਰ ਕਰਨਗੇ? ਦੇਖੋ ਅੱਜ ਪਟਿਆਲੇ ਮੈਡੀਕਲ ਕਾਲਜ ਹੈ, ਉਹ ਅੰਗਰੇਜ਼ੀ ਮੀਡੀਅਮ ਵਿੱਚ ਹੈ, ਜਦ ਗਰੀਬ ਬੱਚਿਆਂ ਦੀ ਗੱਲ ਆਉਂਦੀ ਹੈ ਤਾਂ ਕਹਿੰਦੇ ਹਨ ਕਿ ਪੰਜਾਬੀ ਮਰ ਜਾਵੇਗੀ, ਫਿਰ ਉਥੇ ਮੈਡੀਕਲ ਕਾਲਜ ਵਿੱਚ ਵੀ ਪੰਜਾਬੀ ਪੜ੍ਹਾਉਣ, ਇੰਜੀਨੀਰਿੰਗ ਕਾਲਜ ਵਿੱਚ ਵੀ ਪੰਜਾਬੀ ਪੜ੍ਹਾਉਣ। ਉਥੇ ਪੰਜਾਬੀ ਮੀਡੀਅਮ ਵਿੱਚ ਪੜ੍ਹਾਈ ਹੋਵੇ ਜਾਂ ਉਥੇ ਪੰਜਾਬੀ ਕਰ ਦੇਣ ਜੀ, ਜਾਂ ਥੱਲੇ ਅੰਗਰੇਜ਼ੀ ਕਰ ਦੇਣ। ਮੈਨੂੰ ਇਸ ਦਾ ਮੰਤਰੀ ਜੀ ਹੱਲ ਦੱਸ ਦੇਣ ਕਿ ਦੋਨਾਂ ਵਿਚੋਂ ਕੀ ਕਰਨਗੇ?

ਮਾਨਯੋਗ ਸਪੀਕਰ : ਮੰਤਰੀ ਸਾਹਿਬ, ਉਨ੍ਹਾਂ ਦਾ ਕਹਿਣਾ ਇਹ ਹੈ ਕਿ ਜਾਂ ਤਾਂ ਦੋਨਾਂ ਥਾਵਾਂ ਤੇ ਇੱਕੋ ਜਿਹੀ ਐਜੂਕੇਸ਼ਨ ਹੋਵੇ। ਜਿਹੜੇ ਦੂਸਰੇ ਸਕੂਲ ਹਨ, ਉਨ੍ਹਾਂ ਵਿੱਚ ਲੋਅਰ ਕੇ.ਜੀ., ਐਲ.ਕੇ.ਜੀ. ਤੋਂ ਅੰਗਰੇਜ਼ੀ ਹੈ ਪਰ ਆਪਣੇ ਸਕੂਲਾਂ ਵਿੱਚ ਛੇਵੀਂ, ਸੱਤਵੀਂ ਤੋਂ ਅੰਗਰੇਜ਼ੀ ਸ਼ੁਰੂ ਹੁੰਦੀ ਹੈ। ਇਸ ਤਰ੍ਹਾਂ ਬੱਚੇ ਦਾ ਬੇਸ ਹੀ ਨਹੀਂ ਹੁੰਦਾ। ਇਹ ਇਨ੍ਹਾਂ ਦੇ ਹਲਕੇ ਦੀ ਹਾਲਤ ਹੀ ਨਹੀਂ, ਸਾਡੇ ਸਾਰਿਆਂ ਦੇ ਹਲਕਿਆਂ ਦੀ ਹਾਲਤ ਹੈ। ਆਪਣੇ ਜਿੰਨੇ ਬੱਚੇ ਪ੍ਰਾਇਮਰੀ ਜਾਂ ਦੂਸਰੇ ਸਕੂਲਾਂ ਵਿੱਚ ਪੜ੍ਹਦੇ ਹਨ, ਉਨ੍ਹਾਂ ਦਾ ਅੰਗਰੇਜ਼ੀ ਬੇਸ ਹੀ ਨਹੀਂ ਹੁੰਦਾ। ਇਸੇ ਕਰਕੇ ਉਹ ਕਾਲਜਾਂ ਵਿੱਚ ਚਲਦੇ ਨਹੀਂ। ਮੈਡੀਕਲ ਐਂਟਰੈਂਸ ਕਿਸੇ ਦਾ ਕਲੀਅਰ ਹੁੰਦਾ ਹੀ ਨਹੀਂ। ਕਿਸੇ ਨੂੰ ਮੈਡੀਕਲ ਵਿੱਚ ਐਡਮਿਸ਼ਨ ਹੀ ਨਹੀਂ ਮਿਲਦੀ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਵੀ ਸਹਿਮਤ ਹਾਂ ਅਤੇ ਮਾਨਯੋਗ ਮੈਂਬਰ ਸਾਹਿਬ ਨਾਲ ਵੀ ਸਹਿਮਤ ਹਾਂ। ਮੈਂ ਆਪਣੀ ਜ਼ਿੰਦਗੀ ਵਿੱਚ ਇਸ ਸਮੱਸਿਆ ਵਿਚੋਂ ਲੰਘਿਆ ਹਾਂ ਕਿਉਂਕਿ ਮੈਂ ਮੈਟਰਿਕ ਪੰਜਾਬੀ ਮੀਡੀਅਮ ਵਿੱਚ ਕੀਤੀ ਸੀ। ਉਸ ਤੋਂ ਬਾਅਦ ਪ੍ਰੈਪ ਅਤੇ ਪਰੀ-ਮੈਡੀਕਲ ਇੰਗਲਿਸ਼ ਮੀਡੀਅਮ ਵਿੱਚ ਕਰਕੇ ਫਿਰ ਪੀ.ਐਮ.ਟੀ. ਕਲੀਅਰ ਕੀਤੀ ਸੀ। ਬੱਚਿਆਂ ਨੂੰ ਬਹੁਤ ਵੱਡੀ ਮੁਸ਼ਕਲ ਆਉਂਦੀ ਹੈ ਜਿਹੜੇ ਪਿੰਡਾਂ ਵਿੱਚ ਪੰਜਾਬੀ ਮੀਡੀਅਮ ਵਿੱਚ ਪੜ੍ਹ ਕੇ ਇੰਗਲਿਸ਼ ਮੀਡੀਅਮ ਵਿੱਚ ਜਾਂਦੇ ਹਨ। ਉਨ੍ਹਾਂ ਦੀ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਅਸੀਂ ਪਲੱਸ ਵੰਨ ਤੇ ਪਲੱਸ ਟੂ ਦੀਆਂ ਕਿਤਾਬਾਂ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਦੇ ਦਿਆਂਗੇ। ਸਪੀਕਰ ਸਾਹਿਬ, ਉਸ ਦੇ ਨਾਲ ਇਕ ਹੋਰ ਦਿੱਕਤ ਵੀ ਜੁੜੀ ਹੋਈ ਹੈ ਕਿ ਜਿੰਨੇ ਆਲ ਇੰਡੀਆ ਲੈਵਲ ਦੇ ਐਗਜ਼ਾਮ ਹਨ, ਚਾਹੇ ਉਹ ਇੰਡੀਆ ਲੈਵਲ ਉਤੇ ਪੀ.ਐਮ.ਟੀ. ਦਾ ਟੈਸਟ ਹੈ, ਚਾਹੇ ਜਾਇੰਟ ਇੰਜੀਨੀਰਿੰਗ ਦਾ ਟੈਸਟ ਹੁੰਦਾ ਹੈ, ਚਾਹੇ ਕੰਬਾਈਨਡ ਡਿਫੈਂਸ ਸਰਵਿਸਿਜ਼ ਦਾ ਐਗਜ਼ਾਮ ਹੁੰਦਾ ਹੈ, ਚਾਹੇ ਸੈਂਟਰਲ ਸਰਵਿਸਿਜ਼ ਦੇ ਜਾਂ ਇਸ ਤਰ੍ਹਾਂ ਦੇ ਹੋਰ ਐਗਜ਼ਾਮ ਹਨ, ਉਨ੍ਹਾਂ ਵਿੱਚ ਪੰਜਾਬੀ ਨੂੰ ਕੋਈ ਥਾਂ ਨਹੀਂ ਹੈ। ਇਹ ਜਿਹੜੇ ਸਾਡੇ ਮੈਡੀਸਨ ਦੇ ਸਬਜੈਕਟ ਹਨ ਇਹ ਗਲੋਬਲ ਸਬਜੈਕਟ ਹਨ। ਇਸ ਕਰਕੇ ਅਸੀਂ ਉਥੋਂ ਤੱਕ ਪੰਜਾਬੀ ਵਿੱਚ ਅਨੁਵਾਦ ਕਰ ਲਈਏ, ਬਹੁਤ ਅੱਛੀ ਗੱਲ ਹੋਵੇਗੀ। ਲੇਕਿਨ ਰੋਜ਼ ਮੈਡੀਕਲ ਸਾਇੰਸ ਐਡਵਾਂਸ ਕਰ ਰਹੀ ਹੈ, ਇਸ ਲਈ ਦੋਨੋਂ ਪਾਸੇ ਨਾਲ ਦੀ ਨਾਲ ਤਿਆਰੀ ਜਿਹੜੀ ਹੈ, ਉਹ ਬੱਚੇ ਨੂੰ ਕਰਵਾਉਣੀ ਹੈ। ਇਹ ਬੈਟਰ ਹੁੰਦਾ ਹੈ ਕਿ ਅਸੀਂ ਪੰਜਾਬੀ ਦੀਆਂ ਕਿਤਾਬਾਂ ਮੁਹੱਈਆ ਕਰਵਾ ਦਿਆਂਗੇ ਪਰ ਜੇ ਬੱਚੇ ਨੂੰ

ਇੰਗਲਿਸ਼ ਦੀ ਕਿਤਾਬ ਵੀ ਪੜ੍ਹਨੀ ਪਵੇ ,ਉਸ ਵਾਸਤੇ ਸੌਖਾ ਹੋ ਜਾਂਦਾ ਹੈ ਕਿ ਜੇ ਕੋਈ ਗੱਲ ਰੈਫਰ ਕਰਨੀ ਹੋਵੇ ਤਾਂ ਉਸ ਨੂੰ ਪੰਜਾਬੀ ਦਾ ਮੀਨਿੰਗ ਵੇਖ ਕੇ ਉਹ ਇੰਗਲਿਸ਼ ਦੀ ਕਿਤਾਬ ਨੂੰ ਫਾਲੋ ਕਰ ਸਕਦਾ ਹੈ। ਅਸੀਂ ਉਸ ਵਾਸਤੇ ਜ਼ਰੂਰ ਡੈਫੀਨੇਟਲੀ, ਜਿਸ ਤਰ੍ਹਾਂ ਮੈਂ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਡੇਟਾਂ ਤੱਕ ਕਿਤਾਬਾਂ ਜ਼ਰੂਰ ਮੁਹਈਆ ਕਰਵਾ ਦਿਆਂਗੇ। ਲੇਕਿਨ ਜਿਹੜੀ ਸੈਕਿੰਡ ਹਰਡਲ ਹੈ ਉਹ ਸਾਰਿਆਂ ਵਾਸਤੇ ਇਕੋ ਜਿਹੀ ਹੈ ਕਿ ਆਲ ਇੰਡੀਆ ਲੈਵਲ ਉਤੇ ਬੱਚਿਆਂ ਨੂੰ ਦਿੱਕਤ ਐਗਜ਼ਾਮ ਵਿਚ ਆਉਂਦੀ ਰਹਿੰਦੀ ਹੈ।

ਮਾਨਯੋਗ ਸਪੀਕਰ : ਨਹੀਂ, ਆਲ ਇੰਡੀਆ ਲੈਵਲ ਵਿਚ ਬੱਚੇ ਕੰਪੀਟ ਕਰ ਸਕਣ, ਉਸ ਦੇ ਲਈ ਇਸ ਦਾ ਆਪਾਂ ਕੀ ਹੱਲ ਲੱਭਦੇ ਹਾਂ ? ਜਿਹੜੇ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਕੇਵਲ ਤੇ ਕੇਵਲ ਪੰਜਾਬੀ ਪੜ੍ਹਦੇ ਹਨ, ਦੂਜੇ ਪਾਸੇ ਕਾਨਵੈਂਟ ਸਕੂਲਾਂ ਵਿਚ ਜਿਹੜੇ ਲੋਅਰ ਕੇ.ਜੀ., ਐਲ ਕੇ ਜੀ ਤੋਂ ਅੰਗਰੇਜ਼ੀ ਪੜ੍ਹਦੇ ਹਨ । ਕੰਪੀਟੀਸ਼ਨਾਂ ਵਿਚ ਉਹ ਬੱਚੇ ਆਉਣਗੇ, ਜਿਹੜੇ ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਹਨ। ਜਿਹੜੇ ਪੰਜਾਬੀ ਸਕੂਲਾਂ ਵਿਚ ਪੜ੍ਹਦੇ ਹਨ ਉਹ ਉਨ੍ਹਾਂ ਦਾ ਮੁਕਾਬਲਾ ਕੀ ਕਰ ਸਕਣਗੇ?

ਮੰਤਰੀ : ਡੈਫੀਨੇਟਲੀ ਜਿਹੜੇ ਬੱਚੇ ਆਪਣੇ ਸੂਬਿਆਂ ਦੀਆਂ ਜ਼ਬਾਨਾਂ ਵਿਚ ਪੜ੍ਹਦੇ ਹਨ, ਡੈਫੀਨੇਟਲੀ ਉਨ੍ਹਾਂ ਨੂੰ ਦਿੱਕਤ ਆਉਂਦੀ ਹੈ। ਲੇਕਿਨ ਨੈਸ਼ਨਲ ਲੈਵਲ ਤੇ ਇੰਗਲਿਸ਼ ਤੇ ਹਿੰਦੀ, ਹਿੰਦੀ ਕਿਉਂਕਿ ਨੈਸ਼ਨਲ ਲੈਂਗੂਏਜ਼ ਹੈ, ਇਸ ਕਰਕੇ ਕੁਝ ਐਗਜ਼ਾਮ ਹਿੰਦੀ ਵਿਚ ਤਾਂ ਹੋਣੇ ਸ਼ੁਰੂ ਹੋ ਗਏ ਹਨ। ਪਰ ਸਾਰੀਆਂ ਸਟੇਟਾਂ ਦੀਆਂ ਭਾਸ਼ਾ ਵਿਚ ਜਿੰਨੀ ਦੇਰ ਤੱਕ ਸੈਂਟਰਲ ਸਰਵਿਸਿਜ਼ ਦੇ ਐਗਜ਼ਾਮ ਹੋਣੇ ਸ਼ੁਰੂ ਨਹੀਂ ਹੁੰਦੇ ਉਤਨੀ ਦੇਰ ਤੱਕ ਵੱਖ ਵੱਖ ਜ਼ਬਾਨਾਂ ਵਿਚ ਪੜ੍ਹਨ ਵਾਲਿਆਂ ਬੱਚਿਆਂ ਨੂੰ ਜਿਹੜੀ ਦਿੱਕਤ ਹੈ, ਉਹ ਜ਼ਰੂਰ ਫੇਸ ਕਰਨੀ ਪਵੇਗੀ। ਉਸ ਵਾਸਤੇ ਸਕੂਲਾਂ ਵਿਚ ਪੰਜਾਬੀ ਦੇ ਨਾਲ ਨਾਲ ਬੱਚੇ ਇੰਗਲਿਸ਼ ਵੀ ਪੜ੍ਹਨ ਅਤੇ ਨਾਲ ਦੀ ਨਾਲ ਇੰਗਲਿਸ਼ ਦੀ ਬੈਟਰ ਕੋਚਿੰਗ ਵੀ ਕਰਨੀ ਚਾਹੀਦੀ ਹੈ। ਉਸ ਪਾਸੇ ਅਸੀਂ ਆਪਣੇ ਵੱਲੋਂ ਕੋਸ਼ਿਸ਼ ਕਰ ਰਹੇ ਹਾਂ।

ਮਾਨਯੋਗ ਸਪੀਕਰ : ਕੀ ਆਪਣੇ ਕਾਨਵੈਂਟ ਸਕੂਲਾਂ ਵਿਚ ਲੋਅਰ ਤੋਂ ਇਕੁਅਲ ਸਿਲੇਬਸ ਆਪਾਂ ਲੈ ਆਵਾਂਗੇ?

ਮੰਤਰੀ : ਨਹੀਂ, ਸਪੀਕਰ ਸਾਹਿਬ, ਸਾਡੇ ਰਣੀਕੇ ਸਾਹਿਬ ਬੈਠੇ ਹਨ, ਇਨ੍ਹਾਂ ਕੋਲ ਮਹਿਕਮਾ ਹੈ, ਮੈਂ ਥੋੜ੍ਹੀ ਦੇਰ ਪਹਿਲਾਂ ਇਨ੍ਹਾਂ ਨਾਲ ਮੀਟਿੰਗ ਕਰਕੇ

[ਸਿੱਖਿਆ ਮੰਤਰੀ]

ਹਟਿਆ ਹਾਂ। ਅਸੀਂ ਦੋਹਾਂ ਨੇ ਫੈਸਲਾ ਵੀ ਕੀਤਾ ਹੈ ਕਿ ਸਾਡੇ ਜਿਹੜੇ ਸਰਕਾਰੀ ਸਕੂਲਾਂ ਦੇ ਬੱਚੇ ਹਨ, ਉਨ੍ਹਾਂ ਨੂੰ ਥੋੜ੍ਹਾ ਜਿਹਾ ਇਸ ਗੱਲ ਦਾ ਡਿਸਐਡਵਾਂਟੇਜ਼ ਹੁੰਦਾ ਹੈ ਕਿ ਅਸੀਂ ਛੇ ਸਾਲ ਦੀ ਉਮਰ ਵਾਲੇ ਪਹਿਲੀ ਕਲਾਸ ਵਿਚ ਐਡਮਿਟ ਕਰਦੇ ਹਾਂ। ਪ੍ਰਾਈਵੇਟ ਸੈਕਟਰ ਵਿਚ ਉਹੀ ਬੱਚਾ ਪਹਿਲਾਂ ਪ੍ਰੀ-ਨਰਸਰੀ, ਨਰਸਰੀ, ਐਲ.ਕੇ.ਜੀ. ਤੇ ਯੂ.ਕੇ.ਜੀ. ਚਾਰ ਸਾਲ ਟਰੇਨਿੰਗ ਲੈ ਕੇ ਆਉਂਦਾ ਹੈ..

ਮਾਨਯੋਗ ਸਪੀਕਰ : ਚਾਰ ਸਾਲ ਅੰਗਰੇਜ਼ੀ ਪੜ੍ਹ ਕੇ ਆਉਂਦਾ ਹੈ।

ਮੰਤਰੀ : ਇਸ ਕਰਕੇ ਮੈਂ ਰਣੀਕੇ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਜਿਹੜੇ ਆਪਣੇ ਆਂਗਨਵਾੜੀ ਸੈਂਟਰ ਚਲਦੇ ਹਨ, ਅਗਰ ਅਸੀਂ ਉਥੇ ਬੱਚਿਆਂ ਨੂੰ ਉਸ ਤਰ੍ਹਾਂ ਦੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦੇਈਏ ਜਿਸ ਵਾਸਤੇ ਇਨ੍ਹਾਂ ਦੇ ਨਾਲ ਐਜੂਕੇਸ਼ਨ ਡਿਪਾਰਟਮੈਂਟ ਲੱਗੇਗਾ ਤੇ ਉਨ੍ਹਾਂ ਬੱਚਿਆਂ ਨੂੰ ਉਨ੍ਹਾਂ ਆਂਗਨਵਾੜੀ ਸੈਂਟਰਾਂ ਵਿਚ ਉਸ ਗੈਪ ਨੂੰ ਅਸੀਂ ਪੂਰਾ ਕਰਾਈਏ, ਉਸ ਨਾਲ ਜਿਹੜੀ ਸਾਡੀ ਪ੍ਰਾਇਮਰੀ ਐਜੂਕੇਸ਼ਨ ਹੈ, ਉਹ ਇੰਪਰੂਵ ਹੋਵੇਗੀ। ਇਨ੍ਹਾਂ ਨੇ ਸਹਿਮਤੀ ਦਿੱਤੀ ਹੈ। ਅਸੀਂ ਰਲ ਕੇ ਜੇ ਕੋਈ ਆਂਗਨਵਾੜੀ ਸੈਂਟਰਾਂ ਵਿਚ ਟ੍ਰੇਨਿੰਗ ਦੇਣ ਦੀ ਲੋੜ ਪਈ ਜਾਂ ਕੋਈ ਹੋਰ ਹੈਲਪ ਦੀ ਲੋੜ ਪਈ ਤਾਂ ਉਹ ਅਸੀਂ ਐਜੂਕੇਸ਼ਨ ਡਿਪਾਰਟਮੈਂਟ ਨੂੰ ਦਿਆਂਗੇ। ਇਹ ਐਫਰਟਸ ਕਰਨ ਦੀ ਲੋੜ ਹੈ, ਇਸ ਨਾਲ ਪੰਜਾਬ ਦਾ ਬਹੁਤ ਵੱਡਾ ਫਾਇਦਾ ਹੋ ਸਕਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਮੰਨਿਆ ਹੈ ਕਿ ਸਾਡੇ ਪਾਸ ਕੋਈ ਪ੍ਰਬੰਧ ਨਹੀਂ ਹੈ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਉਪਰਲੀਆਂ ਕਿਤਾਬਾਂ ਮੁਹੱਈਆ ਨਹੀਂ ਹੁੰਦੀਆਂ, ਬਲਕਿ ਹੋਣੀਆਂ ਹੀ ਨਹੀਂ ਹਨ, ਤਾਂ ਕੀ ਜਿਹੜੇ ਸਾਡੇ ਸਰਕਾਰੀ ਸਕੂਲ ਹਨ ਉਨ੍ਹਾਂ ਵਿਚ ਇਕ-ਇਕ ਸੈਕਸ਼ਨ ਇੰਗਲਿਸ਼ ਮਾਧਿਅਮ ਵਾਸਤੇ ਕਰਨ ਨੂੰ ਤਿਆਰ ਹਨ ਤਾਂ ਕਿ ਜਿਹੜੇ ਬੱਚਿਆਂ ਨੇ ਬਾਅਦ ਵਿਚ ਸਾਇੰਸ ਪੜ੍ਹਨੀ ਹੈ, ਜਿਨ੍ਹਾਂ ਦੀਆਂ ਕਿਤਾਬਾਂ ਉਪਰਲੇ ਲੈਵਲ ਤੇ ਪੰਜਾਬੀ ਵਿਚ ਨਹੀਂ ਹਨ, ਉਹ ਫਿਰ ਥੱਲੇ ਤੋਂ ਹੀ ਉਸ ਤਰੀਕੇ ਦੇ ਨਾਲ ਆਪਣੀ ਤਿਆਰੀ ਸ਼ੁਰੂ ਕਰ ਦੇਣ। ਇਸ ਬਾਰੇ ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਮੰਤਰੀ ਜੀ, ਮਸਲਾ ਤਾਂ ਉਹੀ ਬੇਸ ਵਾਲਾ ਹੀ ਹੈ ।

ਮੰਤਰੀ : ਸਪੀਕਰ ਸਾਹਿਬ, ਆਲਰੇਡੀ ਇਹ ਪ੍ਰੋਵੀਜ਼ਨ ਹੈ ਕਿ ਜੇ ਬੱਚੇ

ਇੰਗਲਿਸ਼ ਮੀਡੀਅਮ ਲੈਣਾ ਚਾਹੁੰਦੇ ਹਨ ਤਾਂ ਇਹ ਪ੍ਰੋਵੀਜ਼ਨ ਹੈ ਅਤੇ ਬਹੁਤ ਸਾਰੇ ਸਕੂਲਾਂ ਵਿਚ ਇੰਗਲਿਸ਼ ਦੇ ਵੱਖਰੇ ਸੈਕਸ਼ਨ ਚਲਦੇ ਹਨ । ਇਹ ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ।

ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਸਪੀਕਰ ਸਾਹਿਬ, ਇਹ ਬੜਾ ਗੰਭੀਰ ਮੁੱਦਾ ਹੈ, ਜਿਸ ਉਤੇ ਤੁਸੀਂ ਆਪ ਵੀ ਵਿਚਾਰ ਰੱਖੀ ਹੈ। ਜਿਹੜੇ ਪਿੰਡਾਂ ਦੇ ਸਰਕਾਰੀ ਸਕੂਲ ਹਨ, ਉਨ੍ਹਾਂ ਬਾਰੇ ਮਾਨਯੋਗ ਮੰਤਰੀ ਜੀ ਨੇ ਹੁਣ ਕਾਫੀ ਇਨਫ੍ਰਾਸਟ੍ਰੱਕਚਰ ਬਿਲਡ ਕੀਤਾ ਹੈ, ਟੀਚਰ ਵੀ ਕਾਫੀ ਹੱਦ ਤੱਕ ਆਏ ਹਨ। ਲੇਕਿਨ ਜਿਹੜਾ ਮੁੱਦਾ ਹੈ ਕਿ ਸਾਡਾ ਜਿਹੜਾ ਬੱਚਾ ਪੰਜ ਜਾਂ ਛੇ ਸਾਲ ਦੀ ਉਮਰ ਵਿਚ ਸਕੂਲ ਜਾਂਦਾ ਹੈ ਤੇ ਪ੍ਰਾਈਵੇਟ ਸਕੂਲਾਂ ਵਿਚ ਬੱਚਾ ਢਾਈ ਸਾਲ ਦਾ ਪ੍ਰੀ- ਨਰਸਰੀ ਵਿਚ ਪਲੇ-ਵੇਅ ਸਕੂਲ ਵਿਚ ਜਾਣਾ ਸ਼ੁਰੂ ਕਰ ਦਿੰਦਾ ਹੈ। ਜਦੋਂ ਪ੍ਰਾਈਵੇਟ ਸਕੂਲ ਦਾ ਬੱਚਾ ਪੰਜ ਸਾਲ ਦਾ ਹੁੰਦਾ ਹੈ ਤਾਂ ਉਹ ਇਸ ਸਰਕਾਰੀ ਸਕੂਲ ਲੈਵਲ ਦੇ ਪਲੱਸ ਟੂ ਪੜ੍ਹੇ ਬੱਚੇ ਦੇ ਲੈਵਲ ਦਾ ਬਣ ਜਾਂਦਾ ਹੈ ਅਤੇ ਅੰਗਰੇਜ਼ੀ ਵਿਚ ਬੱਚੇ ਦਾ ਬੇਸ ਕਾਫੀ ਜ਼ਿਆਦਾ ਬਣ ਜਾਂਦਾ ਹੈ। ਮੈਂ ਸਮਝਦਾ ਹਾਂ ਅਤੇ ਮੇਰੀ ਸਰਕਾਰ ਨੂੰ ਤੁਹਾਡੇ ਜ਼ਰੀਏ ਇਹ ਸਲਾਹ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਜਾਂ ਤਾਂ ਪਹਿਲਾਂ ਹੀ ਪ੍ਰੀ-ਪ੍ਰਾਇਮਰੀ ਕਲਾਸਿਜ਼ 2-4 ਸਾਲ ਦੀ ਉਮਰ ਵਾਸਤੇ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ, ਜਿਸ ਵਿੱਚ ਅੰਗਰੇਜ਼ੀ ਨੂੰ ਬੇਸ ਬਣਾਉਣਾ ਚਾਹੀਦਾ ਹੈ ਕਿਉਂਕਿ ਅੰਗਰੇਜ਼ੀ ਤੋਂ ਬਿਨਾਂ ਅਗਲੀਆਂ ਪੀੜ੍ਹੀਆਂ ਇੰਟਰਨੈਸ਼ਨਲ ਲੈਵਲ ਤੇ, ਨੈਸ਼ਨਲ ਲੈਵਲ ਤੇ ਤਰੱਕੀ ਨਹੀਂ ਕਰ ਸਕਣਗੀਆਂ। ਮਾਨਯੋਗ ਮੰਤਰੀ ਜੀ ਵੈਸੇ ਤਾਂ ਇਸ ਪਾਸੇ ਲੱਗੇ ਹੋਏ ਹਨ, ਸਾਨੂੰ ਇਨ੍ਹਾਂ ਤੋਂ ਬੜੀ ਆਸ ਅਤੇ ਉਮੀਦ ਹੈ ਪਰੰਤੂ ਸਪੀਕਰ ਸਾਹਿਬ, ਅੰਗਰੇਜ਼ੀ ਨੂੰ ਪ੍ਰਾਇਮਰੀ ਲੈਵਲ ਤੋਂ ਮਜ਼ਬੂਤ ਕਰਨਾ ਪਵੇਗਾ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਸ ਦੇ ਨਾਲ ਹੀ ਰਿਲੇਟਿਡ ਮਸਲਾ ਹੈ। ਪਿਛਲੇ ਸਾਲ ਸਾਰੇ ਹਾਊਸ ਨੇ ਯੂਨਾਨੀਮਸਲੀ ਇਹ ਪਾਸ ਕੀਤਾ ਸੀ, ਅਸੀਂ ਸੈਂਟਰ ਗੌਰਮਿੰਟ ਨੂੰ ਲਿਖ ਕੇ ਭੇਜੀਏ ਕਿ ਪੰਜਵੀਂ ਅਤੇ ਅੱਠਵੀਂ

[ਸ਼੍ਰੀ ਤਰਲੋਚਨ ਸਿੰਘ]

ਜਮਾਤ ਦੇ ਬੋਰਡ ਦੇ ਐਗਜ਼ਾਮ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਾਰੇ ਹਾਊਸ ਦਾ ਕਨਸਰਨ ਹੈ। ਜੇਕਰ ਸਾਢੇ ਤਿੰਨ ਜਾਂ ਚਾਰ ਸਾਲ ਦੇ ਬੱਚੇ ਨੂੰ ਇੰਗਲਿਸ਼ ਮੀਡੀਅਮ ਵਿੱਚ ਪੜ੍ਹਾਈ ਸ਼ੁਰੂ ਕਰਵਾ ਦੇਈਏ ਅਤੇ ਜਿਸ ਤਰ੍ਹਾਂ ਪ੍ਰਾਈਵੇਟ ਅਤੇ ਕਾਨਵੈਂਟ ਸਕੂਲਾਂ ਵਿੱਚ ਪ੍ਰੀ-ਨਰਸਰੀ, ਐਲ.ਕੇ.ਜੀ. ਦੀ ਪੜ੍ਹਾਈ ਕਰਵਾਈ ਜਾਂਦੀ ਹੈ, ਉਸ ਤਰੀਕੇ ਦੀ ਪੜ੍ਹਾਈ ਸਾਰੇ ਗਰੀਬ ਜਾਤ-ਪਾਤ ਤੋਂ ਉਪਰ ਉੱਠ ਕੇ ਹਾਸਲ ਕਰ ਸਕਣਗੇ। ਇਸ ਨਾਲ ਅਜਿਹਾ ਨਹੀਂ ਹੈ ਕਿ ਕੇਵਲ ਦਲਿਤ ਵਰਗ ਦਾ ਹੀ ਭਲਾ ਹੋਵੇਗਾ, ਜਿਹੜੇ ਪਿੰਡਾਂ ਵਿੱਚ ਜ਼ਿਮੀਂਦਾਰ ਹਨ, ਉਹ ਵੀ ਗਰੀਬ ਹਨ, ਪਿੰਡਾਂ ਦੇ ਬ੍ਰਾਹਮਣ ਵੀ ਗਰੀਬ ਹਨ। ਸਾਰਿਆਂ ਲਈ Equal level of playing ਹੋਣਾ ਚਾਹੀਦਾ ਹੈ।

ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਪ੍ਰਾਈਵੇਟ ਅਤੇ ਕਾਨਵੈਂਟ ਸਕੂਲਾਂ ਵਿੱਚ ਸਾਢੇ ਤਿੰਨ ਜਾਂ ਚਾਰ ਸਾਲ ਦੇ ਬੱਚੇ ਦੀ ਐਡਮਿਸ਼ਨ ਹੁੰਦੀ ਹੈ, ਸਾਰੇ ਸਰਕਾਰੀ ਸਕੂਲਾਂ ਵਿੱਚ ਵੀ ਅਜਿਹਾ ਹੀ ਹੋ ਜਾਵੇ। ਇਸ ਨਾਲ ਸਾਰੇ ਸਮਾਜ ਦਾ ਭਲਾ ਹੋਵੇਗਾ। ਜੇਕਰ ਸਮਾਜ ਦਾ ਇਕ ਵੀ ਅੰਗ ਕਮਜ਼ੋਰ ਰਹਿ ਗਿਆ ਤਾਂ ਉਸ ਨਾਲ ਸਾਰੇ ਸਮਾਜ ਦਾ ਹੀ ਨੁਕਸਾਨ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਇਨਸਾਨ ਦੀ ਲੱਤ ਜਾਂ ਬਾਂਹ ਖੜ੍ਹ ਜਾਵੇ ਤਾਂ ਸਰੀਰ ਨੂੰ ਮੁਸ਼ਕਲ ਆਉਂਦੀ ਹੈ, ਕਿਤੇ ਇਹੋ ਜਿਹੇ ਹਾਲਾਤ ਨਾ ਬਣ ਜਾਣ ਕਿ ਸਮਾਜ ਦਾ ਇਕ ਸੈਕਸ਼ਨ ਜਿਹੜਾ ਕਿ ਪੇਂਡੂ ਸੈਕਸ਼ਨ ਹੈ, ਉਹ ਸਾਡੇ ਤੋਂ ਬਹੁਤ ਪਿੱਛੇ ਰਹਿ ਜਾਵੇ। Equal level of playing ਕਰਨ ਵਾਸਤੇ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਵੀ ਅਸੀਂ ਸਾਰੇ ਯੂਨਾਨੀਮਸਲੀ ਪਾਸ ਕਰੀਏ। ਸਰਕਾਰੀ ਸਕੂਲਾਂ ਵਿੱਚ 6 ਸਾਲ ਦੀ ਬਜਾਏ ਬੱਚੇ ਦੀ ਸਾਢੇ ਤਿੰਨ ਜਾਂ ਚਾਰ ਸਾਲ ਦੀ ਉਮਰ ਵਿੱਚ ਐਡਮਿਸ਼ਨ ਕੀਤੀ ਜਾਵੇ ਅਤੇ ਇੰਗਲਿਸ਼ ਮੀਡੀਅਮ ਲਾਗੂ ਕੀਤਾ ਜਾਵੇ ਕਿਉਂਕਿ ਹੁਣ ਤਾਂ ਸਾਰੀ ਦੁਨੀਆਂ ਇਕ ਹੋਣ ਜਾ ਰਹੀ ਹੈ। World has become one village. ਉਸ ਨੂੰ ਦੇਖਦੇ ਹੋਏ ਇਹ ਬਹੁਤ ਜ਼ਰੂਰੀ ਹੈ ਅਤੇ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਯੂਨਾਨੀਮਸਲੀ ਪਾਸ ਕੀਤਾ ਜਾਵੇ ਕਿਉਂਕਿ ਇਸ ਨੂੰ ਅਸੀਂ ਨਾ ਤਾਂ ਸੈਂਟਰ ਗੌਰਮਿੰਟ ਨੂੰ ਭੇਜਣਾ ਹੈ ਅਤੇ ਨਾ ਕਿਤੇ ਹੋਰ ਭੇਜਣਾ ਹੈ। ਇਹ ਪੰਜਾਬ ਗੌਰਮਿੰਟ ਦਾ ਮਸਲਾ ਹੈ। ਸੋ, ਅਜਿਹਾ ਕਰਨ ਦੀ ਕਿਰਪਾ ਕੀਤੀ ਜਾਵੇ। ਧੰਨਵਾਦ।

ਮੰਤਰੀ : ਸਪੀਕਰ ਸਾਹਿਬ, Right to Education Act ਸਾਰੇ ਦੇਸ਼ ਵਿੱਚ ਸਾਲ 2010 ਤੋਂ ਲਾਗੂ ਹੋ ਗਿਆ ਹੈ ਅਤੇ ਇਸ ਵਿੱਚ ਬੱਚੇ ਦੀ ਐਡਮਿਸ਼ਨ ਦੀ ਉਮਰ 6 ਸਾਲ ਡਿਫਾਈਨ ਕੀਤੀ ਹੋਈ ਹੈ। ਇਨ੍ਹਾਂ ਚੀਜ਼ਾਂ ਵਿੱਚ ਅਸੀਂ ਤਬਦੀਲੀ ਨਹੀਂ ਕਰ ਸਕਦੇ। ਜਿਸ ਤਰ੍ਹਾਂ ਮੈਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਆਈ.ਸੀ.ਐਸ.ਈ. ਦੀ ਸਕੀਮ ਚੱਲ ਰਹੀ ਹੈ, ਜਿਸ ਰਾਹੀਂ ਆਂਗਣਵਾੜੀ ਸੈਂਟਰਾਂ ਵਿੱਚ ਛੋਟੇ ਬੱਚੇ ਜਾਂਦੇ ਹਨ, ਉਥੇ ਵੀ ਸਾਨੂੰ ਨਾਲ ਦੇ ਨਾਲ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ Right to Education Act ਅਮੈਂਡ ਕਰਨਾ ਕਨਕਰੰਟ ਲਿਸਟ ਵਿੱਚ ਹੈ। ਇਹ ਪਾਰਲੀਮੈਂਟ ਦਾ ਐਕਟ ਹੈ, ਇਸ ਨੂੰ ਸਟੇਟ ਗੌਰਮਿੰਟ ਅਮੈਂਡ ਨਹੀਂ ਕਰ ਸਕਦੀ। ਮੈਂ ਪਿਛਲੀ ਵਾਰੀ ਵੀ ਇਹੀ ਕਿਹਾ ਸੀ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਸੇ ਮਹੀਨੇ ਦੀ 21 ਤਰੀਕ ਨੂੰ ਨੈਸ਼ਨਲ ਲੈਵਲ ਤੇ Ministry of HRD ਵੱਲੋਂ ਸਾਰੇ ਐਜੂਕੇਸ਼ਨ ਮਨਿਸਟਰ ਅਤੇ ਟੈਕਨੀਕਲ ਐਜੂਕੇਸ਼ਨ ਮਨਿਸਟਰ ਬੁਲਾਏ ਗਏ ਸਨ। ਉਥੇ ਬਕਾਇਦਾ ਪੂਰੀ ਡਿਸਕਸ਼ਨ ਹੋਈ ਸੀ। ਐਜੂਕੇਸ਼ਨ ਪਾਲਿਸੀ 30 ਸਾਲਾਂ ਤੋਂ ਬਾਅਦ ਰਿਵਿਊ ਹੋਣ ਲੱਗੀ ਹੈ। ਉਸ ਵਿੱਚ ਸਾਰੇ ਮੁੱਦੇ ਡਿਸਕਸ ਹੋਏ ਸਨ। ਸਰਕਾਰ ਨੇ ਉਥੇ ਇਹ ਮਤਾ ਲਿਆਂਦਾ ਸੀ ਕਿ ਇਸ ਗੱਲ ਵਾਸਤੇ ਵਿਲੇਜ ਲੈਵਲ ਤੇ ਪੰਚਾਇਤੀ ਲੈਵਲ ਤੇ ਲੋਕਾਂ ਦਾ ਵਿਚਾਰ ਲਿਆ ਜਾਵੇ ਕਿ ਐਜੂਕੇਸ਼ਨ ਪਾਲਿਸੀ ਕੀ ਹੋਣੀ ਚਾਹੀਦੀ ਹੈ, ਜਿਸ ਨਾਲ ਸਮਾਜ ਦੇ ਹਰ ਵਰਗ ਦੇ ਬੱਚੇ ਨੂੰ ਇਸ ਦਾ ਬੈਨੀਫਿਟ ਮਿਲ ਸਕੇ। ਉਸ ਵਿੱਚ ਸਾਰੇ ਪੁਆਇੰਟ ਪਾਏ ਗਏ ਹਨ। ਸਾਰੇ ਸਿੱਖਿਆ ਮੰਤਰੀ ਉਸ ਟੂਰ ਤੇ ਨਹੀਂ ਜਾ ਸਕੇ ਸਨ। ਉਨ੍ਹਾਂ ਨੇ ਪੇਪਰ ਵੀ ਲਿਖ ਕੇ ਦਿੱਤਾ ਹੈ ਅਤੇ ਅਸੀਂ ਕੁਝ ਗੱਲਾਂ ਉਨ੍ਹਾਂ ਨੂੰ ਲਿਖ ਕੇ ਭੇਜ ਵੀ ਰਹੇ ਹਾਂ।

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ Right to Education Act ਅਨੁਸਾਰ ਅੰਗਰੇਜ਼ੀ 6ਵੀਂ ਤੋਂ ਲਾਗੂ ਹੈ। ਮੈਂ ਕਹਿਣਾ ਚਾਹਾਂਗਾ ਕਿ ਜਿਹੜਾ ਇਹ ਐਕਟ ਆਇਆ ਹੈ, ਪੰਜਾਬ ਵਿੱਚ ਅੱਜ ਤੱਕ ਕਿਸੇ ਵੀ ਜ਼ਿਲ੍ਹੇ, ਤਹਿਸੀਲ, ਪਿੰਡ ਵਿੱਚ ਉਸ ਦਾ ਬੈਨੀਫਿਟ ਵੀਕਰ ਸੈਕਸ਼ਨ ਨੂੰ ਨਹੀਂ ਮਿਲਿਆ। ਪ੍ਰਾਈਵੇਟ ਇੰਸਟੀਚਿਊਸ਼ਨ ਨੂੰ ਵੀਕਰ ਸੈਕਸ਼ਨ ਵਿਚੋਂ 25% ਬੱਚੇ ਐਡਮਿਟ ਕਰਨੇ ਕੰਪਲਸਰੀ ਹਨ। ਜੇ ਪ੍ਰਾਈਵੇਟ, ਪਬਲਿਕ ਜਾਂ ਕਾਨਵੈਂਟ ਸਕੂਲ 25% ਬੱਚੇ ਵੀਕਰ ਸੈਕਸ਼ਨ ਵਿਚੋਂ ਐਡਮਿਟ ਕਰਨ, ਫਰੀ

[ਜਸਟਿਸ ਨਿਰਮਲ ਸਿੰਘ]

ਐਜੂਕੇਸ਼ਨ ਦੇਣ ਤਾਂ ਇਹ ਸਮੱਸਿਆ ਹੱਲ ਹੋ ਸਕਦੀ ਹੈ। ਜਿਹੜੀ ਇਹ ਸਮੱਸਿਆ ਹੈ, ਮੈਂ ਤਾਂ ਇਸ ਗ਼ੱਲ ਨਾਲ ਸਹਿਮਤ ਹਾਂ ਕਿ ਨਰਸਰੀ ਤੋਂ ਇੰਗਲਿਸ਼ ਪੜ੍ਹਾਈ ਜਾਵੇ ਕਿਉਂਕਿ ਅੱਜ ਇੰਗਲਿਸ਼ ਇੰਟਰਨੈਸ਼ਨਲ ਭਾਸ਼ਾ ਬਣ ਚੁੱਕੀ ਹੈ। ਕਿਉਂਕਿ ਬੱਚੇ ਜਦੋਂ ਇੱਥੇ ਪੜ੍ਹਦੇ ਹਨ, ਬਾਅਦ ਵਿੱਚ ਜਦੋਂ ਉਨ੍ਹਾਂ ਨੇ ਕੈਨੇਡਾ, ਆਸਟਰੇਲੀਆ ਜਾਂ ਹੋਰ ਦੇਸ਼ਾਂ ਵਿੱਚ ਕਿਸੇ ਕੰਮ ਵਾਸਤੇ ਜਾਂ ਵਰਕ ਪਰਮਿਟ ਲਈ ਜਾਣਾ ਹੁੰਦਾ ਹੈ ਤਾਂ ਉਸ ਵਾਸਤੇ ਆਈਲੈਟਸ ਕਰਵਾਈ ਜਾਂਦੀ ਹੈ, ਫਿਰ ਉਹ ਆਈਲੈਟਸ ਦਾ ਟੈਸਟ ਪਾਸ ਕਰਨ ਵਿੱਚ ਪਿਛੇ ਰਹਿ ਜਾਂਦੇ ਹਨ। ਇਸ ਕਰਕੇ ਇਹ ਜੋ ਸਮੱਸਿਆ ਹੈ, ਇਹ ਤਾਂ ਹੀ ਦੂਰ ਹੋ ਸਕਦੀ ਹੈ। ਜਿਹੜਾ ਆਰ.ਟੀ.ਈ. ਭਾਵ ਰਾਈਟ ਟੂ ਐਜੂਕੇਸ਼ਨ ਹੈ, ਮੈਂ ਤਾਂ ਇਹ ਸੋਚ ਰਿਹਾ ਹਾਂ ਕਿ ਇਸ ਦਾ ਨਾਂ ਹੀ ਬਦਲ ਦੇਣਾ ਚਾਹੀਦਾ ਹੈ, ਇਸ ਦਾ ਨਾਂ ਬਦਲ ਕੇ ਆਰ.ਟੀ.ਆਈ. ਭਾਵ ਰਾਈਟ ਟੂ ਇਲਟਰੇਸੀ ਕਰ ਦੇਣਾ ਚਾਹੀਦਾ ਹੈ ਕਿਉਂਕਿ ਤੁਸੀਂ ਵਿਦਿਆਰਥੀਆਂ ਦੇ ਇਮਤਿਹਾਨ ਤਾਂ ਲੈਂਦੇ ਨਹੀਂ। ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਹ ਠੀਕ ਹੈ ਕਿ ਇਹ ਕਨਕਰੰਟ ਲਿਸਟ ਵਿੱਚ ਹੈ, ਪਰ ਕੀ ਸਾਨੂੰ ਐਕਟ ਪਾਸ ਕਰਨ ਦੀ ਕੋਈ ਪ੍ਰਾਬਲਮ ਹੈ? ਅਸੀਂ ਜੇਕਰ ਆਪਣਾ ਐਕਟ ਪਾਸ ਕਰਕੇ ਪ੍ਰੈਜ਼ੀਡੈਂਟ ਕੋਲ ਭੇਜ ਦੇਈਏ, ਇਸ ਦਾ ਕਾਂਸਟੀਚਿਊਸ਼ਨ ਵਿੱਚ ਪ੍ਰੋਵੀਜ਼ਨ ਹੈ। ਇਸ ਵਿੱਚ ਪ੍ਰਾਬਲਮ ਕੀ ਹੈ? ਇਹ ਪ੍ਰਾਬਲਮ ਦੱਸ ਦੇਣ ਕਿ ਸਾਨੂੰ ਇਮਤਿਹਾਨ ਲੈਣ ਵਿੱਚ ਇਹ ਪ੍ਰਾਬਲਮ ਆਉਂਦੀ ਹੈ।

ਸਿੱਖਿਆ ਮੰਤਰੀ : ਮਾਨਯੋਗ ਜਸਟਿਸ ਨਿਰਮਲ ਸਿੰਘ ਜੀ ਤਾਂ ਹਾਈ ਕੋਰਟ ਦੇ ਜੱਜ ਰਿਟਾਇਰ ਹੋਏ ਹਨ। ਇਨ੍ਹਾਂ ਤੋਂ ਬੈਟਰ ਨਾ ਤਾਂ ਕੋਈ ਕਾਂਸਟੀਚਿਊਸ਼ਨ ਨੂੰ ਸਮਝ ਸਕਦਾ ਹੈ ਅਤੇ ਨਾ ਹੀ ਕੋਈ ਕਾਨੂੰਨ ਨੂੰ ਸਮਝ ਸਕਦਾ ਹੈ ਪਰ ਜਿਹੜੀ ਕਾਂਸਟੀਚਿਊਸ਼ਨ ਦੀ ਆਰਟੀਕਲ 254 ਹੈ, ਮੈਂ ਉਹ ਕੋਟ ਕਰ ਦਿੰਦਾ ਹਾਂ ਜੀ:

"If any provision of a law made by the Legislature of a State is repugnant to any provision of a law made by Parliament which Parliament is competent to enact, or to any provision of an existing law with respect to one of the matters enumerated in the Concurrent List, then, subject to the provisions of clause (2), the law made by Parliament, whether passed before or after the law made by the Legislature of such State, or, as the case

may be, the existing law, shall prevail and the law made by the Legislature of the State shall, to the extent of the repugnancy, be void.

ਜਿਹੜਾ ਵੀ ਪਾਰਲੀਮੈਂਟ ਦਾ ਕਨਕਰੰਟ ਲਿਸਟ ਵਿੱਚ ਐਕਟ ਬਣਿਆ ਹੋਇਆ ਹੈ, ਉਸ ਸਪਿਰਟ ਦੇ ਅਗੇਂਸਟ ਅਗਰ ਕੋਈ ਵਿਧਾਨ ਸਭਾ ਲੈਜਿਸਲੇਟ ਕਰਦੀ ਹੈ ਤਾਂ ਉਸ ਨੂੰ ਪ੍ਰੈਜ਼ੀਡੈਂਟ ਦੀ ਅਸੈਂਟ ਵੀ ਨਹੀਂ ਮਿਲ ਸਕਦੀ। ਈਵਨ ਜੇ ਪਹਿਲਾਂ ਵੀ ਸਟੇਟ ਨੇ ਕੋਈ ਲਾਅ ਬਣਾਇਆ ਹੋਇਆ ਹੈ ਅਤੇ ਪਾਰਲੀਮੈਂਟ ਉਸ ਤੋਂ ਬਾਅਦ ਇਨਐਕਟ ਕਰਦੀ ਹੈ ਤਾਂ ਵੀ ਉਨਾ ਪੋਰਸ਼ਨ repugnant ਹੈ, ਉਨਾ ਪੋਰਸ਼ਨ void ਸਮਝਿਆ ਜਾਂਦਾ ਹੈ।

ਮਾਨਯੋਗ ਸਪੀਕਰ : ਚੀਮਾ ਸਾਹਿਬ, ਇਹ ਮਸਲਾ ਬਹੁਤ ਸੀਰੀਅਸ ਹੈ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਮਸਲਾ ਹੈ।

ਮੰਤਰੀ : ਫਿਰ ਵੀ ਜੱਜ ਸਾਹਿਬ ਬਹੁਤ ਸਿਆਣੇ ਹਨ। ..(ਵਿਘਨ).. ਅਸੀਂ ਤਾਂ ਸਹਿਮਤ ਹਾਂ, ਅਸੀਂ ਤਾਂ ਚਾਹੁੰਦੇ ਹਾਂ ਕਿ ਐਗਜ਼ਾਮ ਹੋਣ ਤਾਂ ਹੀ ਰੈਜ਼ੋਲਿਊਸ਼ਨ ਪਾਸ ਕੀਤਾ ਸੀ।

ਜਸਟਿਸ ਨਿਰਮਲ ਸਿੰਘ : ਜੇ ਕੋਈ ਰੈਜ਼ੋਲਿਊਸ਼ਨ ਪਾਸ ਕਰਕੇ ਸੈਂਟਰ ਸਰਕਾਰ ਨੂੰ ਭੇਜਦੇ ਹਾਂ ਕਿ ਪੰਜਵੀਂ ਅਤੇ ਅੱਠਵੀਂ ਦਾ ਇਮਤਿਹਾਨ ਲਿਆ ਜਾਵੇ, ਜੇ ਅਸੀਂ ਐਕਟ ਬਣਾ ਕੇ ਉਸ ਨੂੰ ਅਮੈਂਡ ਕਰ ਲਈਏ, ਸਟੇਟ ਕੰਪੀਟੈਂਟ ਹੈ, ਜੋ ਪ੍ਰੋਵੀਜ਼ਨ ਇਨ੍ਹਾਂ ਨੇ ਪੜ੍ਹੀ ਹੈ, ਮੈਂ ਉਸ ਨਾਲ ਤਾਂ ਐਗਰੀ ਕਰਦਾ ਹਾਂ ਕਿ ਪ੍ਰੈਜ਼ੀਡੈਂਟ ਅਸੈਂਟ ਦਿੰਦਾ ਹੈ ਜਾਂ ਨਹੀਂ, ਇਹ ਤਾਂ ਬਾਅਦ ਦੀ ਗੱਲ ਹੈ। What is the difficulty for us?

ਮੰਤਰੀ : ਡਿਫੀਕਲਟੀ ਇਹ ਹੈ ਜੀ ਕਿ ਜੋ ਕਾਂਸਟੀਚਿਊਸ਼ਨ ਹੈ, ਉਸ ਮੁਤਾਬਕ ਹੀ ਬਿਲ ਵਿਧਾਨ ਸਭਾ ਵਿੱਚ ਲਿਆਉਣਾ ਪੈਂਦਾ ਹੈ ਕਿਉਂਕਿ ਇਥੇ ਬਿਲ ਆਉਣ ਤੋਂ ਪਹਿਲਾਂ ਐਲ.ਆਰ. ਨੇ ਵੈੱਟ ਕਰਨਾ ਹੁੰਦਾ ਹੈ।

ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ): ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਵੈਸੇ ਇਸ ਮੁੱਦੇ ਤੇ ਕਾਫ਼ੀ ਡਿਸਕਸ਼ਨ ਹੋਈ ਹੈ। ਦੋ ਗੱਲਾਂ ਲਗਾਤਾਰ ਹਾਊਸ

ਵਿੱਚ ਸਾਹਮਣੇ ਆ ਰਹੀਆਂ ਹਨ। ਇੱਕ ਤਾਂ ਗਰੀਬਾਂ ਦੇ ਬੱਚਿਆਂ ਦੇ ਵਜ਼ੀਫਿਆਂ ਬਾਰੇ ਲਗਾਤਾਰ ਹਾਊਸ ਵਿੱਚ ਚਰਚਾ ਹੋਈ ਹੈ। ਇਸ ਬਾਰੇ ਸਵਾਲ ਵੀ ਆਏ ਹਨ ਅਤੇ ਧਿਆਨ ਦਿਵਾਊ ਮਤੇ ਵੀ ਆਏ ਹਨ। ਅੱਜ ਦਾ ਜਿਹੜਾ ਮਤਾ ਹੈ, ਉਸ ਵਿੱਚ ਕਿਤਾਬਾਂ ਦਾ ਜ਼ਿਕਰ ਆਇਆ ਹੈ। ਮੈਂ ਇਹ ਸਮਝਦਾ ਹਾਂ ਕਿ ਜਿਹੜੇ ਇਹ ਦੋ ਵਿਭਾਗ ਹਨ, ਇੱਕ ਵੈਲਫੇਅਰ ਅਤੇ ਇੱਕ ਐਜੂਕੇਸ਼ਨ ਡਿਪਾਰਟਮੈਂਟ। ਪਹਿਲਾਂ ਤਾਂ ਮੇਰੇ ਖਿਆਲ ਮੁਤਾਬਕ ਜੋ ਮੈਨੂੰ ਪਿੰਡਾਂ ਵਿੱਚ ਦੇਖਣ ਨੂੰ ਮਿਲਦਾ ਹੈ ਕਿ ਜਦੋਂ ਬੱਚੇ ਸਕੂਲਾਂ ਵਿੱਚ ਐਡਮਿਸ਼ਨ ਲੈਂਦੇ ਹਨ, ਉਨ੍ਹਾਂ ਦੇ ਵਜ਼ੀਫਿਆਂ ਦੇ ਫਾਰਮ ਸਮੇਂ ਸਿਰ ਨਹੀਂ ਭਰੇ ਜਾਂਦੇ। ਹਾਇਰ ਐਜੂਕੇਸ਼ਨ ਵਿੱਚ ਵੀ ਜਿਹੜੇ ਘੱਟ ਗਿਣਤੀ ਵਰਗ ਨਾਲ ਸਬੰਧਿਤ ਬੱਚਿਆਂ ਦੇ ਫਾਰਮ ਹੁੰਦੇ ਹਨ, ਉਹ ਵੀ ਕਈ ਵਾਰ ਟਾਈਮ ਸਿਰ .....

ਮਾਨਯੋਗ ਸਪੀਕਰ : ਕੋਈ ਇਨ੍ਹਾਂ ਨੂੰ ਲੇਟ ਤਾਂ ਕਰਦਾ ਨਹੀਂ।

ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ : ਸਪੀਕਰ ਸਾਹਿਬ, ਇੱਕ ਮਿੰਟ ਜੀ। ਮੇਰੀ ਬੇਨਤੀ ਹੈ ਕਿ ਟਾਈਮ ਸਿਰ ਇਨ੍ਹਾਂ ਦੀ ਗਿਣਤੀ ਨਹੀਂ ਆਉਂਦੀ ਜਿਸ ਕਾਰਨ ਉਹ ਬੱਚੇ ਸਕੀਮ ਦਾ ਫਾਇਦਾ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਕਿਤਾਬਾਂ ਦਾ ਜ਼ਿਕਰ ਵੀ ਹੈ, ਕਲਾਸਾਂ ਲਗਣੀਆਂ ਸ਼ੁਰੂ ਹੋ ਜਾਂਦੀਆਂ ਹਨ, ਕਿਤਾਬਾਂ ਫਿਰ ਪ੍ਰਿੰਟ ਹੁੰਦੀਆਂ ਹਨ। ਮੇਰੀ ਸਬਮਿਸ਼ਨ ਹੈ ਕਿ ਜਦੋਂ ਵੈਲਫੇਅਰ ਡਿਪਾਰਟਮੈਂਟ ਨੂੰ ਪਤਾ ਹੈ ਕਿ ਹਰ ਸਾਲ ਲਗਭਗ ਇੰਨੇ ਵਿਦਿਆਰਥੀ ਹਨ ਜਿਨ੍ਹਾਂ ਨੂੰ ਵਜ਼ੀਫਾ ਦੇਣਾ ਹੈ, ਉਨ੍ਹਾਂ ਦੇ ਪੈਸੇ ਜੇ ਸੈਂਟਰ ਗੌਰਮਿੰਟ ਵੱਲੋਂ ਨਹੀਂ ਆਉਂਦੇ ਤਾਂ ਉਨ੍ਹਾਂ ਦਾ ਵਜ਼ੀਫਾ ਜਾਰੀ ਨਹੀਂ ਹੁੰਦਾ। ਇਸ ਵਿੱਚ ਇਹ ਹੁੰਦਾ ਹੈ ਕਿ ਇੰਨੇ ਪੈਸੇ ਸੈਂਟਰ ਨੇ ਪਾਉਣੇ ਹਨ ਅਤੇ ਇੰਨੇ ਰਾਜ ਸਰਕਾਰ ਨੇ ਪਾਉਣੇ ਹਨ, ਕਦੇ ਇਨ੍ਹਾਂ ਦਾ ਸ਼ੇਅਰ ਰਲਦਾ ਨਹੀਂ। ਕਦੀ ਸੈਂਟਰ ਦੇ ਪੈਸੇ ਆ ਜਾਂਦੇ ਹਨ ਤਾਂ ਸਟੇਟ ਦੇ ਪੈਸੇ ਨਹੀਂ ਪੈਂਦੇ। ਫਿਰ ਬੱਚਿਆਂ ਦਾ ਵਜ਼ੀਫਾ ਅਗਲੇ ਸਾਲ ਵਿੱਚ ਚਲਾ ਜਾਂਦਾ ਹੈ। ਕਈ ਵਾਰ ਤਾਂ ਇਹ ਹੁੰਦਾ ਹੈ ਕਿ ਜਦੋਂ ਬੱਚੇ ਸਕੂਲ ਛੱਡ ਜਾਂਦੇ ਹਨ, ਉਨ੍ਹਾਂ ਦਾ ਵਜ਼ੀਫਾ ਬਾਅਦ ਵਿੱਚ ਆਉਂਦਾ ਹੈ। ਦੂਜੀ ਮੇਰੀ ਸਬਮਿਸ਼ਨ ਹੈ ਕਿ ਕਿਤਾਬਾਂ ਜੋ ਹਨ, ਆਪਾਂ ਨੂੰ ਪਤਾ ਹੀ ਹੈ ...

ਮਾਨਯੋਗ ਸਪੀਕਰ : ਇਹ ਗੱਲ ਇਸ ਨਾਲ ਰਿਲੇਟ ਨਹੀਂ ਕਰਦੀ।

ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ : ਸਪੀਕਰ ਸਾਹਿਬ,

ਇਹ ਬਹੁਤ ਵੱਡਾ ਮੁੱਦਾ ਹੈ ਕਿ ਬੱਚਿਆਂ ਨੂੰ ਟਾਈਮ ਸਿਰ ਕਿਤਾਬਾਂ ਨਹੀਂ ਮਿਲ ਰਹੀਆਂ। ਬੱਚਿਆਂ ਨੂੰ ਟਾਈਮ ਸਿਰ ਵਜ਼ੀਫਾ ਨਹੀਂ ਮਿਲ ਰਿਹਾ, ਜਿਸ ਕਾਰਨ ਉਨ੍ਹਾਂ ਨੂੰ ਪੂਰੇ ਪੈਸੇ ਦੇਣੇ ਪੈਂਦੇ ਹਨ। ਸੋ, ਐਜੂਕੇਸ਼ਨ ਅਤੇ ਵੈਲਫੇਅਰ ਵਿਭਾਗ ਨੂੰ ਇਸ ਤੇ ਦੁਬਾਰਾ ਵਿਚਾਰ ਕਰਨੀ ਬਣਦੀ ਹੈ। ਬਹੁਤ ਬਹੁਤ ਧੰਨਵਾਦ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤਾਂ ਇਹੀ ਸਬਮਿਸ਼ਨ ਕਰਦਾ ਹਾਂ ਕਿਉਂਕਿ ਕੁਐਸਚਨ ਆਵਰ ਅਤੇ ਜ਼ੀਰੋ ਆਵਰ ਵਿਚ ਮੇਰੇ ਤੇ ਬੜੇ ਇਲਜ਼ਾਮ ਲੱਗੇ ਹਨ ਪਰ ਮੈਂ ਇਸ ਗੱਲ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਹੁਣ ਇਸ ਗੱਲ ਨੂੰ ਮੰਨ ਲਿਆ ਹੈ ਕਿ ਇਸ ਵਿਚ ਰੌਲਾ ਤਾਂ ਹੈ। ਠੰਡਲ ਸਾਹਿਬ ਤੁਹਾਡਾ ਭਾਵ ਤਾਂ ਇਹੀ ਸੀ ਕਿ ਇਸ ਵਿਚ ਬੜੀ ਭਾਰੀ ਘਪਲੇਬਾਜ਼ੀ ਹੈ। ਸਪੀਕਰ ਸਾਹਿਬ, ਕੋਈ ਹਾਊਸ ਦੀ ਕਮੇਟੀ ਬਣਾ ਦਿਓ, let's examine it, because problem is there. ਜੇਕਰ ਆਪਾਂ ਅੱਖਾਂ ਮੀਚੀ ਰੱਖਾਂਗੇ ਤਾਂ ਬਿੱਲੀ ਨੇ ਪਾਸੇ ਨਹੀਂ ਜਾਣਾ। ਇਹ ਸਾਰੇ ਗਰੀਬਾਂ ਦਾ ਮਸਲਾ ਹੈ, ਇਸ ਲਈ ਹਾਊਸ ਦੀ ਕਮੇਟੀ ਬਣਾ ਦਿਓ।ਇਹ ਹੁਣ ਬੋਲਦੇ ਹਨ, ਪਹਿਲਾਂ ਤਾਂ ਕੋਈ ਨਹੀਂ ਬੋਲਿਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਤਰਲੋਚਨ ਸਿੰਘ ਅਤੇ ਸਰਦਾਰ ਅਜਾਇਬ ਸਿੰਘ ਭੱਟੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਹ ਕਾਲ ਅਟੈਂਸ਼ਨ ਹੈ ਜਾਂ ਜ਼ੀਰੋ ਆਵਰ ਹੈ? (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਮਿੱਤਲ ਜੀ, ਇਹ ਮੈਟਰ ਸੀਰੀਅਸ ਹੈ, I can allow. ਮਿੱਤਲ ਸਾਹਿਬ, ਤੁਸੀਂ ਬੈਠ ਜਾਓ। (ਵਿਘਨ...ਸ਼ੋਰ)

ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ : ਸਪੀਕਰ ਸਾਹਿਬ, ਤੁਸੀਂ ਵੀ ਇਸ ਗੱਲ ਤੇ ਫਿਕਰ ਜ਼ਾਹਰ ਕੀਤਾ ਹੈ। ਬੱਚਿਆਂ ਨੂੰ 3-4 ਸਾਲ ਦੀ ਉਮਰ ਵਿਚ ਅੰਗਰੇਜ਼ੀ ਲਗਾਉਣੀ ਚਾਹੀਦੀ ਹੈ। ਜਿਹੜਾ ਜਸਟਿਸ ਨਿਰਮਲ ਸਿੰਘ ਜੀ ਨੇ ਮੁੱਦਾ ਉਠਾਇਆ ਸੀ ਕਿ ਪ੍ਰਾਈਵੇਟ ਸਕੂਲਾਂ ਵਿਚ ਵੀਕਰ ਸੈਕਸ਼ਨ ਨੂੰ ਹਿੱਸਾ ਨਹੀਂ ਮਿਲਦਾ, ਇਹ

[ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ]

ਇਕ ਵੱਖਰਾ ਇਸ਼ੂ ਹੈ। ਜਿਹੜੀ ਗੱਲ ਚੀਮਾ ਸਾਹਿਬ ਨੇ ਕੀਤੀ ਹੈ ਕਿ ਆਂਗਨਵਾੜੀ ਵਿਭਾਗ ਨੂੰ ਬਿੱਲਡ ਅੱਪ ਕਰਾਂਗੇ, ਇਹ ਵੀ ਇਕ ਅਲੱਗ ਇਸ਼ੂ ਹੈ। ਅੱਜ ਲੋਕਾਂ ਦੀ ਇੰਨੀ ਕੁ ਮਾਨਸਿਕਤਾ ਬਣੀ ਹੋਈ ਹੈ ਕਿ ਬੱਚਿਆਂ ਨੂੰ ਘਰੋਂ ਸਕੂਲ ਭੇਜੋ ਤਾਂ ਜੋ ਉਹ ਦਲੀਆ ਖਾ ਸਕਣ। ਆਂਗਨਵਾੜੀ ਸਕੂਲਾਂ ਵਿਚ ਪੜ੍ਹਾਈ ਵਾਲਾ ਕੋਈ ਕੰਮ ਨਹੀਂ ਹੁੰਦਾ। ਸਪੀਕਰ ਸਾਹਿਬ, ਜੇਕਰ ਆਪਾਂ ਪੰਜਾਬ ਦੇ ਬੱਚਿਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕੰਪੀਟ ਕਰਵਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਸਰਕਾਰੀ ਸਕੂਲਾਂ ਵਿਚ 3-4 ਸਾਲ ਦੀ ਉਮਰ ਵਿਚ ਹੀ ਅੰਗਰੇਜ਼ੀ ਲਾਗੂ ਕਰਨੀ ਪਵੇਗੀ। ਐਜੂਕੇਸ਼ਨ ਵਿਭਾਗ ਨੂੰ ਇਹ ਜ਼ਿੰਮੇਵਾਰੀ ਲੈਣੀ ਪੈਣੀ ਹੈ, ਆਂਗਨਵਾੜੀ ਵਿਭਾਗ ਇਹ ਜਾਬ ਨਹੀਂ ਕਰ ਸਕਦਾ। ਸੋ, ਕ੍ਰਿਪਾ ਕਰਕੇ ਇਸ ਤੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਇਸ ਤੇ ਕੋਈ ਵੱਖਰੀ ਡਿਸਕਸ਼ਨ ਕਰਵਾ ਲਓ। ਸਪੀਕਰ ਸਾਹਿਬ, ਨਹੀਂ ਤਾਂ ਦੋ ਸੈਕਸ਼ਨ ਬਣ ਜਾਣਗੇ, ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦੀ ਸੋਚ ਹੀ ਵੱਖਰੀ ਵੱਖਰੀ ਹੋ ਜਾਵੇਗੀ। ਅੱਗੇ ਜਾ ਕੇ ਇਹ ਪੰਜਾਬ ਲਈ ਵੱਡੀ ਸਮੱਸਿਆ ਬਣ ਸਕਦੀ ਹੈ। ਇਸ ਲਈ ਇਸ ਤੇ ਜ਼ਰੂਰ ਗੌਰ ਕੀਤਾ ਜਾਵੇ।

PRESENTATION OF REPORT OF THE COMMITTEE

ਮਾਨਯੋਗ ਸਪੀਕਰ : ਜਸਟਿਸ ਨਿਰਮਲ ਸਿੰਘ, ਚੇਅਰਮੈਨ, ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਰਿਪੋਰਟ ਪੇਸ਼ ਕਰਨ।

ਸਭਾਪਤੀ, ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਜਸਟਿਸ ਨਿਰਮਲ ਸਿੰਘ): ਮਾਨਯੋਗ ਸਪੀਕਰ ਸਾਹਿਬ, ਮੈਂ ਪੰਜਾਬ ਰਾਜ ਛੋਟੇ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਦੀਆਂ ਸੇਵਾਵਾਂ ਅਤੇ ਅਸਾਮੀਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਬਣਦੀ ਪ੍ਰਤੀਨਿਧਤਾ ਦੇਣ ਬਾਰੇ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਰਾਖਵੀਂ ਜ਼ਮੀਨ ਦੀ ਰਾਖਵੀਂ ਰੱਖੀ ਗਈ ਜ਼ਮੀਨ ਵਿਚ ਅਨੁਸੂਚਿਤ ਜਾਤੀਆਂ ਲਈ ਬਣਦਾ 1/3 ਹਿੱਸਾ ਦੇਣ ਬਾਰੇ ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ ਵਿਚ ਐਮ.ਬੀ.ਬੀ.ਐਸ ਅਤੇ ਬੀ.ਡੀ.ਐਸ. ਦੇ

ਦਾਖਲੇ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਬਣਦਾ ਕੋਟਾ ਦੇਣ ਬਾਰੇ ਸਾਲ 2014-15 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ 41ਵੀਂ ਰਿਪੋਰਟ ਪੇਸ਼ ਕਰਦਾ ਹਾਂ।

PAPERS TO BE LAID ON THE TABLE OF THE HOUSE

ਮਾਨਯੋਗ ਸਪੀਕਰ : ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੇਸ਼ ਕਰਨ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

1. 1-4-2012 ਤੋਂ 31-3-2013 ਦੇ ਸਮੇਂ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 323 (2) ਅਧੀਨ ਲੋੜੀਂਦਾ ਹੈ।

2. ਸਾਲ 2011-12 ਲਈ ਪੰਜਾਬ ਰਾਜ ਗ੍ਰੇਨਜ਼ ਖਰੀਦ ਕਾਰਪੋਰੇਸ਼ਨ ਲਿਮਟਿਡ (ਪਨਗ੍ਰੇਨ) ਦੀ 9ਵੀਂ ਸਾਲਾਨਾ ਰਿਪੋਰਟ ਅਤੇ ਲੇਖੇ , ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619- ਉ ਅਧੀਨ ਲੋੜੀਂਦਾ ਹੈ।

3. ਸਾਲ 2012-13 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿਨਕੋ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਐਕਟ, 1976 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।

4. ਸਾਲ 2011 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ, ਚੰਡੀਗੜ੍ਹ ਦੀ ਸਾਲਾਨਾ ਰਿਪੋਰਟ , ਜਿਵੇਂ ਕਿ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਐਕਟ, 2005 ਦੀ ਧਾਰਾ 25 (4) ਅਧੀਨ ਲੋੜੀਂਦਾ ਹੈ।

MOTION UNDER RULE 16

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

> ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਪ੍ਰਸਤਾਵ ਪ੍ਰਵਾਨ ਹੋਇਆ।

MOTION REGARDING CONSTITUTION OF ELECTED COMMITTEES FOR THE YEAR 2015-2016

ਮਾਨਯੋਗ ਸਪੀਕਰ : ਹੁਣ ਸੰਸਦੀ ਮਾਮਲੇ ਮੰਤਰੀ ਸਾਲ 2015–16 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਪੇਸ਼ ਕਰਨਗੇ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ –

"ਕਿਉਂਜੋ ਸਾਲ 2015–16 ਲਈ–

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2015 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2015-16 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

"ਕਿਉਂਜੋ ਸਾਲ 2015-16 ਲਈ-

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2015 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ

[ਮਾਨਯੋਗ ਸਪੀਕਰ]

ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2015-16 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਮਾਨਯੋਗ ਸਪੀਕਰ : ਪ੍ਰਸ਼ਨ ਹੈ -

"ਕਿਉਂਜੋ ਸਾਲ 2015-16 ਲਈ-

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2015 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2015-16 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਪ੍ਰਸਤਾਵ ਪ੍ਰਵਾਨ ਹੋਇਆ।

OFFICIAL RESOLUTION REGARDING RECOMMENDATION TO THE STATE GOVERNMENT TO TAKE UP THE MATTER WITH THE CENTRAL GOVERNMENT FOR SEEKING APOLOGY FROM THE CANADIAN GOVERNMENT IN THE CANDADIAN PARLIAMENT WITH REFERENCE TO THE ATROCITIES COMMITTED BY THEM ON THE INDIAN PEOPLE IN THE YEAR 1914

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> "ਕਿ ਮਿਤੀ 23 ਮਈ ਤੋਂ 23 ਜੁਲਾਈ, 1914 ਤੱਕ ਆਜ਼ਾਦੀ ਦੀ ਮੰਗ ਕਰਨ ਵਾਲੇ ਭਾਰਤੀਆਂ ਦੇ ਜਹਾਜ ਨੂੰ ਕੈਨੇਡਾ ਦੀ ਸਰਕਾਰ ਵੱਲੋਂ ਵੈਨਕੁਵਰ ਦੇ ਘਾਟ ਤੇ ਰੋਕੇ ਰੱਖਣ ਅਤੇ ਆਖਿਰ ਜਹਾਜ਼ ਨੂੰ ਵਾਪਿਸ ਭਾਰਤ ਜਾਣ ਲਈ ਮਜ਼ਬੂਰ ਕੀਤਾ ਗਿਆ। ਭਾਰਤੀਆਂ ਨਾਲ ਭਰਿਆ ਇਹ ਜਹਾਜ਼ ਜਦੋਂ ਕਲਕੱਤਾ ਦੇ ਬੱਜਬਜ ਘਾਟ ਤੇ ਮਿਤੀ 29 ਸਤੰਬਰ, 1914 ਨੂੰ ਵਾਪਸ ਪਹੁੰਚਿਆਂ ਤਾਂ ਜ਼ਾਲਮ ਅੰਗਰੇਜ਼ੀ ਸਰਕਾਰ ਨੇ 19 ਆਜ਼ਾਦੀ ਘੁਲਾਟੀਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਤੇ ਅਨੇਕਾਂ ਨੂੰ ਜੇਲ੍ਹ ਦੀ ਕਾਲਕੋਠੜੀ ਵਿਚ ਡੱਕ ਦਿੱਤਾ। ਇਹ ਸਦਨ ਸਰਬਸੰਮਤੀ ਨਾਲ ਮੰਗ ਕਰਦਾ ਹੈ ਕਿ ਭਾਰਤ ਸਰਕਾਰ ਕੈਨੇਡਾ ਸਰਕਾਰ ਤੋਂ ਮੰਗ ਕਰੇ ਕਿ ਜਿਵੇਂ ਕੈਨੇਡੀਅਨ ਪਾਰਲੀਮੈਂਟ ਨੇ ਚੀਨੀ ਅਤੇ ਜਾਪਾਨੀ ਲੋਕਾਂ ਨਾਲ ਕੀਤੇ ਅਣ –ਮਨੁੱਖੀ ਵਤੀਰੇ ਲਈ ਮੁਆਫੀ ਮੰਗੀ ਹੈ ਉਸੇ ਤਰ੍ਹਾਂ ਭਾਰਤੀਆਂ ਨਾਲ ਕੀਤੇ ਮਾੜੇ ਵਿਵਹਾਰ ਸਬੰਧੀ ਵੀ ਕੈਨੇਡੀਅਨ ਪਾਰਲੀਮੈਂਟ ਵਿਚ ਮੁਆਫੀ ਮੰਗੀ ਜਾਵੇ"

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ–

> "ਕਿ ਮਿਤੀ 23 ਮਈ ਤੋਂ 23 ਜੁਲਾਈ, 1914 ਤੱਕ ਆਜ਼ਾਦੀ ਦੀ ਮੰਗ ਕਰਨ ਵਾਲੇ ਭਾਰਤੀਆਂ ਦੇ ਜਹਾਜ ਨੂੰ ਕੈਨੇਡਾ ਦੀ ਸਰਕਾਰ

[ਮਾਨਯੋਗ ਸਪੀਕਰ]

ਵੱਲੋਂ ਵੈਨਕੂਵਰ ਦੇ ਘਾਟ ਤੇ ਰੋਕੇ ਰੱਖਣ ਅਤੇ ਆਖਿਰ ਜਹਾਜ਼ ਨੂੰ ਵਾਪਿਸ ਭਾਰਤ ਜਾਣ ਲਈ ਮਜ਼ਬੂਰ ਕੀਤਾ ਗਿਆ। ਭਾਰਤੀਆਂ ਨਾਲ ਭਰਿਆ ਇਹ ਜਹਾਜ਼ ਜਦੋਂ ਕਲਕੱਤਾ ਦੇ ਬੱਜਬਜ ਘਾਟ ਤੇ ਮਿਤੀ 29 ਸਤੰਬਰ, 1914 ਨੂੰ ਵਾਪਸ ਪਹੁੰਚਿਆਂ ਤਾਂ ਜ਼ਾਲਮ ਅੰਗਰੇਜ਼ੀ ਸਰਕਾਰ ਨੇ 19 ਆਜ਼ਾਦੀ ਘੁਲਾਟੀਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਤੇ ਅਨੇਕਾਂ ਨੂੰ ਜੇਲ ਦੀ ਕਾਲਕੋਠੜੀ ਵਿਚ ਡੱਕ ਦਿੱਤਾ। ਇਹ ਸਦਨ ਸਰਬਸੰਮਤੀ ਨਾਲ ਮੰਗ ਕਰਦਾ ਹੈ ਕਿ ਭਾਰਤ ਸਰਕਾਰ ਕੈਨੇਡਾ ਸਰਕਾਰ ਤੋਂ ਮੰਗ ਕਰੇ ਕਿ ਜਿਵੇਂ ਕੈਨੇਡੀਅਨ ਪਾਰਲੀਮੈਂਟ ਨੇ ਚੀਨੀ ਅਤੇ ਜਾਪਾਨੀ ਲੋਕਾਂ ਨਾਲ ਕੀਤੇ ਅਣ -ਮਨੁੱਖੀ ਵਤੀਰੇ ਲਈ ਮੁਆਫੀ ਮੰਗੀ ਹੈ ਉਸੇ ਤਰ੍ਹਾਂ ਭਾਰਤੀਆਂ ਨਾਲ ਕੀਤੇ ਮਾੜੇ ਵਿਵਹਾਰ ਸਬੰਧੀ ਵੀ ਕੈਨੇਡੀਅਨ ਪਾਰਲੀਮੈਂਟ ਵਿਚ ਮੁਆਫੀ ਮੰਗੀ ਜਾਵੇ।"

ANNOUNCEMENT MADE BY THE HON'BLE SPEAKER

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਅਸੀਂ ਇਸ ਮਤੇ ਸਬੰਧੀ ਬਹਿਸ ਸ਼ੁਰੂ ਕਰਵਾਈਏ, ਮੈਨੂੰ ਇਹ ਇੰਟਰੋਡਿਊਸ ਕਰਨ ਵਿੱਚ ਬੜੀ ਖੁਸ਼ੀ ਹੁੰਦੀ ਹੈ ਕਿ ਸ਼੍ਰੀ ਸਾਹਿਬ ਸਿੰਘ ਬਿੰਦ, ਪ੍ਰਧਾਨ, ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਕੈਨੇਡਾ, ਜੋ ਇਸ ਸਾਰੇ ਮਾਮਲੇ, ਜੋ ਪੰਜਾਬ ਦੇ ਲੋਕ ਗਏ ਸਨ ਅਤੇ ਜੋ ਆਜ਼ਾਦੀ ਘੁਲਾਟੀਆਂ ਨਾਲ ਧੱਕਾ ਹੋਇਆ, ਉਸ ਦੀ ਪੈਰਵੀ ਕਰ ਰਹੇ ਹਨ, ਉਹ ਸਾਡੇ ਵਿੱਚ ਅੱਜ ਹਾਜ਼ਰ ਹਨ। (ਥੰਪਿੰਗ) ਸ਼੍ਰੀਮਤੀ ਜਸਵੀਰ ਕੌਰ ਗਿੱਲ, ਪੋਤਰੀ ਸ਼ਹੀਦ ਬੰਤਾ ਸਿੰਘ ਸੰਘਵਾਲ; (ਥੰਪਿੰਗ) ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਪ੍ਰਧਾਨ, ਗਦਰੀ ਮੈਮੋਰੀਅਲ ਫਾਊਂਡੇਸ਼ਨ, ਯੂ.ਐਸ.ਏ.; (ਥੰਪਿੰਗ) ਸਰਦਾਰ ਮੇਜਰ ਸਿੰਘ ਪ੍ਰਧਾਨ, ਪੰਜਾਬ ਪ੍ਰੈਸ ਕਲੱਬ, ਜਲੰਧਰ; ਸਰਦਾਰ ਭੁਪਿੰਦਰ ਸਿੰਘ ਸੰਧੂ, ਪ੍ਰਧਾਨ, ਆਲਮੀ ਪੰਜਾਬੀ ਵਿਰਾਸਤ ਮੰਚ; (ਥੰਪਿੰਗ) ਅਤੇ ਸਰਦਾਰ ਗੁਰਭਜਨ ਸਿੰਘ ਗਿੱਲ, ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ। ਇਹ ਸਾਰੇ ਇਸ ਦੀ ਪੈਰਵੀ ਕਰ ਰਹੇ ਹਨ। ਸਰਦਾਰ ਜਗਵਿੰਦਰ ਸਿੰਘ ਬਿੰਦ, ਚੇਅਰਮੈਨ, ਵਿਰਾਸਤ ਕਲਾ ਮੰਚ, ਵੈਨਕੂਵਰ, ਕੈਨੈਡਾ; (ਥੰਪਿੰਗ) ਸ਼੍ਰੀ ਰਮੇਸ਼ ਯਾਦਵ, ਪ੍ਰਧਾਨ, ਫੋਕਲੋਰ ਰਿਸਰਚ ਅਕਾਦਮੀ ਅਤੇ ਸਰਦਾਰ ਪ੍ਰਗਟ ਸਿੰਘ ਗਰੇਵਾਲ, ਪ੍ਰਧਾਨ, ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਲੁਧਿਆਣਾ। ਇਹ ਸਾਰੇ ਆਪਣੀ ਵਿਧਾਨ ਸਭਾ ਦੀ ਕਾਰਵਾਈ ਵੇਖਣ ਆਏ ਹਨ। ਮੈਂ ਆਪਣੇ ਸਾਰਿਆਂ ਵੱਲੋਂ ਇਨ੍ਹਾਂ ਨੂੰ 'ਜੀ ਆਇਆਂ ਨੂੰ' ਆਖਦਾ ਹਾਂ।

OFFICIAL RESOLUTION REGARDING RECOMMENDATION TO THE STATE GOVERNMENT TO TAKE UP THE MATTER WITH THE CENTRAL GOVERNMENT FOR SEEKING APOLOGY FROM THE CANADIAN GOVERNMENT IN THE CANDADIAN PARLIAMENT WITH REFERENCE TO THE ATROCITIES COMMITTED BY THEM ON THE INDIAN PEOPLE IN THE YEAR 1914 *(Resumption)*

ਮਾਨਯੋਗ ਸਪੀਕਰ : ਬਹਿਸ

ਸ਼੍ਰੀਮਤੀ ਰਜਿੰਦਰ ਕੌਰ ਭੱਠਲ (ਲਹਿਰਾ) : ਸਪੀਕਰ ਸਾਹਿਬ, ਸਾਰਿਆਂ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਮੈਂ ਤੁਹਾਨੂੰ ਰਿਕੁਐਸਟ ਭੇਜੀ ਸੀ। ਤੁਸੀਂ ਆਜ਼ਾਦੀ ਨਾਲ ਅਹਿਮ ਮੁੱਦੇ ਤੇ ਸਰਕਾਰ ਨਾਲ ਗੱਲ ਕਰਕੇ ਸਰਕਾਰੀ ਮਤਾ, ਜਿਸ ਤੇ ਸਭ ਦੀ ਸਰਬਸੰਮਤੀ ਹੈ, ਉਹ ਮਤਾ ਲਿਆਉਣ ਦੀ ਆਗਿਆ ਦਿੱਤੀ ਹੈ। ਦੂਜੀ ਗੱਲ ਇਹ ਹੈ ਕਿ ਇਹ ਬਹੁਤ ਮਹੱਤਵਪੂਰਨ ਮਾਮਲਾ ਹੈ। ਸਾਡੇ ਦੇਸ਼ ਨਾਲ, ਪੰਜਾਬ ਨਾਲ ਅਤੇ ਕੁਰਬਾਨੀਆਂ ਕਰਨ ਵਾਲਿਆਂ ਨਾਲ ਬਹੁਤ ਵੱਡੀ ਬੇਇਨਸਾਫੀ ਕੈਨੇਡੀਅਨ ਸਰਕਾਰ ਵੱਲੋਂ ਕੀਤੀ ਗਈ। ਮੈਂ ਜਿੱਥੇ ਤੁਹਾਡਾ ਧੰਨਵਾਦ ਕਰਦੀ ਹਾਂ ਉਥੇ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦਾ ਵੀ ਧੰਨਵਾਦ ਕਰਦੀ ਹਾਂ ਕਿਉਂਕਿ ਇਹ ਸੰਸਥਾ 1992 ਵਿੱਚ ਬਣੀ ਅਤੇ ਉਸ ਤੋਂ ਬਾਅਦ ਇਨ੍ਹਾਂ ਨੇ ਮਨੁੱਖੀ ਅਧਿਕਾਰਾਂ ਵਾਸਤੇ, ਚੰਗੇ ਕੰਮਾਂ ਵਾਸਤੇ ਅਤੇ ਸਾਡੇ ਦੇਸ਼ ਦਾ ਕੁਰਬਾਨੀਆਂ ਭਰਿਆ ਇਤਿਹਾਸ ਉਥੇ ਲਿਜਾ ਕੇ ਉਥੋਂ ਦੇ ਲੋਕਾਂ ਨੂੰ ਜਾਗਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਵੀ ਇੱਕ ਇਸ ਤਰ੍ਹਾਂ ਦੇ ਹੀ ਪਰਿਵਾਰ ਨਾਲ ਤਾਅਲੁਕ ਰੱਖਦੀ ਹਾਂ। ਮੈਨੂੰ ਵੀ ਇੱਕ ਵਾਰ ਉਥੇ ਬੁਲਾਇਆ ਗਿਆ ਸੀ। ਸਪੀਕਰ ਸਾਹਿਬ, ਸ਼ਾਇਦ ਤੁਸੀਂ ਵੀ ਗਏ ਹੋਵੋਗੇ। ਕੈਨੇਡਾ ਦੇ ਮਨਿਸਟਰ, ਪ੍ਰਾਈਮ ਮਨਿਸਟਰ, ਮੈਂਬਰ ਪਾਰਲੀਮੈਂਟ ਵੀ ਇਨ੍ਹਾਂ ਦੇ ਮੇਲੇ ਤੇ ਜਾਂਦੇ ਹਨ ਜਿਹੜਾ ਕਿ ਇਹ ਤਕਰੀਬਨ 20 ਸਾਲ ਤੋਂ ਗਦਰੀ ਬਾਬਿਆਂ ਦਾ ਮੇਲਾ ਉਥੇ ਕਰਵਾ ਰਹੇ ਹਨ। ਮੈਂ ਖੁਦ ਹੈਰਾਨ ਹੋਈ ਕਿ ਬਾਹਰਲੇ ਮੁਲਕਾਂ ਵਿੱਚ ਕਿਸੇ ਕੋਲ ਟਾਈਮ ਨਹੀਂ ਹੁੰਦਾ, ਉਥੇ ਬਾਰਿਸ਼ ਹੋ ਰਹੀ ਸੀ ਅਤੇ 50 ਹਜ਼ਾਰ ਲੋਕ ਖੁੱਲ੍ਹੇ ਗਰਾਊਂਡ ਵਿੱਚ ਇਕੱਠੇ ਹੋਏ ਸਨ। ਉਹ ਗਦਰੀ ਬਾਬਿਆਂ ਦੀਆਂ

[ਸ਼੍ਰੀਮਤੀ ਰਜਿੰਦਰ ਕੌਰ ਭੱਠਲ]

ਕੁਰਬਾਨੀਆਂ ਦੇ ਹਿੱਤ ਵਿੱਚ ਬਾਰਸ਼ ਵਿੱਚ ਵੀ ਇਕੱਠੇ ਹੋਏ ਸਨ। ਉਨ੍ਹਾਂ ਦੇ ਮਨ ਵਿੱਚ ਇੰਨੀ ਸ਼ਰਧਾ ਸੀ ਕਿ ਉਨ੍ਹਾਂ ਨੇ ਬਾਰਸ਼ ਦੀ ਪਰਵਾਹ ਨਹੀਂ ਕੀਤੀ ਅਤੇ ਉਥੇ ਇੰਨਾ ਵੱਡਾ ਇਕੱਠ ਜੁੜਿਆ। ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਇਹ ਸੰਸਥਾ ਵਾਰ ਵਾਰ ਉਥੋਂ ਦੀ ਸਰਕਾਰ ਤੇ ਜ਼ੋਰ ਪਾਉਂਦੀ ਰਹੀ, ਉਨ੍ਹਾਂ ਦੇ ਮਨਿਸਟਰ, ਪ੍ਰਾਈਮ ਮਨਿਸਟਰ ਇਨ੍ਹਾਂ ਕੋਲ ਆਉਂਦੇ ਵੀ ਰਹੇ ਅਤੇ ਆ ਕੇ ਐਡਰੈਸ ਵੀ ਕਰਦੇ ਰਹੇ। ਗਦਰੀ ਬਾਬਿਆਂ ਦਾ ਮੇਲਾ ਵੀ ਐਡਰੈਸ ਕੀਤਾ ਅਤੇ ਤਾਰੀਫ ਵੀ ਕੀਤੀ। ਉਥੋਂ ਦੇ ਪ੍ਰਾਈਮ ਮਨਿਸਟਰ ਨੇ ਇਹ ਵੀ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ, ਉਨ੍ਹਾਂ ਨੇ ਦੁੱਖ ਜ਼ਾਹਰ ਕੀਤਾ। ਲੇਕਿਨ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜੇਕਰ ਚੀਨ ਅਤੇ ਜਾਪਾਨ ਦੇ ਲੋਕਾਂ ਨਾਲ ਕੋਈ ਥੋੜ੍ਹੀ ਬਹੁਤ ਜ਼ਿਆਦਤੀ ਜਾਂ ਧੱਕਾ ਹੋਇਆ ਹੈ ਤਾਂ ਉਸ ਲਈ ਉਥੋਂ ਦੇ ਮਨਿਸਟਰ, ਪ੍ਰਾਈਮ ਮਨਿਸਟਰ ਪਾਰਲੀਮੈਂਟ ਵਿੱਚ ਇਸ ਦੀ ਮੁਆਫੀ ਮੰਗ ਸਕਦੇ ਹਨ ਤਾਂ ਭਾਰਤੀਆਂ ਦੀ ਕੁਰਬਾਨੀ ਜਿਸ ਵਿੱਚ ਬਹੁਤ ਵੱਡਾ ਹਿੱਸਾ ਪੰਜਾਬੀਆਂ ਦਾ ਸੀ, ਜਿਹੜਾ ਕਿ ਬਹੁਤ ਵੱਡਾ ਕਾਂਡ ਹੋਇਆ ਸੀ, ਉਸ ਲਈ ਮੁਆਫੀ ਮੰਗਣ ਵਿੱਚ ਕੈਨੇਡੀਅਨ ਸਰਕਾਰ ਕਿਉਂ ਹਿਚਕਿਚਾ ਰਹੀ ਹੈ। ਇਸ ਗੱਲ ਲਈ ਅਸੀਂ ਜਿੱਥੇ ਸ਼੍ਰੀ ਸਾਹਿਬ ਸਿੰਘ ਥਿੰਦ ਜਿਹੜੇ ਕਿ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਹਨ, ਦੀ ਤਾਰੀਫ ਕਰਦੇ ਹਾਂ। ਇਹ ਬੜੇ ਸਿੱਧੇ ਸਾਧੇ ਫੱਕਰ ਖਿਆਲਾਂ ਦੇ ਇਨਸਾਨ ਹਨ, ਅੱਜ ਗੈਲਰੀ ਵਿੱਚ ਬੈਠੇ ਹਨ। ਅਸੀਂ ਉਨ੍ਹਾਂ ਦੀ ਟੀਮ ਨੂੰ ਧੰਨਵਾਦ ਵੀ ਕੀਤਾ ਹੈ। ਇਹ ਮੁੱਦਾ ਲੈ ਕੇ ਆਏ ਸੀ ਅਤੇ 15-20 ਸਾਲਾਂ ਤੋਂ ਇਸ ਦੇ ਮਗਰ ਪਏ ਹੋਏ ਹਨ। ਇਹ ਤੁਸੀਂ ਚੰਗਾ ਕੀਤਾ ਹੈ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਾਉਣ ਲਈ ਇਹ ਮੁੱਦਾ ਲੈ ਕੇ ਆਏ ਹੋ। ਮੇਰੀ ਬੇਨਤੀ ਹੈ ਕਿ ਇਸ ਨੂੰ ਪਾਰਲੀਮੈਂਟ ਦੇ ਮੈਂਬਰਾਂ ਰਾਹੀਂ ਜਾਂ ਤੁਸੀਂ (ਸਪੀਕਰ ਸਾਹਿਬ ਵੱਲ ਇਸ਼ਾਰਾ) ਲੋਕ ਸਭਾ ਦੇ ਸਪੀਕਰ ਰਾਹੀਂ ਕੋਸ਼ਿਸ਼ ਕਰੋ ਕਿ ਜਿਹੜਾ ਅਪ੍ਰੈਲ ਵਿਚ ਉਥੇ ਸੈਸ਼ਨ ਆਉਣਾ ਹੈ, ਉਸ ਵਿਚ ਵੀ ਇਹ ਮੁੱਦਾ ਉਠਾਇਆ ਜਾਵੇ ਤਾਂ ਕਿ ਸਾਡੇ ਭਾਰਤ ਦੀ ਪਾਰਲੀਮੈਂਟ ਪੰਜਾਬ ਦੁਆਰਾ ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਮਤੇ ਨੂੰ ਅੱਗੇ ਕੈਨੇਡੀਅਨ ਸਰਕਾਰ ਨਾਲ ਉਠਾਵੇ। ਮੈਂ ਆਪਣੇ ਵੱਲੋਂ, ਆਪਣੇ ਪਰਿਵਾਰ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਪੂਰੀ ਤਰ੍ਹਾਂ ਇਸ ਮਤੇ ਨਾਲ ਸਹਿਮਤੀ ਪ੍ਰਗਟ ਕਰਦੀ ਹੋਈ ਇਸ ਦੀ ਪ੍ਰੋੜਤਾ ਕਰਦੀ ਹਾਂ ਅਤੇ ਇਸ ਦੇ ਹੱਕ ਵਿਚ ਹਾਂ।

ਮਾਨਯੋਗ ਸਪੀਕਰ : ਚੀਮਾ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ): ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮੋਹਨ ਸਿੰਘ ਫਾਉਂਡੇਸ਼ਨ ਦੇ ਸਾਥੀਆਂ ਦਾ, ਜਿਹੜੇ ਪਿਛਲੇ ਲੰਮੇ ਸਮੇਂ ਤੋਂ ਉਨ੍ਹਾਂ ਲੋਕਾਂ ਵਾਸਤੇ ਸੰਘਰਸ਼ ਕਰ ਰਹੇ ਹਨ, ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਪਹਿਲਾਂ ਉਸ ਧਰਤੀ (ਕੈਨੇਡਾ) ਉਤੇ ਇਸ ਮੁੱਦੇ ਨੂੰ ਬੜਾ ਲੰਮਾ ਸਮਾਂ ਚੁੱਕਿਆ ਅਤੇ ਅੱਜ ਇਥੇ ਸਾਨੂੰ ਵੀ ਜਗਾਉਣ ਵਾਸਤੇ ਪਹੁੰਚੇ ਹਨ। ਮੈਂ ਬੀਬੀ ਜੀ (ਸ਼੍ਰੀਮਤੀ ਰਜਿੰਦਰ ਕੌਰ ਭੱਠਲ) ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਦਨ ਵਿਚ ਰੱਖਿਆ ਹੈ। ਜਿਹੜੀਆਂ ਭਾਵਨਾਵਾਂ ਇਸ ਮਤੇ ਵਿਚ ਪ੍ਰਗਟ ਕੀਤੀਆਂ ਹਨ, ਅਸੀਂ ਉਸ ਨਾਲ ਸਹਿਮਤ ਹਾਂ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਇਨ੍ਹਾਂ ਭਾਵਨਾਵਾਂ ਦੇ ਤਹਿਤ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਬਾਦਲ ਸਾਹਿਬ, ਅੱਜ ਭਾਵੇਂ ਇਥੇ ਨਹੀਂ ਹਨ, ਅਸੀਂ ਉਨ੍ਹਾਂ ਨੂੰ ਵੀ ਬੇਨਤੀ ਕਰਾਂਗੇ ਕਿ ਉਹ ਆਪ ਵੀ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ। ਪਹਿਲਾਂ ਵੀ ਜਦੋਂ ਕਦੀ ਕਿਸੇ ਮੁੱਦੇ ਤੇ ਜ਼ਿਆਦਤੀ ਹੋਈ ਹੈ ਜਿਵੇਂ ਕੈਨੇਡਾ ਵਿਚ ਰੀਲੀਜਸ ਸਿੰਬਲ ਬੈਨ ਕਰਨ ਦੀ ਗੱਲ ਉਥੇ ਕੀਤੀ ਸੀ, ਉਦੋਂ ਵੀ ਇਥੇ ਮਤਾ ਪਾਸ ਕਰਕੇ ਬਾਹਰ ਜਿੰਨੇ ਵੀ ਲੋਕ ਬੈਠੇ ਹਨ, ਉਨ੍ਹਾਂ ਦੇ ਹੱਕ ਵਿਚ ਅਵਾਜ਼ ਉਠਾਈ ਸੀ। ਮੇਰਾ ਖਿਆਲ ਹੈ ਕਿ ਇਸ ਮਤੇ ਨਾਲ ਕਿਸੇ ਨੂੰ ਵੀ ਕੋਈ ਅਸਹਿਮਤੀ ਨਹੀਂ ਹੋਣੀ ਚਾਹੀਦੀ ਅਤੇ ਸਾਨੂੰ ਸਾਰਿਆਂ ਨੂੰ ਰਲ ਕੇ ਪਾਸ ਕਰਨਾ ਚਾਹੀਦਾ ਹੈ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ): ਸਪੀਕਰ ਸਾਹਿਬ,ਜਿਹੜਾ ਅਸੀਂ ਇਥੇ ਕਾਮਾਗਾਟਾ ਮਾਰੂ ਦਾ ਮਤਾ ਲੈ ਕੇ ਆਏ ਹਾਂ, ਇਹ ਬੜਾ ਇਤਿਹਾਸਕ ਇਸ਼ੂ ਹੈ। ਹਰ ਸਾਲ ਅਸੀਂ ਵੀ ਉਥੇ ਜਾ ਕੇ ਆਉਂਦੇ ਹਾਂ, ਜਿਵੇਂ ਕਿ ਬੀਬੀ ਜੀ ਨੇ ਜ਼ਿਕਰ ਕੀਤਾ ਹੈ। ਜੂਨ-ਜੁਲਾਈ ਮਹੀਨੇ ਵਿਚ ਵੈਨਕੂਵਰ ਵਿਚ ਗਦਰੀ ਬਾਬਿਆਂ ਦਾ ਮੇਲਾ ਪੰਜਾਬੀਆਂ ਵੱਲੋਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਮਨਾਇਆ ਜਾਂਦਾ ਹੈ। ਪਿੱਛੇ ਜਿਹੇ ਕੈਨੇਡਾ ਦੀ ਗੌਰਮਿੰਟ ਨੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਸਟੈਂਪ ਵੀ ਜਾਰੀ ਕੀਤੀ ਹੈ। ਜਿਹੜੇ ਵੀ ਮੋਹਨ ਸਿੰਘ ਫਾਉਂਡੇਸ਼ਨ ਦੇ ਮੈਂਬਰ ਇਥੇ ਆਏ ਹਨ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਅੱਗੇ ਵੀ ਬਾਦਲ ਸਾਹਿਬ ਨੂੰ ਅਤੇ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਜਿਹੜੀ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਸੌ ਸਾਲਾ

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

ਸ਼ਤਾਬਦੀ ਸਾਰੀ ਦੁਨੀਆਂ ਵਿਚ ਮਨਾਈ ਜਾ ਰਹੀ ਹੈ, ਉਸ ਵਿਚ ਪੰਜਾਬ ਸਰਕਾਰ ਵੀ ਉਪਰਾਲੇ ਕਰਕੇ ਕੋਈ ਫੰਕਸ਼ਨ ਕਰੇ। ਕਾਮਾਗਾਟਾ ਮਾਰੂ ਸ਼ਹੀਦਾਂ ਦੀ ਯਾਦ ਵਿਚ ਕੋਈ ਨਾ ਕੋਈ ਪੰਜਾਬ ਵਿਚ ਸਮਾਰਕ ਵੀ ਬਣਾਉਣਾ ਚਾਹੀਦਾ ਹੈ। ਹਰ ਸਾਲ ਇਸ ਦਿਨ ਨੂੰ ਪੰਜਾਬ ਵਿਚ ਸਰਕਾਰੀ ਤੌਰ ਤੇ ਮਨਾਇਆ ਜਾਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਸ਼ਾਇਦ ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਦੀ ਪ੍ਰੋਵਿੰਸ਼ੀਅਲ ਅਸੈਂਬਲੀ ਵਿਚ ਇਹ ਮਤਾ ਪਹਿਲਾਂ ਵੀ ਲਿਆਂਦਾ ਗਿਆ ਹੈ ਅਤੇ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਵੀ ਐਗਰੀ ਕਰ ਰਹੇ ਹਨ। ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਦੀ ਅਸੈਂਬਲੀ ਵਿਚ ਮੁਆਫੀ ਮੰਗੀ ਹੈ। ਸਾਨੂੰ ਕੈਨੇਡਾ ਦੀ ਫੈਡਰਲ ਗੌਰਮਿੰਟ ਕੋਲ ਜ਼ਰੂਰ ਇਸ ਮੁੱਦੇ ਤੇ ਸੈਂਟਰ ਸਰਕਾਰ ਰਾਹੀਂ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਵੀ ਮੁਆਫੀ ਮੰਗਣ। ਇਹ ਬਹੁਤ ਵੱਡਾ ਹਿਸਟੌਰੀਕਲ ਇੰਸੀਡੈਂਟ ਸੀ ਜਿਹੜਾ ਕਿ ਪੰਜਾਬੀਆਂ ਨਾਲ ਸਬੰਧ ਰੱਖਦਾ ਹੈ। ਇਹ ਹਿਊਮਨ ਰਾਈਟਸ ਦੀ ਵਾਇਓਲੇਸ਼ਨ ਸੀ ਜਿਹੜੀ ਉਸ ਵੇਲੇ ਘੱਟ ਗਿਣਤੀਆਂ ਨਾਲ, ਪੰਜਾਬੀਆਂ ਨਾਲ ਜਾਂ ਸਿੱਖਾਂ ਨਾਲ ਕਹਿ ਲਵੋ, ਉਸ ਵੇਲੇ ਡ੍ਰਿਸਕ੍ਰਿਮੀਨੀਸ਼ਨ ਹੁੰਦੀ ਸੀ, ਉਹ ਕੈਨੇਡਾ ਦੀ ਧਰਤੀ ਤੇ ਉਜਾਗਰ ਹੋਈ ਸੀ। ਪੰਜਾਬ ਸਰਕਾਰ ਨੂੰ ਵੀ ਇਸ ਵਿਚ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ। ਵੈਨਕੂਵਰ ਵਿਖੇ ਇਕ ਸਟੈਂਪ ਰਿਲੀਜ਼ ਹੋਈ ਸੀ। ਬਾਦਲ ਸਾਹਿਬ ਨੇ ਵੀ ਇਕ ਫੰਕਸ਼ਨ ਕਰਵਾਇਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਵੀ ਇਸ ਬਾਰੇ ਇਕ ਫੰਕਸ਼ਨ ਹੋਇਆ ਸੀ। ਅਸੀਂ ਸਾਰੇ ਹੀ ਉਥੇ ਵੈਨਕੂਵਰ ਜਾ ਕੇ ਆਉਂਦੇ ਹਾਂ। ਬੀਬੀ ਜੀ, ਇਸ ਸਾਲ ਵੀ 27 ਜੁਲਾਈ ਨੂੰ ਵੈਨਕੂਵਰ ਵਿਚ ਗਦਰੀ ਬਾਬਿਆਂ ਦਾ ਮੇਲਾ ਹੋ ਰਿਹਾ ਹੈ। ਹੁਣ ਤਾਂ ਮੇਰਾ ਖਿਆਲ ਹੈ ਕਿ ਉਥੇ 2-2, 3-3 ਮੇਲੇ ਲੱਗਦੇ ਹਨ। ਬੀਬੀ ਜੀ (ਸ੍ਰੀਮਤੀ ਰਜਿੰਦਰ ਕੌਰ ਭੱਠਲ) ਨੇ ਠੀਕ ਆਖਿਆ ਹੈ ਕਿ ਉਥੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਇਕੱਠੇ ਹੁੰਦੇ ਹਨ। ਆਪਾਂ ਸਾਰੇ ਉਥੇ ਜਾ ਕੇ ਉਨ੍ਹਾਂ ਨੂੰ ਸ਼ਰਧਾ ਵੀ ਭੇਂਟ ਕਰਦੇ ਹਾਂ ਅਤੇ ਉਨ੍ਹਾਂ ਅੱਗੇ ਸੀਸ ਵੀ ਝੁਕਾਉਂਦੇ ਹਾਂ। ਸੋ, ਇਸ ਮਤੇ ਨੂੰ ਆਪਾਂ ਸਾਰਿਆਂ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਮਾਨਯੋਗ ਸਪੀਕਰ ਸਾਹਿਬ, ਮੈਂ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਜੋ ਇਹ ਮਤਾ ਬੜੇ ਉਤਸ਼ਾਹ ਨਾਲ, ਉਨ੍ਹਾਂ ਦੇ ਉਦਮਾਂ ਸਦਕਾ, ਭਾਈ ਸਾਹਿਬ ਸਿੰਘ ਜੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਰਾਏ ਦੇਣ ਉੱਤੇ ਮਤਾ ਆਇਆ ਹੈ, ਮੰਤਰੀ ਜੀ ਨੇ

ਪੇਸ਼ ਕੀਤਾ ਹੈ, ਮੈਂ ਜਿੱਥੇ ਉਸ ਮਤੇ ਦੀ ਤਾਈਦ ਕਰਦਾ ਹਾਂ ਉਥੇ ਇਸ ਦੀ ਮਹੱਤਤਾ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਮਤੇ ਦੀ ਲੋੜ ਹੈ । ਮੈਂ ਇੱਥੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਾਲ 1992 ਵਿੱਚ ਕੈਨੇਡਾ ਗਿਆ ਤੇ ਉਥੇ ਜਾ ਕੇ ਉਹ ਸਾਰਾ ਸੀਨ ਦੇਖਿਆ ਕਿ ਕਿਵੇਂ ਹਾਲਾਤ ਵਾਪਰੇ, ਕਿਵੇਂ ਉਨ੍ਹਾਂ ਹਾਲਾਤਾਂ ਵਿੱਚ ਲੋਕਾਂ ਨੇ ਕਸ਼ਟ ਵੀ ਝੱਲੇ ਤੇ ਉਸ ਦਾ ਸਿੱਟਾ ਵੀ ਅਸੀਂ ਭੁਗਤਿਆ । ਉਸ ਵੇਲੇ ਦੀ ਬਗਾਵਤ ਦਾ ਸਿੱਟਾ ਸਾਨੂੰ ਭੁਗਤਣਾ ਪਿਆ ਤੇ ਉਦੋਂ ਤੋਂ ਲੈ ਕੇ ਸਾਲ 1970 ਤੱਕ ਪੰਜਾਬੀ ਕੈਨੇਡਾ ਵਿੱਚ ਨਹੀਂ ਜਾ ਸਕੇ ਕਿਉਂਕਿ ਕੈਨੇਡਾ ਗੌਰਮਿੰਟ ਨੇ ਇਸ ਪ੍ਰਕਾਰ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ । ਸਾਲ 1970 ਤੋਂ ਬਾਅਦ ਪੰਜਾਬੀ ਉਥੇ ਜਾਣ ਲੱਗੇ ਹਨ ਤੇ ਇਸ ਵਕਤ ਪੰਜਾਬੀਆਂ ਦੀ ਕੈਨੇਡਾ ਵਿੱਚ ਸੱਤ-ਅੱਠ ਲੱਖ ਆਬਾਦੀ ਹੈ। ਇਸ ਕਰਕੇ ਸਜ਼ਾ ਵੀ ਪੰਜਾਬੀਆਂ ਨੇ ਉਸ ਕੁਰਬਾਨੀ ਸਦਕਾ ਭੁਗਤੀ ਹੈ । ਇਸ ਕਰਕੇ ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਮੈਂ ਉਥੇ ਉਸ ਤੋਂ ਬਾਅਦ ਸਾਲ 2011 ਵਿੱਚ ਵੀ ਜਾ ਕੇ ਆਇਆ ਹਾਂ । ਉਦੋਂ ਮੈਂ ਐਜੂਕੇਸ਼ਨ ਮਨਿਸਟਰ ਸੀ । ਵੈਨਕੂਵਰ ਵਿਖੇ ਜਿਹੜੀ ਇਨ੍ਹਾਂ ਦੀ ਵਿਕਟੋਰੀਆ ਵਿਧਾਨ ਸਭਾ ਹੈ, ਉਸ ਦੇ ਚਲਦੇ ਸੈਸ਼ਨ ਵਿੱਚ ਮੈਂ ਗਿਆ ਸੀ ਤੇ ਮੈਨੂੰ ਬੜਾ ਸਤਿਕਾਰ ਵੀ ਦਿੱਤਾ ਗਿਆ । ਮੇਰੇ ਕਹਿਣ ਦਾ ਭਾਵ ਹੈ ਕਿ ਉਨ੍ਹਾਂ ਦੀ ਵਿਧਾਨ ਸਭਾ ਨੇ ਤਾਂ ਸਰਬਸੰਮਤੀ ਨਾਲ ਪਾਸ ਕੀਤਾ ਹੈ ਕਿ ਸਾਨੂੰ ਬੜਾ ਦੁੱਖ ਹੈ ਕਿ ਇਹ ਘਟਨਾ ਵਾਪਰੀ ਹੈ । ਵੈਨਕੂਅਰ ਦੀ ਬੀ. ਸੀ. ਵਿਧਾਨ ਸਭਾ ਨੇ ਇਹ ਪਾਸ ਕੀਤਾ, ਉਨ੍ਹਾਂ ਦੇ ਪ੍ਰਾਈਮ ਮਨਿਸਟਰ ਜਦੋਂ ਸਮਾਗਮ ਤੇ ਆਏ ਸੀ, ਉਨ੍ਹਾਂ ਨੇ ਵੀ ਅਫਸੋਸ ਜ਼ਾਹਰ ਕੀਤਾ ਸੀ। ਜਿੱਥੋਂ ਤੱਕ ਉਨ੍ਹਾਂ ਦੀ ਪਾਰਲੀਮੈਂਟ ਦਾ ਸਵਾਲ ਹੈ, ਉਹ ਮਤਾ ਤਾਂ ਹੀ ਪਾਸ ਕਰੇਗੀ ਜੇਕਰ ਆਪਣੇ ਦੇਸ਼ ਦੀ ਪਾਰਲੀਮੈਂਟ ਮਤਾ ਪਾਸ ਕਰਕੇ ਭੇਜੇਗੀ । ਜਿਵੇਂ ਸਤਿਕਾਰਯੋਗ ਬੀਬੀ ਭੱਠਲ ਜੀ ਨੇ ਕਿਹਾ ਹੈ ਕਿ ਆਪਣੀ ਪਾਰਲੀਮੈਂਟ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ । ਅਸੀਂ ਮੁੱਖ ਮੰਤਰੀ ਜੀ ਨੂੰ ਵੀ ਰਿਕੁਐਸਟ ਕਰਾਂਗੇ ਕਿ ਪਾਰਲੀਮੈਂਟ ਤੱਕ ਪਹੁੰਚ ਕਰਨ । ਪਾਰਲੀਮੈਂਟ ਵੀ ਮਤਾ ਪਾਸ ਕਰਕੇ ਭੇਜੇ । ..(ਵਿਘਨ)..

Mr. Speaker : Please silence. The matter is very serious.

ਖੇਤੀਬਾੜੀ ਮੰਤਰੀ : ਇਸ ਕਰਕੇ ਸਾਡੀ ਪਾਰਲੀਮੈਂਟ ਮਤਾ ਪਾਸ ਕਰਕੇ ਕੈਨੇਡਾ ਗੌਰਮਿੰਟ ਨੂੰ ਭੇਜੇ ਤੇ ਮੈਨੂੰ ਆਸ ਹੈ, ਕਿਉਂਕਿ ਉਥੇ ਬਹੁਤ ਹੀ ਡੈਮੋਕਰੇਟਿਕ

ਲੋਕ ਹਨ ਤੇ ਉਹ ਮਹਿਸੂਸ ਕਰਦੇ ਹਨ । ਮੈਨੂੰ ਆਸ ਹੈ ਕਿ ਫਿਰ ਕੈਨੇਡਾ ਦੀ ਪਾਰਲੀਮੈਂਟ ਮਤਾ ਪਾਸ ਕਰੇਗੀ । ਮੈਨੂੰ ਪੂਰਨ ਆਸ ਹੈ ਕਿ ਕੈਨੇਡਾ ਦੀ ਪਾਰਲੀਮੈਂਟ ਤਾਂ ਮਤਾ ਪਾਸ ਕਰ ਦੇਵੇਗੀ ਪਰ ਇੱਥੇ ਜਿਹੜਾ ਪੰਜ ਹਜ਼ਾਰ ਬੇਦੋਸ਼ੇ ਸਿੱਖਾਂ ਦਾ ਕਤਲੇਆਮ ਹੋਇਆ ਸੀ ਪ੍ਰੰਤੂ ਆਪਣੀ ਹਿੰਦੁਸਤਾਨ ਦੀ ਪਾਰਲੀਮੈਂਟ ਵਿੱਚ ਮਤਾ ਪਾਸ ਨਹੀਂ ਕੀਤਾ ਗਿਆ । ਇੱਥੇ ਵੀ ਇਹ ਮਤਾ ਪਾਸ ਕਰਨਾ ਚਾਹੀਦਾ ਹੈ ਕਿ ਜਿਨ੍ਹਾਂ ਬੇਦੋਸ਼ੇ ਪੰਜ ਹਜ਼ਾਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਨ੍ਹਾਂ ਦਾ ਕੀ ਗੁਨਾਹ ਸੀ। ਜਿਵੇਂ ਉਹ ਲੋਕ ਬੇਦੋਸ਼ੇ ਸਨ, ਉਨ੍ਹਾਂ ਦਾ ਕੋਈ ਗੁਨਾਹ ਨਹੀਂ ਸੀ ਅਤੇ ਉਹ ਰੁਜ਼ਗਾਰ ਲਈ ਉਥੇ ਗਏ ਸੀ। ਬਾਬਾ ਗੁਰਦਿੱਤ ਸਿੰਘ ਜੀ ਨੇ ਜਹਾਜ਼ ਕਿਰਾਏ ਤੇ ਲਿਆ। ਕਿਵੇਂ ਮਿਹਨਤ ਕੀਤੀ। ਕਿਵੇਂ ਭੁੱਖੇ-ਤਿਹਾਏ ਲੋਕ ਗਏ ਤੇ ਉਨ੍ਹਾਂ ਨੇ ਉਥੇ ਕੁਰਬਾਨੀ ਕੀਤੀ । ਉਸ ਵਿੱਚੋਂ ਆਜ਼ਾਦੀ ਦੀ ਬਹੁਤ ਵੱਡੀ ਲੋੜ ਪੈਦਾ ਹੋਈ । ਜਦੋਂ ਬਜਬਜ ਘਾਟ ਤੇ ਗਏ ਤੇ ਗੋਲੀਆਂ ਨਾਲ ਉਨ੍ਹਾਂ ਨੂੰ ਭੁੰਨ ਦਿੱਤਾ ਗਿਆ । ਉਸ ਤੋਂ ਮਗਰੋਂ ਜਿਹੜੇ ਰਹਿ ਗਏ, ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਗਿਆ, ਜਿਸ ਕਰਕੇ ਹਿੰਦੁਸਤਾਨ ਦੇ ਲੋਕਾਂ ਵਿੱਚ ਬਹੁਤ ਗੁੱਸਾ ਵਧਿਆ। ਉਸ ਸਮੇਂ ਕੈਨੇਡਾ ਵਿੱਚ ਵੀ ਬ੍ਰਿਟਿਸ਼ ਸਰਕਾਰ ਦੀ ਹਕੂਮਤ ਸੀ । ਅੱਜ ਵੀ ਇੰਗਲੈਂਡ ਦੀ ਮਹਾਰਾਣੀ ਨੂੰ ਕੈਨੇਡਾ ਦੇ ਲੋਕ ਰਾਸ਼ਟਰਪਤੀ ਸਮਝਦੇ ਹਨ ਕਿਉਂਕਿ ਕੈਨੇਡਾ ਨੂੰ ਅੰਗਰੇਜ਼ਾਂ ਨੇ ਵਸਾਇਆ ਸੀ। ਇਸ ਲਈ ਲੋਕਾਂ ਦੇ ਅੰਦਰ ਗੁੱਸਾ ਸੀ ਤੇ ਇੱਕ ਲਹਿਰ ਬਣੀ ਸੀ । ਕਾਮਾਗਾਟਾ ਮਾਰੂ ਇੱਕ ਲਹਿਰ ਦੇ ਰੂਪ ਵਿੱਚ ਸਾਹਮਣੇ ਆਇਆ ਤੇ ਉਸ ਸਮੇਂ ਲੋਕਾਂ ਨੇ ਕੁਰਬਾਨੀ ਦਿੱਤੀ। ਇਸ ਲਈ ਮੇਰੀ ਬੇਨਤੀ ਹੈ ਕਿ ਆਪਾਂ ਜਿੱਥੇ ਇਹ ਗੱਲ ਕਰਨੀ ਚਾਹੁੰਦੇ ਹਾਂ ਕਿ ਇਸ ਲਹਿਰ ਵਿੱਚ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਤੇ ਜਿਸ ਕਰਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਵੀ ਆਪਾਂ ਸਫਲ ਹੋਏ। ਉਥੇ ਮੇਰੀ ਇਹ ਵੀ ਬੇਨਤੀ ਹੈ ਕਿ ਅਜ਼ਾਦ ਦੇਸ਼ ਵਿੱਚ ਜਿੱਥੇ ਅੱਸੀ ਪ੍ਰਤੀਸ਼ਤ ਪੰਜਾਬੀਆਂ ਨੇ ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਨੇ ਕੁਰਬਾਨੀਆਂ ਦਿੱਤੀਆਂ ਹੋਣ ਤੇ ਅਤੇ ਪੰਜ ਹਜ਼ਾਰ ਸਿੱਖਾਂ ਦਾ ਦਿਨ-ਦਿਹਾੜੇ ਕਤਲੇਆਮ ਹੋ ਜਾਵੇ, ਟਾਇਰ ਪਾ ਕੇ ਸਾੜੇ ਜਾਣ ਤੇ ਹਿੰਦੁਸਤਾਨ ਦੀ ਪਾਰਲੀਮੈਂਟ ਅਫਸੋਸ ਦਾ ਮਤਾ ਪਾਸ ਨਾ ਕਰੇ, ਇਸ ਤੋਂ ਵੱਡਾ ਹੋਰ ਕੀ ਦੁੱਖ ਹੋ ਸਕਦਾ ਹੈ ?

ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ) : ਸਪੀਕਰ ਸਾਹਿਬ, ਧੰਨਵਾਦ। ਅੱਜ ਇਹ ਮਤਾ ਸਰਕਾਰ

ਵੱਲੋਂ ਲਿਆਂਦਾ ਗਿਆ ਹੈ । ਲਗਭਗ 100 ਸਾਲ ਪਹਿਲਾਂ ਇਸ ਹਿੰਦੁਸਤਾਨ ਦੀ ਧਰਤੀ ਦੇ ਲੋਕਾਂ ਨੇ ਬਾਹਰਲੇ ਮੁਲਕ ਵਿੱਚ ਜਾ ਕੇ ਇੱਕ ਜਹਾਜ਼ ਖਰੀਦ ਕੇ, ਕੈਨੇਡਾ ਦੀ ਧਰਤੀ ਤੇ ਜਾਣਾ ਚਾਹਿਆ । ਜਿਸ ਤਰੀਕੇ ਨਾਲ ਉਥੋਂ ਦੀ ਸਰਕਾਰ ਨੇ ਜਹਾਜ਼ ਨੂੰ ਬੰਦਰਗਾਹ ਤੇ ਨਾ ਲੱਗਣ ਦਿੱਤਾ ਤੇ ਬਹੁਤ ਲੰਬਾ ਸਮਾਂ ਉਸ ਜਹਾਜ਼ ਵਿੱਚ ਸਾਡੇ ਲੋਕ ਭੁੱਖੇ-ਤਿਹਾਏ ਰਹੇ ਤੇ ਆਖਰਕਾਰ ਉਨ੍ਹਾਂ ਨੂੰ ਉਥੋਂ ਵਾਪਸ ਮੁੜਨਾ ਪਿਆ । ਮੁੜਨ ਉਪਰੰਤ ਜਦੋਂ ਉਹ ਹਿੰਦੁਸਤਾਨ ਕਲਕੱਤਾ ਦੇ ਬਜਬਜ ਘਾਟ ਤੇ ਪਹੁੰਚੇ ਤਾਂ ਉਸ ਮੌਕੇ ਦੀ ਹਕੂਮਤ ਨੇ ਗੋਲੀਆਂ ਦੀਆਂ ਬੁਛਾਰਾਂ ਕੀਤੀਆਂ। 19 ਬੰਦਿਆਂ ਨੂੰ ਸ਼ਹੀਦ ਕੀਤਾ, ਬਹੁਤ ਸਾਰੇ ਬੰਦਿਆਂ ਨੂੰ ਜੇਲ੍ਹਾਂ ਦੇ ਵਿੱਚ ਡੱਕਿਆ। ਉਹ ਸ੍ਰੀ ਗੁਰੂ ਗਰੰਥ ਸਾਹਿਬ ਨਾਲ ਲੈ ਕੇ ਗਏ ਸੀ, ਉਸ ਨੂੰ ਵੀ ਸੰਭਾਲ ਕੇ, ਨਿਕਾਲ ਕੇ ਨਾਲ ਲੈ ਕੇ ਜਾ ਸਕੇ। ਮੈਂ ਸਮਝਦਾ ਹਾਂ ਕਿ ਉਸ ਕਾਮਾਗਾਟਾ ਮਾਰੂ ਲਹਿਰ ਨੇ, ਕੈਨੇਡਾ ਦੇ ਵਿੱਚ ਜੋ ਗਦਰ ਲਹਿਰ ਜਾਰੀ ਕੀਤੀ, ਜੋ ਗਦਰ ਲਹਿਰ ਦਾ ਪਰਚਾ ਚਲਾਇਆ, ਇਸ ਨੇ ਬਾਅਦ ਦੇ ਵਿੱਚ ਹਿੰਦੁਸਤਾਨ ਵਿੱਚ, ਪੰਜਾਬ ਦੇ ਵਿੱਚ ਬਹੁਤ ਵੱਡੀ ਲਹਿਰ ਪੈਦਾ ਕੀਤੀ। ਜਿਸ ਦਾ ਰਿਜ਼ਲਟ ਇਹ ਨਿਕਲਿਆ ਕਿ ਜਿੰਨੀਆਂ ਲਹਿਰਾਂ ਪੈਦਾ ਹੋਈਆਂ, ਉਹ ਦੇਸ਼ ਅਜ਼ਾਦ ਕਰਾਉਣ ਵਾਸਤੇ ਹੀ ਪੈਦਾ ਹੋਈਆਂ। ਮੈਂ ਸਮਝਦਾ ਹਾਂ ਕਿ ਜਿੱਡਾ ਵੱਡਾ ਨੁਕਸਾਨ ਉਸ ਵੇਲੇ ਸਾਡੇ ਪੰਜਾਬੀਆਂ ਦਾ ਹੋਇਆ ਹੈ, ਬੇਸ਼ੱਕ ਚਾਹੇ ਅੱਜ ਉਨ੍ਹਾਂ ਮੁਲਕਾਂ ਦੇ ਵਿੱਚ, ਵੈਨਕੂਵਰ (ਕੈਨੇਡਾ) ਦੇ ਵਿੱਚ ਵੱਡੀ ਗਿਣਤੀ ਵਿੱਚ ਸਾਡਾ ਪੰਜਾਬੀ ਸਿੱਖ ਭਾਈਚਾਰਾ ਰਹਿੰਦਾ ਹੈ ਔਰ ਉਨ੍ਹਾਂ ਨੂੰ ਵੱਡੇ ਅਹੁਦੇ ਵੀ ਹਾਸਿਲ ਹੋਏ ਹਨ। ਉਥੇ ਉਹ ਪਾਰਲੀਮੈਂਟ ਦੇ ਵਿੱਚ ਵੀ ਗਏ ਹਨ। ਉਥੋਂ ਦੀਆਂ ਅਸੈਂਬਲੀਆਂ ਦੇ ਵਿੱਚ ਵੀ ਮੈਂਬਰ ਹਨ। ਜਿਵੇਂ ਕੈਨੇਡਾ ਦੀ ਸਰਕਾਰ ਵੱਲੋਂ ਚੀਨ ਅਤੇ ਜਪਾਨ ਦੇ ਅਤੇ ਬਾਕੀ ਹੋਰ ਮੁਲਕਾਂ ਦੇ ਨਾਲ ਇਨਜਸਟਿਸ ਹੋਇਆ ਸੀ, ਉਸ ਨੇ ਉਨ੍ਹਾਂ ਕੋਲੋਂ ਮੁਆਫੀ ਮੰਗੀ ਹੈ ਪਰ ਜੋ ਇਹ ਨਾਇਨਸਾਫੀ ਸਾਡੇ ਹਿੰਦੁਸਤਾਨ ਦੇ ਲੋਕਾਂ ਨਾਲ ਕੀਤੀ ਹੈ, ਇਸ ਦੀ ਮੁਆਫੀ ਨਹੀਂ ਮੰਗੀ ਗਈ। ਇਹ ਠੀਕ ਹੈ ਕਿ ਜਦੋਂ ਉਥੇ ਪ੍ਰੋਫੈਸਰ ਮੋਹਨ ਸਿੰਘ ਯਾਦਗਾਰੀ ਟਰੱਸਟ ਵੱਲੋਂ ਗਦਰ ਲਹਿਰ ਦੇ ਸਬੰਧ ਵਿੱਚ ਸਮਾਗਮ ਜਾਂ ਮੇਲਾ ਕਰਵਾਇਆ ਜਾਂਦਾ ਹੈ, ਤਾਂ ਉਥੋਂ ਦੇ ਚਾਹੇ ਮੈਂਬਰ ਪਾਰਲੀਮੈਂਟ ਹਨ ਜਾਂ ਹੋਰ ਨੁਮਾਇੰਦੇ ਹਨ, ਉਹ ਸ਼ਿਰਕਤ ਕਰਦੇ ਹਨ। ਵਿਸਾਖੀ ਦੇ ਮੇਲੇ ਤੇ ਵੀ ਕਰਦੇ ਹਨ। ਉਥੇ ਆ ਕੇ ਉਹ ਕਹਿ ਦਿੰਦੇ ਹਨ ਕਿ ਇਹ ਬੜੀ ਮੰਦਭਾਗੀ

ਘਟਨਾ ਹੈ ਪਰ ਦੇਸ਼ ਦੀ ਪਾਰਲੀਮੈਂਟ ਵਿੱਚ ਜੋ ਉਨ੍ਹਾਂ ਨੇ ਬਾਕੀ ਮੁਲਕਾਂ ਦੇ ਸਬੰਧ ਵਿੱਚ ਮੁਆਫੀ ਮੰਗੀ ਹੈ, ਉਹ ਨਹੀਂ ਮੰਗੀ ਗਈ। ਸੋ, ਅੱਜ ਇਹ ਮਤਾ ਪੰਜਾਬ ਅਸੈਂਬਲੀ ਵਿੱਚ ਆਇਆ ਹੈ। ਮੈਂ ਇਸ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਔਰ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕਰੀਏ ਅਤੇ ਇਸ ਨੂੰ ਸੈਂਟਰ ਗੌਰਮਿੰਟ ਨੂੰ ਵੀ ਭੇਜੀਏ। ਹਿੰਦੁਸਤਾਨ ਦੀ ਪਾਰਲੀਮੈਂਟ ਵੀ ਇਸ ਨੂੰ ਪਾਸ ਕਰੇ ਅਤੇ ਸਾਡੇ ਜੋ ਐਕਸਟਰਨਲ ਅਫੇਅਰਜ਼ ਮਨਿਸਟਰ ਹਨ ਜਾਂ ਪ੍ਰਧਾਨ ਮੰਤਰੀ ਜੀ ਹਨ, ਉਹ ਕੈਨੇਡਾ ਦੇ ਨਾਲ ਸੰਪਰਕ ਕਰਨ, ਇਹ ਮਸਲਾ ਉਥੇ ਕੈਨੇਡਾ ਦੇ ਹਾਊਸ ਵਿੱਚ ਜਾਣਾ ਚਾਹੀਦਾ ਹੈ ਤਾਂ ਕਿ ਬਾਕੀ ਮੁਲਕਾਂ ਵਾਂਗ, ਜੋ ਸਾਡੇ ਬਜ਼ੁਰਗ ਸੀ, ਬੱਚੇ ਸੀ, ਜਿਨ੍ਹਾਂ ਨਾਲ ਇਨਜਸਟਿਸ ਹੋਇਆ ਹੈ, ਉਨ੍ਹਾਂ ਬਾਰੇ ਮੁਆਫੀ ਮੰਗਣ। ਮੈਂ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰੇ ਹਾਊਸ ਵੱਲੋਂ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

ਸ਼੍ਰੀ ਤਰਲੋਚਨ ਸਿੰਘ (ਬੰਗਾ) : ਸਪੀਕਰ ਸਾਹਿਬ, ਬਹੁਤ ਧੰਨਵਾਦ।

** **

ਮਾਨਯੋਗ ਸਪੀਕਰ : ਇਸ ਦਾ ਇਸ ਦੇ ਨਾਲ ਕਨਸਰਨ ਨਹੀਂ ਹੈ .....(ਵਿਘਨ).... ਡਿਪਟੀ ਚੀਫ ਮਨਿਸਟਰ ਸਾਹਿਬ ਦੀ ਇਸ ਸਬੰਧੀ ਸਟੇਟਮੈਂਟ ਆ ਗਈ ਹੈ ....(ਵਿਘਨ).... ਡਿਪਟੀ ਸੀ.ਐਮ. ਸਾਹਿਬ ਦੀ ਸਟੇਟਮੈਂਟ ਆ ਗਈ ਹੈ ...(ਵਿਘਨ)... Not allowed. .... (ਵਿਘਨ).... ਇਹ ਐਕਸਪੰਜ ਕਰ ਦੇਣਾ ਜੀ .....(ਵਿਘਨ)... ਇਨ੍ਹਾਂ ਦੀ ਸਾਰੀ ਸਪੀਚ ਹੀ ਐਕਸਪੰਜ ਕਰ ਦੇਣਾ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇੰਨੇ ਇੰਪਾਰਟੈਂਟ ਮੁੱਦੇ ਉਤੇ ਆਪਾਂ ਸਰਬਸੰਮਤੀ ਕਰਨ ਨੂੰ ਫਿਰਦੇ ਹਾਂ। ਇਹੋ ਜਿਹੀਆਂ ਗੱਲਾਂ ਛੇੜ ਕੇ ..(ਵਿਘਨ).. ਕੀ ਫਾਇਦਾ ਹੈ, ਇਨ੍ਹਾਂ ਗੱਲਾਂ ਦਾ ਕੀ ਫਾਇਦਾ ਹੈ...

ਮਾਨਯੋਗ ਸਪੀਕਰ : ਮੈਂ ਉਹ ਐਕਸਪੰਜ ਕਰਵਾ ਦਿੱਤਾ ਹੈ।

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਕਾਮਾਗਾਟਾ ਮਾਰੂ ਦੀ

**Expunged as ordered by the Chair.

ਗੱਲ ਹੋ ਰਹੀ ਹੈ। ਤੁਸੀਂ ਪੁਰਾਣੀਆਂ ਗੱਲਾਂ ਬਾਰੇ, ਪੁਰਾਣੇ ਇਸ਼ੂ ਛੇੜੀ ਜਾਂਦੇ ਹੋ, ਇਨ੍ਹਾਂ ਦੀ ਕੋਈ ਰੈਲੇਵੈਂਸ ਨਹੀਂ ਹੈ ...(ਵਿਘਨ.. ਸ਼ੋਰ)..

ਮਾਨਯੋਗ ਸਪੀਕਰ : ਮੈਂ ਐਕਸਪੰਜ ਕਰਵਾ ਦਿੱਤਾ ਹੈ ।

ਮਾਲ ਤੇ ਮੁੜ ਵਸੇਬਾ ਮੰਤਰੀ : ਮੈਂ ਬੀਬੀ ਜੀ (ਸ਼੍ਰੀਮਤੀ ਰਜਿੰਦਰ ਕੌਰ ਭੱਠਲ) ਨੂੰ ਰਿਕੁਐਸਟ ਕਰਦਾ ਹਾਂ ਕਿ ਅੱਜ ਸਾਰਾ ਹਾਊਸ ਇਸ ਮਤੇ ਉਤੇ ਰਜ਼ਾਮੰਦ ਹੈ ਕਿ ਇਸ ਮਤੇ ਨੂੰ ਜ਼ਰੂਰ ਪਾਸ ਕਰਨਾ ਚਾਹੀਦਾ ਹੈ। ਇਹ ਜਿਹੜੀਆਂ ਚੀਜ਼ਾਂ ਹਨ, ਇਨ੍ਹਾਂ ਗੱਲਾਂ ਲਈ ਤਾਂ ਅੱਗੇ-ਪਿਛੇ ਵੀ ਬਹਿਸ ਹੋਈ ਹੈ, ਸਵੇਰੇ ਵੀ ਇਸ ਇਸ਼ੂ...

(ਇਸ ਸਮੇਂ ਸ਼੍ਰੀ ਤਰਲੋਚਨ ਸਿੰਘ ਬਿਨਾਂ ਆਗਿਆ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ।)

ਮਾਲ ਤੇ ਮੁੜ ਵਸੇਬਾ ਮੰਤਰੀ : ਮੈਂ ਬੀਬੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ਼ੂ ਨੂੰ ਡਲਿਊਟ ਨਾ ਕੀਤਾ ਜਾਵੇ । ..(ਵਿਘਨ ਸ਼ੋਰ).. ਇਕ ਪਾਸੇ ਆਪਾਂ ਕਹਿ ਰਹੇ ਹਾਂ ਕਿ ਭਾਈ ਮੋਹਨ ਸਿੰਘ ਜਿਹੜੇ ਮੋਹਨ ਸਿੰਘ ਟਰੱਸਟ ਦੇ ਮੈਂਬਰ ਹਨ, ਉਹ ਇਸ ਦਾ ਕੀ ਇੰਪਰੈਸ਼ਨ ਲੈ ਕੇ ਜਾਣਗੇ ..(ਵਿਘਨ ਸ਼ੋਰ).. ਕਿ ਆਪਾਂ ਕੰਮ ਕਿਹੜੇ ਉਤੇ ਲੱਗੇ ਸੀ ਤੇ ਬਹਿਸ ਕਿਹੜੇ ਤੇ ਕਰ ਰਹੇ ਹਾਂ ..(ਵਿਘਨ ਸ਼ੋਰ).. ਸਪੀਕਰ ਸਾਹਿਬ, ਮੇਰੀ ਤਾਂ ਤੁਹਾਨੂੰ ਇਹੋ ਹੀ ਬੇਨਤੀ ਹੈ।

ਸ਼੍ਰੀ ਸੁਨੀਲ ਜਾਖੜ: You would have stopped him. Rather Speaker Sahib you should have also stopped him.

ਮਾਨਯੋਗ ਸਪੀਕਰ : ਮੈਂ ਉਹ ਐਕਸਪੰਜ ਕਰਵਾ ਦਿੱਤਾ ਹੈ। ਤੁਸੀਂ ਬੈਠ ਜਾਉ। ..(ਵਿਘਨ ਸ਼ੋਰ).. You cannot direct me . Moreover ਕਿ ਕੀ ਕਰਨਾ ਹੈ I know my duty. ..(ਵਿਘਨ ਸ਼ੋਰ)..

ਸ਼੍ਰੀਮਤੀ ਰਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੈਂ ਇਸ ਮਤੇ ਬਾਰੇ ਕੁਝ ਕਹਿਣਾ ਚਾਹੁੰਦੀ ਹਾਂ। ਸ਼੍ਰੀ ਤਰਲੋਚਨ ਸਿੰਘ ਜੀ ਤੁਸੀਂ ਇੱਕ ਮਿੰਟ ਬੈਠ ਜਾਉ।..(ਵਿਘਨ ਸ਼ੋਰ)..

ਸ਼੍ਰੀ ਸੁਨੀਲ ਜਾਖੜ : ** **

ਮਾਨਯੋਗ ਸਪੀਕਰ : ਨਹੀਂ, Nothing is going to be recorded.

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਆਪਾਂ ਮਤਾ ਪਾਇਆ ਹੈ ਉਹ ਕੈਨੇਡਾ ਦੇ ਵਿਚ ਪੰਜਾਬੀਆਂ ਦੇ ਉਤੇ ਹੋਏ ਜ਼ੁਲਮ ਤੇ ਧੱਕੇ ਤੇ ਗੋਲੀਆਂ ਦੇ ਨਿਸ਼ਾਨੇ ਬਣੇ ਹਨ ਉਨ੍ਹਾਂ ਉਤੇ ਹੈ..

ਮਾਨਯੋਗ ਸਪੀਕਰ : ਬੀਬੀ ਜੀ, ਕੋਈ ਹੋਰ ਵਜ੍ਹਾ ਹੈ ਜਿਸ ਕਰਕੇ ਮੈਨੂੰ ਇਹ ਟਾਈਮ ਦੇਣਾ ਪਿਆ, ਅਦਰਵਾਈਜ਼ ਮੈਂ ਇਸ ਨੂੰ ਛੇਤੀ ਕਰਵਾ ਦੇਣਾ ਸੀ। ਮੇਰੀ ਆਪਣੀ ਵੀ ਕੋਈ ਮਜ਼ਬੂਰੀ ਹੋ ਸਕਦੀ ਹੈ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ : ਜਿਹੜੀ ਇਸ ਮਤੇ ਦੀ ਇੰਪਾਰਟੈਂਸ ਹੈ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਵਜ੍ਹਾ ਕੀ ਹੈ? ....

ਮਾਨਯੋਗ ਸਪੀਕਰ : ਮੈਂ ਜਿਹੜੀ ਗੱਲ ਕਹਿਣ ਲੱਗਾ ਹਾਂ ..(ਵਿਘਨ).. ਤੁਸੀਂ ਮੇਰੀ ਗੱਲ ਹੀ ਨਹੀਂ ਸਮਝੇ, ਜਾਖੜ ਸਾਹਿਬ, I feel sorry. ਤੁਸੀਂ ਮੇਰੀ ਗੱਲ ਹੀ ਨਹੀਂ ਸਮਝ ਰਹੇ, ਮੇਰੀ ਵੀ ਕੋਈ ਮਜ਼ਬੂਰੀ ਹੋ ਸਕਦੀ ਹੈ। ..(ਵਿਘਨ ਸ਼ੋਰ).. ਜਾਖੜ ਸਾਹਿਬ, ਹੁਣ ਨਾਲਿਜ ਨਹੀਂ ਹੈ ਤਾਂ ਇਨ੍ਹਾਂ ਨੂੰ ਦੱਸ ਦੇਣਾ ਸੀ। ਹਾਂ ਜੀ, ਮਿੱਤਲ ਸਾਹਿਬ ਜੀ। ਜਾਖੜ ਸਾਹਿਬ, ਪਹਿਲਾਂ ਇਧਰ ਸੁਣ ਲਵੋ, ਪਹਿਲਾਂ ਵਜ੍ਹਾ ਸੁਣ ਲਵੋ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਹ ਆਫੀਸ਼ੀਅਲ ਰੈਜੋਲਿਊਸ਼ਨ ਸੀ ਤੇ ਇਸ ਦੇ ਉਤੇ ਬਹਿਸ ਦੀ ਲੋੜ ਨਹੀਂ ਸੀ, ਬੀਬੀ ਜੀ ਨੇ ਆਪਣੇ ਵਿਚਾਰ ਰੱਖੇ, ਠੀਕ ਹੈ, ਕਿਉਂਕਿ ਬਿਜਨੈਸ਼ ਐਡਵਾਈਜ਼ਰੀ ਕਮੇਟੀ ਵਿਚ ਇਹ ਮਤਾ ਬੀਬੀ ਜੀ ਨੇ ਲਿਆਂਦਾ ਸੀ । ਇਸ ਲਈ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ। ਤੁਸੀਂ ਇਨ੍ਹਾਂ ਨੂੰ ਬੋਲਣ ਦਾ ਟਾਈਮ ਦਿੱਤਾ ਹੈ, ਬਹੁਤ ਅੱਛਾ ਕੀਤਾ ਹੈ। ਜਿਹੜੇ ਬਾਕੀ ਜਿਨ੍ਹਾਂ ਮੈਂਬਰਾਂ ਨੇ ਵੀ ਇਸ ਰੈਜੋਲਿਊਸ਼ਨ ਦੇ ਉਤੇ ਬੋਲਿਆ ਹੈ, ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਜਿਹੜੇ ਬਾਕੀ extraneous matters other than this Resolution ਹਨ, ਉਹ ਮੈਂ ਸਮਝਦਾ ਹਾਂ ਕਿ ਨਹੀਂ ਆਉਣੇ ਚਾਹੀਦੇ

**Expunged as ordered by the Chair.

ਔਰ ਉਹ ਬਹਿਸ ਦਾ ਹਿੱਸਾ ਨਹੀਂ ਬਣਨੇ ਚਾਹੀਦੇ । ਇਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਹੜਾ ਰੈਜੋਲਿਊਸ਼ਨ ਇਨ੍ਹਾਂ ਨੇ ਮੂਵ ਕੀਤਾ ਹੈ, ਉਹ ਅਸੀਂ ਇੱਕ ਅੱਛਾ ਵਾਤਾਵਰਣ ਬਣਾਉਣ ਵਾਸਤੇ ਪੇਸ਼ ਕੀਤਾ ਹੈ। ਦੇਸ਼ ਦੀ ਅਜ਼ਾਦੀ ਵਾਸਤੇ ਜਿਹੜੇ ਲੜੇ ਹਨ, ਜਿਨ੍ਹਾਂ ਦੇ ਉਤੇ ਜ਼ੁਲਮ ਹੋਇਆ ਹੈ, ਜਿਨ੍ਹਾਂ ਨੂੰ ਮਾਰਿਆ ਗਿਆ ਹੈ, ਉਨ੍ਹਾਂ ਦੇ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਪੇਸ਼ ਕੀਤਾ ਹੈ। ਅਸੀਂ ਦੋ ਦਿਨ ਪਹਿਲਾਂ ਹੀ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੀ ਸ਼ਹਾਦਤ ਦਾ ਦਿਨ ਮਨਾ ਕੇ ਹਟੇ ਹਾਂ। ਸੋ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਲੱਗਦਾ ਹੈ ਕਿ ਹੁਣ ਬਹਿਸ ਦਾ ਮਾਹੌਲ ਨਹੀਂ ਬਣਦਾ। ਇਸ ਦੇ ਉਤੇ ਬਹਿਸ ਦੀ ਲੋੜ ਨਹੀਂ ਹੈ, ਵਿਚਾਰ ਆ ਗਿਆ ਹੈ। ਮੈਂ ਬੇਨਤੀ ਕਰਾਂਗਾ..

ਮਾਨਯੋਗ ਸਪੀਕਰ : ਠੀਕ ਹੈ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਰੈਜੋਲਿਊਸ਼ਨ ਨੂੰ ਪਾਸ ਕੀਤਾ ਜਾਵੇ ਔਰ ਕੇਂਦਰ ਸਰਕਾਰ ਨੂੰ ਜੋ ਮਤੇ ਵਿਚ ਲਿਆਂਦਾ ਹੈ, ਬੇਨਤੀ ਕੀਤੀ ਗਈ ਹੈ, ਉਸ ਲਈ ਅਸੀਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗੇ, ਅੱਜ ਉਹ ਹਾਜ਼ਰ ਨਹੀਂ ਹਨ, ਉਹ ਆਪਣਾ ਰਸੂਖ ਇਸਤੇਮਾਲ ਕਰਕੇ ਇਸ ਮਤੇ ਬਾਰੇ ਲੋਕ ਸਭਾ ਵਿਚ ਆਪਣੇ ਜੋ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੂੰ ਬੇਨਤੀ ਕਰਨ ਕਿ ਮੈਟਰ ਕੈਨੇਡੀਅਨ ਗੌਰਮਿੰਟ ਨਾਲ ਟੇਕ-ਅੱਪ ਕੀਤਾ ਜਾਵੇ ਔਰ ਕੈਨੇਡਾ ਦੀ ਲੋਕ ਸਭਾ ਇਸ ਦਾ ਮਤਾ ਪਾਸ ਕਰਕੇ ਇਸ ਦੀ ਮੁਆਫੀ ਮੰਗੇ। ਜਪਾਨ ਤੇ ਚਾਈਨਾ ਨਾਲ ਤਾਂ ਸਿਰਫ ਕੂਲ ਟਰੀਟਮੈਂਟ ਹੋਇਆ ਸੀ, ਸਾਡੇ ਨਾਲ ਤਾਂ ਟਰੀਟਮੈਂਟ ਵੀ ਹੋਇਆ ਤੇ ਬੰਦੇ ਵੀ ਮਾਰ ਦਿੱਤੇ । ਇਸ ਲਈ ਇਸ ਦੇ ਉਤੇ ਉਨ੍ਹਾਂ ਨੂੰ ਮੁਆਫੀ ਮੰਗਣੀ ਵਾਜਿਬ ਬਣਦੀ ਹੈ। ਇਹ ਹਿਊਮੈਨੇਟੇਰੀਅਨ ਗਰਾਊਂਡ ਦੇ ਉਤੇ ਵੀ ਬਣਦੀ ਹੈ ਔਰ ਆਪਸ ਦੇ ਰਿਲੇਸ਼ਨ ਨੂੰ ਨਾਰਮਲ ਬਣਾਉਣ ਵਾਸਤੇ ਵੀ ਬਣਦੀ ਹੈ। ਅੱਜ ਦਾ ਸਮਾਜ ਇੰਨਾ ਅੱਗੇ ਵੱਧ ਗਿਆ ਹੈ ਕਿ ਇਸ ਵਿਚ ਮੁਆਫੀ ਮੰਗਣਾ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ । ਅੱਜ 100 ਸਾਲ ਹੋ ਗਏ ਹਨ, ਇਹ ਪਹਿਲਾਂ ਮੰਗਣੀ ਚਾਹੀਦੀ ਸੀ ਔਰ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦਾ ਕਿਸੇ ਨੇ ਵਿਰੋਧ ਨਹੀਂ ਕੀਤਾ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਮਤਾ as it is ਆਇਆ ਹੈ ਕਿਉਂਕਿ ਭਾਵੇਂ ਇਨ੍ਹਾਂ ਨੇ ਸ਼ੁਰੂ ਕਰ ਦਿੱਤਾ ਤੇ ਇਧਰੋਂ ਵੀ ਨੈਚੁਰਲੀ ਜੋ ਕੁਝ ਪੰਜਾਬ ਵਿਚ ਵਾਪਰਿਆ ਸੀ , ਉਸ ਬਾਰੇ ਗੱਲਾਂ ਆਈਆਂ, ਭਾਵੇਂ ਇਹ ਆਪਣੀ ਆਪਣੀ ਥਾਂ ਦੇ ਉਤੇ ਇੰਪਾਰਟੈਂਸ ਰੱਖਦੀਆਂ ਹਨ, ਵੱਖਰੀ ਗੱਲ ਹੈ ਕਿ ਕਿਸੇ ਵਕਤ ਡਿਸਕਸ ਕੀਤੀਆਂ ਜਾਂਦੀਆਂ ਹਨ । ਲੇਕਿਨ ਅੱਜ ਜੇ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰੀਏ ਅਤੇ ਜੋ ਇਸ ਬਾਰੇ ਇਧਰ ਕੋਈ ਇਲਜ਼ਾਮਬਾਜ਼ੀ ਕਰ ਰਹੇ ਹਾਂ, ਇਹ ਨਾ ਕਰੀਏ। ਦੁਖਾਂਤ ਸਾਰਿਆਂ ਦਾ ਹੀ ਹੈ, ਚਾਹੇ ਉਹ ਦਿੱਲੀ ਵਿੱਚ ਹੋਵੇ, ਪੰਜਾਬ ਵਿੱਚ ਹੋਵੇ ਜਾਂ ਕਾਨਪੁਰ ਵਿੱਚ ਹੋਵੇ, ਉਹ ਦੁਖਾਂਤ ਹੈ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

> "ਕਿ ਮਿਤੀ 23 ਮਈ ਤੋਂ 23 ਜੁਲਾਈ, 1914 ਤੱਕ ਅਜ਼ਾਦੀ ਦੀ ਮੰਗ ਕਰਨ ਵਾਲੇ ਭਾਰਤੀਆਂ ਦੇ ਜਹਾਜ਼ ਨੂੰ ਕੈਨੇਡਾ ਦੀ ਸਰਕਾਰ ਵੱਲੋਂ ਵੈਨਕੂਵਰ ਦੇ ਘਾਟ ਤੇ ਰੋਕੇ ਰੱਖਣ ਅਤੇ ਆਖਿਰ ਜਹਾਜ਼ ਨੂੰ ਵਾਪਸ ਭਾਰਤ ਜਾਣ ਲਈ ਮਜ਼ਬੂਰ ਕੀਤਾ ਗਿਆ। ਭਾਰਤੀਆਂ ਨਾਲ ਭਰਿਆ ਇਹ ਜਹਾਜ਼ ਜਦੋਂ ਕਲਕੱਤਾ ਦੇ ਬਜਬਜ ਘਾਟ ਤੇ ਮਿਤੀ 29 ਸਤੰਬਰ, 1914 ਨੂੰ ਵਾਪਸ ਪਹੁੰਚਿਆ ਤਾਂ ਜ਼ਾਲਮ ਅੰਗਰੇਜ ਸਰਕਾਰ ਨੇ 19 ਅਜ਼ਾਦੀ ਘੁਲਾਟੀਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਤੇ ਅਨੇਕਾਂ ਨੂੰ ਜੇਲ੍ਹ ਦੀ ਕਾਲ ਕੋਠੜੀ ਵਿੱਚ ਡੱਕ ਦਿੱਤਾ। ਇਹ ਸਦਨ ਸਰਬਸੰਮਤੀ ਨਾਲ ਮੰਗ ਕਰਦਾ ਹੈ ਕਿ ਭਾਰਤ ਸਰਕਾਰ ਕੈਨੇਡਾ ਸਰਕਾਰ ਤੋਂ ਮੰਗ ਕਰੇ ਕਿ ਜਿਵੇਂ ਕਨੇਡੀਅਨ ਪਾਰਲੀਮੈਂਟ ਨੇ ਚੀਨੀ ਅਤੇ ਜਪਾਨੀ ਲੋਕਾਂ ਨਾਲ ਕੀਤੇ ਅਣ-ਮਨੁੱਖੀ ਵਤੀਰੇ ਲਈ ਮੁਆਫ਼ੀ ਮੰਗੀ ਹੈ ਉਸੇ ਤਰ੍ਹਾਂ ਭਾਰਤੀਆਂ ਨਾਲ ਕੀਤੇ ਮਾੜੇ ਵਿਵਹਾਰ ਸਬੰਧੀ ਵੀ ਕਨੇਡੀਅਨ ਪਾਰਲੀਮੈਂਟ ਵਿੱਚ ਮੁਆਫ਼ੀ ਮੰਗੀ ਜਾਵੇ।"

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

(2) OFFICIAL RESOLUTION REGARDING RECOMMENDATION TO THE STATE GOVERNMENT TO APPROACH THE CENTRAL GOVERNMENT TO IMPLEMENT THE RECOMMENDATIONS OF DR. SWAMINATHAN COMMITTEE CONCERNING THE FARMERS.

ਮਾਨਯੋਗ ਸਪੀਕਰ : ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> "ਕਿ ਇਹ ਸਦਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਡਾ. ਸਵਾਮੀਨਾਥਨ ਕਮੇਟੀ ਦੀਆਂ ਕਿਸਾਨਾਂ ਨਾਲ ਸਬੰਧਤ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਨੂੰ ਪਹੁੰਚ ਕਰੇ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

> "ਕਿ ਇਹ ਸਦਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਡਾ. ਸਵਾਮੀਨਾਥਨ ਕਮੇਟੀ ਦੀਆਂ ਕਿਸਾਨਾਂ ਨਾਲ ਸਬੰਧਤ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਨੂੰ ਪਹੁੰਚ ਕਰੇ।"

ਬਹਿਸ। ਹਾਂ ਜੀ, ਮੋਫਰ ਸਾਹਿਬ

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : ਸਪੀਕਰ ਸਾਹਿਬ, ਇਹ ਸਾਰੀ ਕਿਸਾਨੀ ਤੇ ਜ਼ਿਮੀਦਾਰੀ ਨਾਲ ਜੁੜਿਆ ਹੋਇਆ ਮਤਾ ਹੈ। ਸਮੇਂ-ਸਮੇਂ ਤੇ ਸੂਬੇ ਅਤੇ ਸੈਂਟਰ ਵਿੱਚ ਸਰਕਾਰਾਂ ਆਉਂਦੀਆਂ ਰਹੀਆਂ ਹਨ ਅਤੇ ਇਸ ਵਾਸਤੇ ਬੜੀ ਵੱਡੀ ਚਿੰਤਾ ਜ਼ਾਹਿਰ ਹੁੰਦੀ ਹੈ ਕਿ ਕਿਸਾਨ ਨੂੰ ਉਸ ਦੀ ਫ਼ਸਲ ਚਾਹੇ ਉਹ ਕਣਕ ਹੈ, ਝੋਨਾ ਹੈ ਜਾਂ ਗੰਨਾ ਹੈ, ਦਾ ਬਣਦਾ ਮੁੱਲ ਨਹੀਂ ਮਿਲ ਰਿਹਾ। ਹਾਊਸ ਵਿੱਚ ਤੁਸੀਂ ਦੇਖ ਰਹੇ ਹੋ, ਇਸ ਵਾਸਤੇ ਕਿੰਨਾ ਰੌਲਾ ਪੈ ਰਿਹਾ ਹੈ। ਬਕਾਇਆ ਪੇਮੈਂਟਾਂ ਦਾ ਰੌਲਾ ਪੈ ਰਿਹਾ ਹੈ, ਕੀਮਤਾਂ ਦਾ ਰੌਲਾ ਪੈ ਰਿਹਾ ਹੈ। ਡਾ. ਸਵਾਮੀਨਾਥਨ ਕਮਿਸ਼ਨ ਦੀ ਜੋ ਰਿਪੋਰਟ ਆਈ ਸੀ, ਉਸ ਵਿੱਚ ਉਨ੍ਹਾਂ ਨੇ ਬੜਾ ਕਲੀਅਰਲੀ ਮੈਂਸ਼ਨ ਕੀਤਾ ਹੈ ਕਿ ਜਿੰਨੀ ਫਸਲ ਤੇ ਲਾਗਤ ਆਉਂਦੀ ਹੈ,

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਸੀਡ ਬੀਜਣ ਤੋਂ ਲੈ ਕੇ ਪਾਣੀ ਲਗਾਉਣ ਤੱਕ, ਉਸ ਸਾਰੇ ਨੂੰ ਕੈਲਕੁਲੇਟ ਕਰਕੇ ਸਾਰਾ ਖਰਚ ਕਰਨ ਤੋਂ ਬਾਅਦ ਜਿਹੜੀ ਆਮਦਨ ਹੈ, ਉਸ ਮੁਤਾਬਿਕ ਐਮ.ਐਸ.ਪੀ. ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ ਲੇਕਿਨ ਇੰਨੇ ਸਾਲ ਹੋ ਗਏ, ਹੋਇਆ ਕੀ ਹੈ, ਹਾਲੇ ਤੱਕ ਉਸ ਪ੍ਰਤੀ ਕੋਈ ਸਿਨਸੈਰਿਟੀ ਨਹੀਂ ਦਿਖਾਈ ਗਈ। ਜ਼ਿਮੀਦਾਰ ਨਾਲ ਮਜ਼ਾਕ ਕੀਤਾ ਗਿਆ, ਉਹ ਸੁਸਾਈਡ ਕਰ ਰਹੇ ਹਨ। ਜ਼ਿਮੀਦਾਰੀ ਦਾ ਕਿਸਾਨੀ ਦਾ ਕਿੱਤਾ ਘਟਦਾ ਜਾ ਰਿਹਾ ਹੈ। ਇਸ ਨਾਲ ਇਕੱਲਾ ਕਿਸਾਨ ਹੀ ਨਹੀਂ, ਜਦੋਂ ਸਾਨੂੰ ਫ਼ਸਲ ਦੀ ਕੀਮਤ ਘੱਟ ਮਿਲੇਗੀ, ਖੇਤ ਮਜ਼ਦੂਰ ਦੀ ਦਿਹਾੜੀ ਵੀ ਉਸ ਨਾਲ ਘੱਟ ਜਾਂਦੀ ਹੈ। ਜੇਕਰ ਕਿਸਾਨ ਖੁਸ਼ਹਾਲ ਹੈ ਤਾਂ ਉਸ ਨਾਲ ਸਿਰ ਜੋੜ ਕੇ ਕੰਮ ਕਰਨ ਵਾਲੇ ਖੇਤ ਮਜ਼ਦੂਰ ਨੂੰ ਵੀ ਉਸ ਦਾ ਬਣਦਾ ਹੱਕ ਮਿਲਦਾ ਹੈ।

ਇਸ ਲਈ ਸਾਨੂੰ ਇਕੱਲਾ ਮਤਾ ਹੀ ਪਾਸ ਨਹੀਂ ਕਰਨਾ ਚਾਹੀਦਾ। ਇਹ ਬੜਾ ਸੀਰੀਅਸ ਮਤਾ ਹੈ। ਇਸ ਨੂੰ ਪਾਸ ਕਰਵਾ ਕੇ ਇਹ ਮਤਾ ਫਾਲੋ-ਅੱਪ ਕਰਨਾ ਚਾਹੀਦਾ ਹੈ, ਦਿੱਲੀ ਤੱਕ ਜਾ ਕੇ ਸੈਂਟਰ ਸਰਕਾਰ ਕੋਲ ਭੇਜਣਾ ਚਾਹੀਦਾ ਹੈ ਕਿਉਂਕਿ ਪੰਜਾਬ ਸਰਕਾਰ ਸਭ ਤੋਂ ਵੱਡਾ ਹਿੱਸਾ 50% ਸੈਂਟਰਲ ਪੂਲ ਵਿੱਚ ਪਾਉਂਦੀ ਹੈ। ਚਾਹੇ ਉਹ ਕਣਕ ਹੈ, ਚਾਹੇ ਝੋਨਾ ਹੈ। ਇਸ ਨੂੰ ਦੇਖਦੇ ਹੋਏ ਸਾਰਾ ਕੁਝ ਕਰਨਾ ਬਹੁਤ ਜ਼ਰੂਰੀ ਹੈ। ਜਿਵੇਂ ਅਸੀਂ ਦੇਖ ਰਹੇ ਹਾਂ ਕਿ ਜਿਹੜੇ ਬਾਹਰਲੇ ਕੰਟਰੀ ਹਨ, ਭਾਵੇਂ ਅਮਰੀਕਾ, ਕੈਨੇਡਾ ਹੈ, ਉਥੋਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਇੰਨੀ ਸਬਸਿਡੀ ਦਿੰਦੀਆਂ ਹਨ ਕਿ ਜੇਕਰ ਕਿਸਾਨ ਦੀ ਫਸਲ ਦਾ ਨੁਕਸਾਨ ਹੋ ਜਾਂਦਾ ਹੈ ਤਾਂ 30% ਸਬਸਿਡੀ ਦਿੱਤੀ ਜਾਂਦੀ ਹੈ।

*12.49 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮੈਂਬਰ, ਪੈਨਲ ਆਫ਼ ਚੇਅਰਮੈਨ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਲੇਕਿਨ ਇੱਥੇ ਕੀ ਹੈ? ਗੜ੍ਹੇਮਾਰੀ ਹੋ ਜਾਂਦੀ ਹੈ, ਇੰਨਾ ਫਸਲਾਂ ਦਾ ਨੁਕਸਾਨ ਹੋ ਜਾਂਦਾ ਹੈ ਪਰੰਤੂ ਉਸ ਬਾਰੇ ਸਿਵਾਏ ਬਿਆਨ ਦੇਣ ਤੋਂ ਅੱਜ ਤੱਕ ਲੋਕਾਂ ਦੀਆਂ ਜੇਬਾਂ ਵਿੱਚ ਪੈਸਾ ਨਹੀਂ ਪਿਆ। ਕੋਈ ਵੀ ਇਸ ਚੀਜ਼ ਬਾਰੇ ਸਵੈ-ਬਿਆਨ ਦੇਣ ਤੋਂ ਅੱਜ ਤੱਕ ਲੋਕਾਂ ਦੀ ਜੇਬ ਵਿੱਚ ਪੈਸਾ ਨਹੀਂ ਪਿਆ। ਚੇਅਰਮੈਨ ਸਾਹਿਬ, ਤੁਸੀਂ ਦੇਖ ਰਹੇ ਹੋ, ਕਿਸ ਤਰੀਕੇ ਨਾਲ ਜਦੋਂ ਚੈੱਕ ਆਉਂਦੇ ਹਨ ਤਾਂ ਜ਼ਿਮੀਦਾਰਾਂ ਨਾਲ ਮਜ਼ਾਕ ਕੀਤਾ ਜਾਂਦਾ ਹੈ, ਉਨ੍ਹਾਂ ਨੂੰ 10-10 ਤੇ 20-20 ਰੁਪਏ ਦੇ ਚੈੱਕ

ਮਿਲਦੇ ਹਨ। ਦੇਖੋ, ਗਰੀਬ ਨਾਲ ਇਹ ਕੀ ਹੋ ਰਿਹਾ ਹੈ? ਇੱਕ ਤਾਂ ਉਸ ਦਾ ਨੁਕਸਾਨ ਹੋ ਜਾਂਦਾ ਹੈ ਤੇ ਪਰਿਵਾਰ ਰੁਲ ਜਾਂਦਾ ਹੈ। ਸਰਕਾਰਾਂ ਉਸ ਦੇ ਉਤੇ ਚੁੱਪ ਧਾਰ ਲੈਂਦੀਆਂ ਹਨ। ਕੋਈ ਦਿੱਲੀ ਦੇ ਮੋਢਿਆਂ ਤੇ ਸੁੱਟ ਦਿੰਦਾ ਹੈ, ਕੋਈ ਕਹਿ ਦਿੰਦਾ ਹੈ ਸਾਡੀ ਆਪੋਜੀਸ਼ਨ ਸਾਡੇ ਤੇ ਬੜੀ ਤਲਖੀ ਕਰ ਰਹੀ ਹੈ, ਰੂਲਿੰਗ ਬੈਂਚਿਜ ਕਹਿ ਰਹੇ ਹਨ ਕਿ ਅਸੀਂ ਤਾਂ ਸਿਰਫ 3500 ਰੁਪਿਆ ਪ੍ਰਤੀ ਏਕੜ ਦੇ ਸਕਦੇ ਹਾਂ। ਤੁਸੀਂ ਦਿੱਲੀ ਤੋਂ ਡਿਮਾਂਡ ਕਰਦੇ ਹੋ, ਫਿਰ ਉਹ ਤੁਹਾਡੀ ਡਿਮਾਂਡ ਰੁਲ ਕਿਉਂ ਜਾਂਦੀ ਹੈ? ਪਹਿਲਾਂ ਤਾਂ ਸਾਡੇ ਤੇ ਇਲਜ਼ਾਮ ਲੱਗੀ ਜਾਂਦਾ ਰਿਹਾ ਹੈ ਕਿ ਯੂ.ਪੀ.ਏ. ਸਰਕਾਰ ਹੈ, ਇਸ ਨੇ ਮਾਰ ਦਿੱਤਾ ਹੈ ਅਤੇ ਹੋਰ ਵੀ ਬਹੁਤ ਕੁਝ ਇਸ ਬਾਰੇ ਕਿਹਾ ਗਿਆ ਹੈ। ਮੇਰਾ ਖਿਆਲ ਹੈ ਕਿ ਸੈਂਟਰ ਵਿੱਚ ਜਿੰਨੀ ਵਾਰ ਯੂ.ਪੀ.ਏ. ਸਰਕਾਰ ਆਈ ਹੈ, ਐਮ.ਐਸ.ਪੀ. ਜਿਸ ਤਰੀਕੇ ਨਾਲ ਕਣਕ ਤੇ ਝੋਨੇ ਤੇ ਦਿੱਤਾ ਗਿਆ ਹੈ, ਤੁਸੀਂ ਕੈਲਕੁਲੇਟ ਕਰ ਲਉ। ਜੇ ਸ਼੍ਰੀ ਮੋਰਾਰਜੀ ਦੇਸਾਈ ਦੀ ਸਰਕਾਰ ਆਈ, ਐਨ.ਡੀ.ਏ. ਦੀ ਸਰਕਾਰ ਦੁਬਾਰਾ ਆਈ, ਵਾਜਪਾਈ ਜੀ ਦੀ ਸਰਕਾਰ ਆਈ ਅਤੇ ਹੁਣ ਫਿਰ ਤੁਹਾਡੀ ਸਰਕਾਰ ਆਈ ਹੈ। ਹੁਣ ਦੇਖ ਲਵੋ ਕਿ ਕਿਸਾਨ ਨੂੰ ਕਿੰਨੀ ਕੁ ਐਮ.ਐਸ.ਪੀ. ਦੇ ਦਿੱਤੀ ਹੈ? ਜਦੋਂ ਕਿ ਇੰਨਾ ਵੱਡਾ ਮੈਨਡੇਟ ਪ੍ਰਾਈਮ ਮਨਿਸਟਰ ਨੂੰ ਮਿਲਿਆ ਹੈ। ਪ੍ਰਾਈਮ ਮਨਿਸਟਰ ਦਾ ਫਰਜ਼ ਬਣਦਾ ਸੀ ਕਿਉਂਕਿ ਸਾਰਾ ਹਿੰਦਸਤਾਨ 70% ਖੇਤੀ ਤੇ ਨਿਰਭਰ ਕਰਦਾ ਹੈ। ਉਨ੍ਹਾਂ ਨੂੰ ਕਿਸਾਨਾਂ ਦਾ ਮਾਣ ਰੱਖਣਾ ਚਾਹੀਦਾ ਸੀ ਅਤੇ ਆਉਣ ਸਾਰ ਉਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ ਮੈਂ ਜਿਹੜਾ ਹੁਣ ਕਣਕ ਦਾ ਮੁੱਲ ਆ ਰਿਹਾ ਹੈ, ਘੱਟੋ ਘੱਟ 200 ਰੁਪਿਆ ਮੈਂ ਇਹ ਵਧਾ ਦੇਣਾ ਹੈ, ਭਾਵ ਕਿ ਇਕ ਵਾਰੀ ਉਨ੍ਹਾਂ ਨੂੰ ਦਿਖਾ ਦੇਣਾ ਚਾਹੀਦਾ ਸੀ ਕਿ ਉਹ ਸਾਰੀਆਂ ਸਰਕਾਰਾਂ ਤੋਂ ਉਪਰ ਦੀ ਕੰਮ ਕਰ ਰਹੇ ਹਨ। ਕਾਰਪੋਰੇਟ ਸੈਕਟਰ ਨਾਲ ਤਾਂ ਬੜਾ ਪਿਆਰ ਹੋਇਆ ਹੈ ਜੀ। ਤੁਹਾਡੀ ਸ਼ੇਅਰ ਮਾਰਕੀਟ ਵੀ ਛਾਲਾਂ ਮਾਰ ਰਹੀ ਹੈ, ਅਰਬਾਂਪਤੀ ਤੇ ਕਰੋੜਾਂਪਤੀ ਅੱਗੇ ਵਧ ਰਹੇ ਹਨ, ਆਪਾਂ ਤਾਂ ਕੈਲਕੁਲੇਟ ਵੀ ਨਹੀਂ ਕਰ ਸਕਦੇ। ਇਥੇ ਤਾਂ ਜੇ ਐਮ.ਐਲ.ਏਜ਼ ਦੀਆਂ ਤਨਖਾਹਾਂ ਵਧਣ ਦੀ ਗੱਲ ਆ ਜਾਂਦੀ ਹੈ, ਮੈਂ ਉਸ ਦਿਨ ਵੀ ਕਿਹਾ ਸੀ ਤਾਂ ਕਿੰਨਾ ਰੌਲਾ ਪੈ ਜਾਂਦਾ ਹੈ। ਕੀ ਗੱਲ ਹੈ, ਅਸੀਂ ਕੋਈ ਮਜ਼ਦੂਰੀ ਤਾਂ ਕਰਦੇ ਨਹੀਂ, ਲੋਕ ਸਾਨੂੰ ਚੁਣ ਕੇ ਭੇਜਦੇ ਹਨ। ਸੋ, ਇਹ ਜਿਹੜਾ ਐਮ.ਐਸ.ਪੀ. ਦਾ ਮਸਲਾ ਹੈ, ਜੋ ਸਵਾਮੀਨਾਥਨ ਜੀ ਨੇ ਆਪਣੀ ਰਿਪੋਰਟ ਭੇਜੀ ਹੈ, ਉਸ ਨੂੰ ਪੂਰਾ ਲਾਗੂ ਕਰਨਾ ਚਾਹੀਦਾ ਹੈ। ਸਰਕਾਰ

ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਕਣਕ ਦੀ ਫਸਲ ਆਉਣ ਤੋਂ ਪਹਿਲਾਂ ਸਰਕਾਰ ਵੱਲੋਂ ਜ਼ਰੂਰ ਕੋਈ ਮਤਾ ਪਾਸ ਕਰਕੇ ਰਿਜ਼ਲਟ ਦਿਖਾਉਣਾ ਚਾਹੀਦਾ ਹੈ। ਅਸੀਂ ਫਿਰ ਮੰਨਾਂਗੇ ਕਿ ਸਾਡੀ ਆਪਣੀ ਅਕਾਲੀ ਦਲ ਦੀ ਸਰਕਾਰ ਹੈ, ਕਿਸਾਨ ਵਾਸਤੇ 100 ਰੁਪਿਆ ਬੋਨਸ ਲੈ ਕੇ ਆਈ ਹੈ। ਅਸੀਂ ਵੀ ਫਿਰ ਕੁਝ ਨਾ ਕੁਝ ਤੁਹਾਡੇ ਵਾਸਤੇ ਕਹਿ ਸਕੀਏ। ਸੋ, ਮੈਂ ਇਸ ਮਤੇ ਨੂੰ ਬਹੁਤ ਸੋਹਣੇ ਢੰਗ ਨਾਲ ਕਹਿੰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ ਔਰ ਇਸ ਦੀ ਪੈਰਵਾਈ ਕੀਤੀ ਜਾਵੇ। ਇਹ ਨਾ ਹੋਵੇ ਕਿ ਜਿਵੇਂ ਮਤੇ ਇਥੇ ਪਾਸ ਹੋ ਜਾਂਦੇ ਹਨ, ਉਹ ਇਥੇ ਹੀ ਰਹਿ ਜਾਂਦੇ ਹਨ। ਇਸ ਦੇ ਉਤੇ ਸਾਨੂੰ ਪੂਰਾ ਸਟੈਂਡ ਲੈਣਾ ਚਾਹੀਦਾ ਹੈ ਔਰ ਜ਼ਿਮੀਂਦਾਰਾਂ ਦੀ ਰਾਖੀ ਕਰਨੀ ਚਾਹੀਦੀ ਹੈ। ਸਰਕਾਰ ਦਾ ਇਹ ਮੁੱਢਲਾ ਫਰਜ਼ ਹੈ, ਬਹੁਤ ਬਹੁਤ ਧੰਨਵਾਦ।

ਸ਼੍ਰੀ ਸੁਨੀਲ ਜਾਖੜ (ਅਬੋਹਰ) : ਚੇਅਰਮੈਨ ਸਾਹਿਬ, ਮੈਨੂੰ ਬਹੁਤ ਖੁਸ਼ੀ ਹੈ, ਬਹੁਤ ਸਾਰੇ ਅਸੀਂ ਇਸ਼ੂਜ਼ ਸਪੀਕਰ ਸਾਹਿਬ ਨੂੰ ਦਿੱਤੇ ਸੀ, finally he has consented to one, ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ that you are in the Chair when discussion is taking place. ਉਸ ਦਿਨ ਮੈਂ ਬੜੇ ਧਿਆਨ ਨਾਲ ਤੁਹਾਨੂੰ ਸੁਣ ਰਿਹਾ ਸੀ। You have raised this issue during your participation in the budget debate. ਚੇਅਰਮੈਨ ਸਾਹਿਬ, ਤੁਸੀਂ ਇੱਕ ਬਹੁਤ ਹੀ ਇੰਟਰਸਟਿੰਗ ਨੋਟਿਸ ਕੀਤਾ ਹੋਣਾ ਹੈ ਕਿ ਇਹ ਜਿਹੜਾ ਰੈਜੋਲਿਊਸ਼ਨ ਮੂਵ ਕੀਤਾ ਗਿਆ ਹੈ, ਸਾਡੇ ਬੀ.ਜੇ.ਪੀ. ਦੇ ਸੀਨੀਅਰ ਮੋਸਟ ਲੀਡਰ ਸਾਹਿਬ ਨੇ ਕੀਤਾ ਹੈ। I would also like to hear BJP's stand on this issue, ਕਿਉਂਕਿ ਇਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਜਾ ਕੇ, ਇਨ੍ਹਾਂ ਦੀ ਸਰਕਾਰ ਹੈ, they kept on promising, ਮਈ, 2014 ਤੋਂ ਪਹਿਲਾਂ ਸਾਡੀ ਸਰਕਾਰ ਬਣਦੀ ਹੈ, ਅਸੀਂ ਕਿਸਾਨਾਂ ਲਈ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਲਾਗੂ ਕਰਾਂਗੇ, ਇਸੇ ਗੱਲ ਨੂੰ ਲੈ ਕੇ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ, ਸਾਡੀ ਅਕਾਲੀ ਪਾਰਟੀ ਅਤੇ ਕਿਸਾਨਾਂ ਵਿੱਚ ਇੱਕ ਉਤਸ਼ਾਹ ਸੀ ਕਿ ਐਤਕੀਂ ਕੰਮ ਬਣ ਗਿਆ ਹੈ ਅਤੇ ਇਹ ਜ਼ਰੂਰ ਕਰਕੇ ਦੇਣਗੇ। But reality is different; they went to the Supreme Court. The Government gave an affidavit. It is simply not possible. ਕਿਉਂ ਇਹ ਨੌਬਤ ਆ ਰਹੀ ਹੈ? ਉਸ ਦਿਨ ਵੀ ਭੰਡਾਰੀ ਸਾਹਿਬ ਬੈਠੇ ਸੀ, ਉਨ੍ਹਾਂ ਨੇ ਆਪਣਾ ਖਦਸ਼ਾ ਜ਼ਾਹਿਰ

ਕੀਤਾ ਸੀ, he raised very pertinent issue ਕਹਿੰਦੇ ਕਿ ਹਰ ਟਾਈਮ ਕਿਸਾਨਾਂ ਦੀ ਗੱਲ ਕਰੀ ਜਾਂਦੇ ਹੋ, 6000 ਕਰੋੜ ਰੁਪਏ ਦੀ ਸਬਸਿਡੀ ਦੇਈ ਜਾਂਦੇ ਹੋ, ਇੱਥੇ ਡੈਮੋਕਰੇਸੀ ਹੈ, ਉਨ੍ਹਾਂ ਨੇ ਆਪਣੀ ਗੱਲ ਕਹਿ ਦਿੱਤੀ। ਮਾਨਯੋਗ ਪ੍ਰਧਾਨ ਮੰਤਰੀ ਇੱਥੇ ਆਏ ਸੀ, the main thrust of his address to the State was pointed towards farmer, ਉਨ੍ਹਾਂ ਨੇ ਬੜੀਆਂ ਨਸੀਹਤਾਂ ਦਿੱਤੀਆਂ ਤੇ ਕਿਹਾ ਕਿ this is what we are doing wrong, he shared his concern ਕਿ ਤੁਸੀਂ ਲੋਕਾਂ ਨੇ ਪੰਜਾਬ ਦਾ ਕਰ ਕੀ ਰੱਖਿਆ ਹੈ, ਉਨ੍ਹਾਂ ਨੇ depleting water resources, excess use of fertilizer and everything, ਹਰ ਚੀਜ਼ ਬਾਰੇ ਗੱਲ ਕੀਤੀ, ਹੈੱਲਥ ਕਾਰਡ ਦੀ ਵੀ ਚਰਚਾ ਚੱਲ ਰਹੀ ਹੈ। Why are all these concerns, ਕਿਤੇ ਨਾ ਕਿਤੇ ਤਾਂ ਕੋਈ ਗੱਲ ਹੋਣੀ ਹੈ, why is it? ਇਥੇ ਸਾਡੇ ਸਾਥੀਆਂ ਨੇ ਕਿਹਾ ਹੈ ਕਿ ਕੋਈ ਵੀ ਜਵਾਨ ਮੁੰਡਾ ਖੇਤੀਬਾੜੀ ਕਰਕੇ ਰਾਜ਼ੀ ਨਹੀਂ, ਚਾਹੇ 10 ਕਿੱਲੇ ਪੈਲੀ ਹੋਵੇ, ਉਸਦਾ ਪਿਓ ਵੀ ਆ ਕੇ ਐਮ.ਐਲ.ਏ. ਕੋਲ ਕਹਿੰਦਾ ਹੈ ਕਿ ਮੇਰੇ ਮੁੰਡੇ ਨੂੰ ਕਿਤੇ ਫਿੱਟ ਕਰਵਾ ਦਿਓ, ਕਿਤੇ ਅੜਾ ਦਿਓ ਨਹੀਂ ਤਾਂ ਉਸ ਨੇ ਡਰੱਗ ਵਾਲੇ ਪਾਸੇ ਲੱਗ ਜਾਣਾ ਹੈ। ਕਿਤੇ ਚਪੜਾਸੀ ਹੀ ਲਗਵਾ ਦਿਓ it's not a matter of how much we are producing , it's not a matter of quantity, my question is that is it viable to produce? ਖੇਤੀਬਾੜੀ ਹੁਣ ਲਾਹੇਵੰਦ ਨਹੀਂ ਰਹੀ। ਮੈਂ ਬਜਟ ਤੇ ਬੋਲਦਿਆਂ ਵੀ ਕਿਹਾ ਸੀ, ਉਸ ਸਮੇਂ ਢੀਂਡਸਾ ਸਾਹਿਬ ਨੇ ਵੀ ਕਿਹਾ ਸੀ ਕਿ ਹਾਂ ਬਿਲਕੁਲ ਠੀਕ ਹੈ। ਚੇਅਰਮੈਨ ਸਾਹਿਬ, ਇਥੇ ਗੰਨੇ ਅਤੇ ਆਲੂਆਂ ਦੀ ਵੀ ਗੱਲ ਕੀਤੀ ਗਈ ਹੈ, ਆਲੂ ਤਾਂ ਹਰ ਸਾਲ ਰੁਲਦਾ ਹੈ। This is a recurring phenomenon. My father was Leader of the Opposition when he was in this House. ਮੈਂ 1970 ਦੀ ਗੱਲ ਕਰ ਰਿਹਾ ਹਾਂ, ਉਸ ਸਮੇਂ ਉਨ੍ਹਾਂ ਨੇ ਇਕ ਗੱਲ ਸੁਣਾਈ ਸੀ ਕਿ ਰਾਤ ਨੂੰ ਜੱਟ ਡਾਂਗ ਲੈ ਕੇ ਖੇਤਾਂ ਵਿਚ ਬੈਠਾ ਸੀ ਤਾਂ ਉਸ ਨੂੰ ਕਿਸੇ ਨੇ ਪੁੱਛਿਆ ਕਿ ਤੂੰ ਰਾਤ ਨੂੰ ਬੈਠਾ ਕਿਸ ਦੀ ਰਾਖੀ ਕਰ ਰਿਹਾ ਹੈ ? ਆਲੂ ਤਾਂ ਬਹੁਤ ਸਸਤੇ ਹਨ, ਇਨ੍ਹਾਂ ਨੂੰ ਕੌਣ ਪੁੱਟ ਕੇ ਲੈ ਜਾਵੇਗਾਂ। ਉਹ ਕਹਿੰਦਾ ਕਿ ਮੈਂ ਤਾਂ ਇਸ ਕਰਕੇ ਬੈਠਾ ਹਾਂ ਕਿ ਕਿਤੇ ਕੋਈ ਹੋਰ ਆਲੂਆਂ ਦੀ ਟਰਾਲੀ ਇਥੇ ਨਾ ਸੁੱਟ ਜਾਵੇ। I am quoting 40 years ago. ਅੱਜ ਵੀ ਕਿਸਾਨ ਉਸੇ ਹਾਲਾਤ ਨਾਲ ਜੂਝ ਰਿਹਾ ਹੈ। I don't know whether it is parliamentary

[ਸ਼੍ਰੀ ਸੁਨੀਲ ਜਾਖੜ]

or not, ਤੁਸੀਂ ਸਾਰੇ ਬੈਠੇ ਹੋ, ਜਦੋਂ ਕੋਈ ਵਿਚਾਰਾ ਭੁੱਖਾ ਹੱਡ ਚਬਾਂਦਾ ਹੈ, ਮਾਸ ਤਾਂ ਹੁੰਦਾ ਨਹੀਂ ਤਾਂ ਉਸ ਦੇ ਆਪਣੇ ਮਸੂੜਿਆਂ ਤੋਂ ਜਿਹੜਾ ਖੂਨ ਨਿਕਲਦਾ ਹੈ that is what the farmer is doing, ਉਸਦਾ ਆਪਣਾ ਖੂਨ ਹੀ ਨਿਕਲੀ ਜਾਂਦਾ ਹੈ ਪਰ ਉਸ ਨੂੰ ਲਗਦਾ ਹੈ ਕਿ ਉਹ ਮਾਸ ਖਾ ਰਿਹਾ ਹੈ। Tragedy is, ਭੰਡਾਰੀ ਸਾਹਿਬ ਨੇ ਐਫ.ਸੀ.ਆਈ. ਬੰਡਲਿੰਗ ਦੀ ਗੱਲ ਕੀਤੀ ਸੀ, You had shared the same concern ਕਿ ਕਿਤੇ ਛੇੜ ਨਾ ਲਿਓ, ਪੰਜਾਬ ਵਿਚ ਹਾਹਾਕਾਰ ਮੱਚ ਜਾਵੇਗੀ । ਸਰਕਾਰ ਕਿਸਾਨਾਂ ਨੂੰ 6 ਹਜ਼ਾਰ ਕਰੋੜ ਦੇ ਕਰੀਬ ਸਬਸਿਡੀ ਦੇ ਰਹੀ ਹੈ। It is a matter of looking at things. ਮਜੀਠੀਆ ਸਾਹਿਬ ਬੈਠੇ ਹਨ, I know very well, the very first day he first spoke as an MLA ਇਨ੍ਹਾਂ ਨੇ ਕਿਹਾ ਸੀ ਕਿ ਨਜ਼ਰੀਆ ਬਦਲੋ, ਨਜ਼ਾਰੇ ਬਦਲ ਜਾਏਂਗੇ। ਭੰਡਾਰੀ ਸਾਹਿਬ ਵੀ ਬੈਠੇ ਹਨ, ਮੈਂ ਕਹਿੰਦਾ ਹਾਂ ਕਿ ਨਜ਼ਰੀਆ ਬਦਲੋ। ਜਿਹੜਾ ਹੁਣ ਕੇਂਦਰ ਜੀ.ਐਸ.ਟੀ. ਲਿਆਉਣ ਦੀ ਗੱਲ ਕਰ ਰਹੀ ਹੈ Why are the States against it? ਬਿਹਾਰ ਅਤੇ ਝਾਰਖੰਡ ਵਰਗੀਆਂ ਸਟੇਟਾਂ ਆਪਣੇ ਕੋਇਲੇ ਤੇ ਰਾਇਲਟੀ ਲੈਂਦੀਆਂ ਹਨ। ਆਪਣੇ ਕੋਲ ਨਾ ਤਾਂ ਕੋਇਲਾ ਹੈ ਅਤੇ ਨਾ ਹੀ ਕੋਈ ਹੋਰ ਮਿਨਰਲ ਹੈ। ਆਪਣੇ ਕੋਲ ਤਾਂ ਸਾਡੇ ਕਿਸਾਨ ਦਾ ਖੂਨ ਪਸੀਨਾ ਹੀ ਮਿਨਰਲ ਹੈ। ਉਹ ਰਾਇਲਟੀ ਕਿਨ੍ਹਾਂ ਨੂੰ ਜਾਂਦੀ ਹੈ, ਇਹ ਰਾਇਲਟੀ ਇਨ੍ਹਾਂ ਨੂੰ ਜਾਂਦੀ ਹੈ, Royalty in the form of purchase Tax, ਜਿਹੜਾ ਪਰਚੇਜ਼ ਟੈਕਸ ਵਾਲਾ ਬਵੰਡਰ ਖੜ੍ਹਾ ਹੋਇਆ ਹੈ ਕਿ we are not charging it to the farmers, we are charging it to the FCI, it is a wrong notion. You look at it from the farmers' point of view. ਇਥੇ 1400 ਰੁਪਏ ਦੀ ਹੈ ਪਰ ਇਹ ਖਰੀਦ ਐਫ.ਸੀ.ਆਈ. ਨੂੰ ਸਤਾਰਾ-ਅਠਾਰਾਂ ਸੌ ਰੁਪਏ ਵਿਚ ਪੈਂਦੀ ਹੈ। ਸਭ ਤੋਂ ਜ਼ਿਆਦਾ 14 ਫੀਸਦੀ ਟੈਕਸ ਅਸੀਂ ਲਗਾਇਆ ਹੈ। ਉਹ ਤਾਂ ਕਹਿੰਦੇ ਹਨ ਕਿ ਸਾਡੇ ਤੋਂ ਕੰਪੋਜ਼ਿਟ ਲੈ ਲਓ, ਇਹ ਵੀ ਥੋੜ੍ਹੇ ਦਿਨਾਂ ਨੂੰ ਹੋਣ ਵਾਲਾ ਹੈ, that is also a part of Shanta Kumar's Report. I would have very much liked ਤੁਸੀਂ ਤਾਂ ਕਹਿ ਦਿੰਦੇ ਹੋ ਕਿ we are against it, let us have a debate on this issue, may be we are not aware, make us aware ਇਥੇ ਬਿਠਾ ਕੇ ਡਿਸਕਸ਼ਨ ਕਰਵਾ ਲਓ ਕਿ ਤੁਹਾਡੇ ਇਹ ਖਦਸ਼ੇ ਗਲਤ ਹਨ। The first act, the day this government came Mr. Paswan, who is the Food Minister, ਉਨ੍ਹਾਂ ਨੇ ਸਭ ਤੋਂ

ਪਹਿਲਾਂ ਰਾਜਸਥਾਨ ਨੂੰ ਚਿੱਠੀ ਕੱਢੀ ਸੀ। ਰਾਜਸਥਾਨ ਵਾਲਿਆਂ ਨੇ ਕਣਕ ਤੇ ਬੋਨਸ ਦਿੱਤਾ ਸੀ। ਉਥੇ ਚਾਹੇ ਕਿਸੇ ਦੀ ਵੀ ਸਰਕਾਰ ਸੀ ਪਰ ਕਿਸਾਨਾਂ ਦੇ ਭਲੇ ਦੀ ਗੱਲ ਕੀਤੀ ਜਾ ਰਹੀ ਸੀ। ਉਥੇ ਪਾਸਵਾਨ ਸਾਹਿਬ ਨੇ ਕਿਹਾ that if you pay this bonus, FCI is not going to purchase a single grain from you. They are penalizing rather than praising ਉਹ ਬੋਨਸ ਇਸ ਕਰਕੇ ਦੇ ਰਹੇ ਸੀ, ਕਿਉਂਕਿ ਕਿਸਾਨ ਨੂੰ ਵਾਰਾ ਨਹੀਂ ਖਾਂਦਾ ਸੀ। ਉਹ ਕਹਿੰਦੇ ਹਨ ਕਿ 40 ਮਣ ਝਾੜ ਹੋਇਆ ਪਰ ਉਸ ਵਿਚ ਕਿਸਾਨ ਦਾ ਹੀ ਖੂਨ ਪਸੀਨਾ ਲੱਗਿਆ ਹੈ। No other profession, ਇਥੇ ਇੰਡਸਟਰੀਲਿਸਟ ਬੈਠੇ ਹਨ, ਆਸ਼ੂ ਜੀ ਬੈਠੇ ਹਨ, ਰਾਣਾ ਜੀ ਬੈਠੇ ਹਨ। You always take your capital costs into it. Anything, fixed charges, Hon'ble Deputy C.M Sahib has also said that we have to pay the fixed charges, they have invested money, ਸਾਡਾ ਫਿਕਸਡ ਕੈਪੀਟਲ ਐਸਟਸ ਕੀ ਹੈ? What is our fixed asset. Our fixed asset is our land. Our variable cost depends on my own labour ਜਿਹੜੀ ਮੇਰੀ ਇੰਪਲਾਇਮੈਂਟ ਹੈ। ਉਹ ਨਾ ਮੇਰੀ ਦਿਹਾੜੀ ਗਿਣਦੇ ਹਨ, ਨਾ ਮੇਰੀ ਜ਼ਮੀਨ ਦੀ ਕੀਮਤ। ਜਿਸ ਦਿਨ ਤੁਸੀਂ ਜ਼ਮੀਨ ਦੀ ਕੀਮਤ ਦੇ ਉੱਤੇ ਕੈਪੀਟਲ ਕਾਸਟ ਲਗਾਉਣ ਲੱਗ ਗਏ, ਇਹ ਜਿਹੜੇ ਹੈਲਥ ਕਾਰਡ ਸਾਨੂੰ ਸਿਖਾਉਣ ਆਏ ਹਨ, ਜਿਹੜੇ ਆ ਕੇ ਭਾਸ਼ਨ ਦਿੰਦੇ ਹਨ ਕਿ ਅਸੀਂ ਹੈਲਥ ਕਾਰਡ ਬਣਾ ਕੇ ਦਿਆਂਗੇ। ਹੈਲਥ ਕਾਰਡ ਦੇ ਨਾਲ ਡੈਪਰੀਸ਼ੀਏਸ਼ਨ ਲਗਾਉਣੀ ਚਾਲੂ ਕਰ ਦਿਓ। We have depleted the minerals and salts from the soil, now we are doing our agriculture based on fertilizers, ਜਿੰਨਾ ਅਸੀਂ ਪਾਉਂਦੇ ਹਾਂ, ਉਨ੍ਹਾਂ ਹੀ ਕੱਢ ਲੈਂਦੇ ਹਾਂ। ਇਨ੍ਹਾਂ ਨੇ ਮੈਨੂੰ ਕਹਿ ਦਿੱਤਾ ਕਿ ਤੁਸੀਂ ਸਾਬਾਸ਼ ਦਿਉ। ਇਹ ਦੱਸ ਦਿਉ ਕਿ ਪਹਿਲਾਂ ਕਿਤੇ ਹੋਇਆ ਹੈ ਕਿ ਯੂਰੀਆ ਦੀ ਵੰਡ ਦੇ ਉਤੇ ਡਾਂਗਾਂ ਚੱਲੀਆਂ ਹੋਣ। ਇਹ ਕਿਸ ਦੀ ਜ਼ਿੰਮੇਵਾਰੀ ਹੈ? ਯੂਰੀਆ ਕੌਣ ਦੇਵੇਗਾ? ਕਿਸਾਨ ਨੇ ਤਾਂ ਇੰਪੋਰਟ ਕਰਨੀ ਨਹੀਂ ਹੈ। ਜਿਹੜੇ ਫੈਡਰੇਲਿਜ਼ਮ ਦੀ ਗੱਲ ਕਰਦੇ ਹਨ, Government says you import Urea, ਯੂ.ਪੀ. ਵਾਲੇ ਮੰਗਵਾਈ ਬੈਠੇ ਹਨ। Every year it happens. Every year we know what our requirements for Urea are? ਉਨ੍ਹਾਂ ਤੇ ਛੱਡ ਦਿਓ ਉਹ ਲੈ ਕੇ ਆਉਣਗੇ, ਸਾਡੇ ਕੋਲ ਪਤਾ ਨਹੀਂ ਪੈਸੇ ਹਨ ਕਿ ਨਹੀਂ ਹਨ? We

[ਸ਼੍ਰੀ ਸੁਨੀਲ ਜਾਖੜ]

are not prepared. ਕਿਸਾਨ ਨੂੰ ਤਾਂ ਇਸਤੇਮਾਲ ਕਰਦੇ ਹਾਂ। We have taken it as ਕਿ ਠੀਕ ਹੈ ਕਿ ਸਾਡੇ ਕੋਲ ਇਹ ਕਿਸਾਨ mascot ਹੈ। ਕਿਸਾਨ ਨੇ ਸਾਰੀ ਦੁਨੀਆਂ ਦਾ ਤਾਂ ਢਿੱਡ ਭਰ ਦਿੱਤਾ ਪਰ ਕਿਸਾਨ ਦਾ ਵੀ ਤਾਂ ਢਿੱਡ ਭਰੋ। ਜੇਬ ਨਾ ਭਰੋ। ਜਿਹੜਾ ਕਹਿੰਦੇ ਹੋ ਕਿ self sustainable. ਉਹ ਵਿਚਾਰਾ ਸਬਜ਼ੀ ਖਾਏਗਾ। ਕਿਥੇ ਉਹ ਸਬਜ਼ੀ ਲਾਏਗਾ, ਕਿਥੇ ਉਹ ਕਣਕ ਲਾਏਗਾ, ਕਿਥੇ ਉਹ ਸਟੋਰ ਕਰੇਗਾ, We are exploiting his weaknesses because he does not have a storage facility, no cash credit limit is given to him. ਚੇਅਰਮੈਨ ਸਾਹਿਬ, ਬਹੁਤ ਹੀ ਕੰਪਲੈਕਸ ਇਸ਼ੂ ਹੈ I am not saying that ਇਸ ਦਾ ਹੱਲ ਤੁਸੀਂ ਕੱਢ ਦਿਓਗੇ, ਮੈਂ ਕੱਢ ਦਿਆਂਗਾ, but we should appreciate what the farmer is going through, he is paying through blood and sweat. We should respect him. ਜ਼ਮੀਨਾਂ ਐਕੁਆਇਰ ਕਰ ਲਓ, ਉਹ ਵੀ ਤੁਸੀਂ ਲੈ ਜਾਓਗੇ। ਚੇਅਰਮੈਨ ਸਾਹਿਬ, ਟੈਰੀਕੋਟ ਦੀ ਫੈਕਟਰੀ ਲੱਗੇ ਨਾ ਲੱਗੇ, ਕੰਪਿਊਟਰ ਬਣਾਓ ਚਾਹੇ ਨਾ ਬਣਾਓ। ਜਦੋਂ ਤੱਕ ਕੋਈ ਸਿੰਥੈਟਿਕ ਫੂਡ ਤੁਹਾਨੂੰ ਅਵੇਲੇਬਲ ਨਹੀਂ ਹੋਣਾ ਕਿਸਾਨ ਦੀ ਲੋੜ ਤਾਂ ਪਏਗੀ, ਇਸ ਤੋਂ ਬਗੈਰ ਸਾਡਾ ਢਿੱਡ ਭਰਨਾ ਨਹੀਂ ਹੈ। The way population is growing, we should respect that. ਜਿਸ ਦਿਨ ਇਹ ਸੈਸ਼ਨ ਚਾਲੂ ਹੋਇਆ ਹੈ, ਉਸ ਤੋਂ ਇੱਕ ਦਿਨ ਪਹਿਲਾਂ ਦੀ ਗੱਲ ਹੈ। ਇੱਕ ਮੇਰੀ ਗੁਜ਼ਾਰਿਸ਼ ਹੈ ਡਿਪਟੀ ਸੀ.ਐਮ ਸਾਹਿਬ ਨੂੰ, ਆਪਾਂ ਡਾਕਟਰ ਸਵਾਮੀਨਾਥਨ ਦੀ ਗੱਲ ਕਰ ਰਹੇ ਹਾਂ and he was in town that day. President of India ਵੀ ਆਏ ਸੀ ਅਤੇ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਦੇ ਵਿੱਚ ਉਨ੍ਹਾਂ ਨੂੰ ਆਨਰ ਕੀਤਾ ਸੀ। I had the goodluck to meet him at the Governor's House. ਇੱਕ ਦਿਨ ਡਿਪਟੀ ਸੀ.ਐਮ ਸਾਹਿਬ, ਤੁਸੀਂ ਉਨ੍ਹਾਂ ਨੂੰ ਬੁਲਾਓ। Let's invite them, let's have a all party meeting. He is not asking, ਉਨ੍ਹਾਂ ਨੇ ਇਹ ਨਹੀਂ ਕਿਹਾ ਕਿ ਇਨ੍ਹਾਂ ਦੀ ਜੇਬਾਂ ਭਰ ਦਿਉ। ਬੀ.ਜੇ.ਪੀ. ਵਾਲੇ ਡਰ ਕੇ ਉਥੇ ਜਾ ਕੇ ਲਿਖ ਕੇ ਆਏ ਹਨ I do not know whether they took him seriously or are they keen on implementing his suggstions. ਉਹ ਕੋਈ ਮੁਨਾਫਾ ਨਹੀਂ ਭਾਲਦਾ ਕਿ 50% ਮੁਨਾਫਾ ਦੇ ਦਿਉ। ਉਨ੍ਹਾਂ ਨੇ ਇਹੀ ਕਿਹਾ ਸੀ ਉਸ ਦੀ ਜਿਹੜੀ ਕਾਸਟ ਲੱਗੀ ਹੈ, ਅੱਜ ਕੱਲ੍ਹ ਕਾਸਟ ਕਿਹੜੀ ਘੱਟ ਹੈ, ਨਰਮੇ ਵਾਲਾ ਬੀਜ ਬਹੁਤ ਹੀ ਮਹਿੰਗਾ ਹੋਇਆ ਹੈ। ਜਿਸ ਦਿਨ ਬੀਜ ਆਉਂਦਾ ਹੈ, ਨਾਲ ਦੀ

ਨਾਲ ਬਥੇਰਾ ਇੰਟਰਨੈਟ ਦੇਖੀਦਾ ਹੈ, ਹੋਰ ਗੱਲਾਂ ਵਿੱਚ ਤਾਂ ਠੀਕ ਹੈ। ਪਰ ਜਿਸ ਦਿਨ ਮੀਂਹ ਦੱਸਦੇ ਹਨ, ਉਸ ਦਿਨ ਗਲਤ ਨਿਕਲਦਾ ਹੈ। ਕਿਸਾਨ ਬੀਜ ਕੇ ਆਉਂਦਾ ਹੈ। ਘਰ ਮੁੜਦਾ ਹੈ ਤਾਂ ਕਣੀਆਂ ਪੈ ਜਾਂਦੀਆਂ ਹਨ। ਲੁੱਟ ਪਈ ਹੋਈ ਹੈ। ਇਹ ਜਿਹੜਾ ਬੀ.ਟੀ. ਵਾਲਾ ਬੀਜ ਕੋਈ ਗੁਜਰਾਤ ਤੋਂ ਲਈ ਫਿਰਦਾ ਹੈ, ਕੋਈ ਕਿਤੋਂ ਲਈ ਫਿਰਦਾ ਹੈ। ਸਰਟੀਫਿਕੇਸ਼ਨ ਤੇ ਬੜੇ ਸਵਾਲ ਉਠ ਗਏ ਹਨ। ਬੜੀਆਂ ਗੱਲਾਂ ਹਨ। Now they are talking about Insurance. Whether insurance is done by IFFCO Tokio or somebody else' ਉਨ੍ਹਾਂ ਦੇ ਆਪਣੇ ਪੈਰਾਮੀਟਰ ਹਨ ਕਿ ਇੰਨਾ ਮੀਂਹ ਪਵੇਗਾ ਤਾਂ ਕੰਪਨਸੇਸ਼ਨ ਦਿਆਂਗੇ। ਮੇਰੀ ਇੱਕ ਸੁਜੈਸ਼ਨ ਹੈ, ਜਦੋਂ ਉਹ ਰਿਪੋਰਟ ਦੇ ਆਏ, ਐਫੀਡੇਵਿਟ ਦੇ ਆਏ, ਅਸੀਂ ਜਿੰਨੇ ਮਰਜ਼ੀ ਮਤੇ ਪਾਸ ਕਰ ਲਈਏ, I am not talking in terms of sarcasm or anything.

ਜਿਸ ਦਿਨ ਤੁਸੀਂ ਮੈਟਰੋ ਵਾਲੀ ਗੱਲ ਕੀਤੀ ਸੀ। ਸਾਡੀ ਪਿਛਲੀ ਵਿਧਾਨ ਸਭਾ ਵਿੱਚ ਬੜੇ ਕਾਬਲ ਜੱਸੀ ਖੰਗੂੜਾ ਜੀ ਇੱਥੇ ਸਨ, ਉਨ੍ਹਾਂ ਨੇ ਡਿਟੇਲ ਵਿਚ ਦੱਸਿਆ ਸੀ...

ਸ਼੍ਰੀ ਸਭਾਪਤੀ : ਜਾਖੜ ਸਾਹਿਬ, ਸਵਾਮੀਨਾਥਨ ਕਮੇਟੀ ਰਿਪੋਰਟ ਤੇ ਗੱਲ ਕਰੋ।

ਸ਼੍ਰੀ ਸੁਨੀਲ ਜਾਖੜ : ਉਸ ਤੇ ਹੀ ਆ ਰਿਹਾ ਹਾਂ ਜੀ। I am speaking on that only. ਉਸ ਵਾਸਤੇ ਉਨ੍ਹਾਂ ਦਾ ਕਹਿਣਾ ਸੀ ਕਿ it is not viable because for these kind of projects, viability gap funding is always done. These are social services. They cannot run on the basis of economic viability basis. ਚਾਹੇ ਅੰਬਾਨੀ ਬੰਬਈ ਵਿੱਚ ਚਲਾਈ ਫਿਰਦਾ ਹੈ, ਇੱਥੇ ਏਅਰਪੋਰਟ ਵਾਲੀ ਰੇਲ ਬਣਾ ਦਿੱਤੀ we cannot run them until government subsidises it, what I am saying is that can we consider some kind of this viability gap funding? Like the deficit between the MSP and actual realization is there. ਤੁਹਾਨੂੰ ਪਤਾ ਹੈ ਕਿ ਜਦੋਂ ਬਾਦਲ ਸਾਹਿਬ ਨੇ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਸੀ ਅਤੇ ਕਿਹਾ ਕਿ ਮੱਕੀ ਬੀਜੋ, ਪੰਜਾਬ ਵਿੱਚ ਮੱਕੀ ਬੀਜੋ। ਮੈਂ ਬੀਜ

ਲਈ.....

ਸੰਸਦੀ ਮਾਮਲੇ ਮੰਤਰੀ : ਪੁਆਇੰਟ ਆਫ ਆਰਡਰ ਸਰ।

ਸ਼੍ਰੀ ਸਭਾਪਤੀ : ਹਾਂ ਜੀ, ਮਿੱਤਲ ਸਾਹਿਬ।

ਸੰਸਦੀ ਮਾਮਲੇ ਮੰਤਰੀ : ਸਰ, ਕੇਂਦਰ ਸਰਕਾਰ ਨੂੰ ਸਵਾਮੀਨਾਥਨ ਰਿਪੋਰਟ ਬਾਰੇ ਰਿਕੁਮੈਂਡੇਸ਼ਨ ਕਰਨੀ ਹੈ ਕਿ ਇਸ ਨੂੰ ਲਾਗੂ ਕੀਤਾ ਜਾਵੇ। ਲਾਗੂ ਕਰਦੇ-ਕਰਦੇ ਅਸੀਂ ਮੈਟਰੋ ਤੇ ਵੀ ਪਹੁੰਚ ਗਏ, ਹਵਾਈ ਜਹਾਜ਼ ਵੀ ਚਲਾ ਦਿੱਤਾ, ਸ਼ਿੱਪ ਵੀ ਚਲਾ ਦਿੱਤਾ। ਖੰਗੂੜਾ ਸਾਹਿਬ ਕਹਿ ਗਏ ਸਨ, ਉਹ ਵੀ ਆ ਗਿਆ। ਇੱਧਰ ਦੇ ਤਾਂ ਸਾਰੇ ਮੈਂਬਰਾਂ ਦੇ ਨਾਂ ਆ ਗਏ।

ਸ਼੍ਰੀ ਸੁਨੀਲ ਜਾਖੜ : ਚੱਲੋ, ਮਹਿਸੂਸ ਹੋ ਗਿਆ ਜੀ। ਮੈਟਰੋ ਨੂੰ ਪਾਸੇ ਕਰ ਦਿੰਦਾ ਹਾਂ।

Mr. Chairman : Please talk on agriculture and on the issue of Swaminathan Report.

Shri Sunil Jakhar : Minister Sahib could you please tell what is viability gap funding?

ਸੰਸਦੀ ਮਾਮਲੇ ਮੰਤਰੀ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੀਡਰ ਆਫ ਦੀ ਹਾਊਸ, ਲੀਡਰ ਆਫ ਦੀ ਆਪੋਜ਼ੀਸ਼ਨ, ਸਪੀਕਰ ਫਿਰ ਛੋਟਾ ਜਿਹਾ ਰੋਲ ਪਾਰਲੀਮੈਂਟਰੀ ਮਨਿਸਟਰ ਅਤੇ ਫਾਇਨਾਂਸ ਮਨਿਸਟਰ ਦਾ ਵੀ ਹੈ। ਮੈਨੂੰ ਇਹ ਸਮਝ ਨਹੀਂ ਆਈ ਕਿ ਸਾਡਾ ਲੀਡਰ ਜਦੋਂ ਬੋਲਦਾ ਹੈ ਤਾਂ ਤੁਸੀਂ ਰੌਲਾ ਪਾਉਂਦੇ ਹੋ। ਤੁਸੀਂ ਬੋਲਦੇ ਹੋ ਤਾਂ ਅਸੀਂ ਰੌਲਾ ਵੀ ਨਹੀਂ ਪਾਉਂਦੇ। ਪਰ ਤੁਹਾਨੂੰ ਯਾਦ ਤਾਂ ਕਰਵਾ ਸਕਦੇ ਹਾਂ ਕਿਉਂਕਿ ਤੁਹਾਡਾ ਰੁਤਬਾ ਬੜਾ ਵੱਡਾ ਹੈ, ਅਸੀਂ ਤੁਹਾਡੀ ਇੱਜ਼ਤ ਕਰਦੇ ਹਾਂ। ਪਰ ਤੁਸੀਂ ਸਵਾਮੀਨਾਥਨ ਰਿਪੋਰਟ ਤੇ ਬੋਲਦੇ ਬੋਲਦੇ, ਜਿਹੜੇ ਮਸਲਿਆਂ ਤੇ ਤੁਸੀਂ ਕੱਲ੍ਹ ਬੋਲੇ ਹੋ, ਉਹ ਸਾਰੇ ਅੱਜ ਵੀ ਰਿਪੀਟ ਕਰ ਦਿੱਤੇ ਹਨ।

ਸ਼੍ਰੀ ਸਭਾਪਤੀ : ਠੀਕ ਹੈ, ਮਿੱਤਲ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ ਜੀ।

ਸ਼੍ਰੀ ਸੁਨੀਲ ਜਾਖੜ : ਠੀਕ ਹੈ, ਮੈਂ ਮੱਕੀ ਤੇ ਤਾਂ ਗੱਲ ਕਰ ਲਵਾਂ।

ਸਰਕਾਰ ਨੇ ਕਿਹਾ ਮੱਕੀ ਬੀਜੋ। ਸਰਕਾਰ ਨੇ ਬੀਜ ਵੀ ਵੰਡੇ। ਚੇਅਰਮੈਨ ਸਾਹਿਬ, ਕਿਉਂਕਿ ਮੈਂ ਆਪ ਤਾਂ ਜਾ ਕੇ ਖੇਤੀ ਨਹੀਂ ਕਰਦਾ, ਮੇਰਾ ਪਰਿਵਾਰ ਅਤੇ ਭਤੀਜੇ ਸਭ ਕੁਝ ਕਰਦੇ ਤੇ ਵੇਖਦੇ ਹਨ। ਐਤਕੀਂ ਅਸੀਂ ਨਰਮੇ ਦਾ ਇੱਕ ਖੁੱਡ ਨਹੀਂ ਕੱਢਿਆ, not even a single, ਕਿਉਂਕਿ ਨਰਮੇ ਦਾ ਹਾਲ ਮਾੜਾ ਹੈ। ਮੈਂ ਐਤਕੀਂ ਸਾਰੇ ਮੱਕੀ ਬਿਜਵਾ ਦਿੱਤੀ। ਸਰਕਾਰ ਨੇ ਕਿਹਾ ਸੀ 1350 ਰੁਪਏ ਐਮ.ਐਸ.ਪੀ. ਦੇ ਰੇਟ ਤੇ ਖਰੀਦਾਂਗੇ। ਮੇਰੇ ਕੋਲ ਮਾਰਕਫੈੱਡ ਦੀ ਪਰਚੀ ਪਈ ਹੈ, 850 ਰੁਪਏ, 900 ਰੁਪਏ ਉਤੇ ਖਰੀਦ ਹੋਈ ਹੈ। I am aware, it is not your responsibility, you were only propogating ਕਿ ਅਸੀਂ 1350 ਰੁਪਏ ਕਰਵਾ ਦਿਆਂਗੇ। ਕਿਸ ਦੀ ਰਿਸਪਾਂਸੇਬਿਲਟੀ ਹੈ? Can the government look into that kind of viability gap funding? ਉਸ ਨੂੰ ਤਾਂ ਕਿਸੇ ਨੇ ਬੋਨਸ ਨਹੀਂ ਗਿਣਨਾ। ਮੈਂ ਇਨ੍ਹਾਂ ਦੀ ਡਾਈਵਰਸੀਫਿਕੇਸ਼ਨ ਤੋਂ ਇੰਪਰੈਸ ਹੋ ਕੇ ਨਹੀਂ ਕੀਤਾ ਸੀ। ਮੈਨੂੰ ਪਤਾ ਸੀ ਕਿ ਨਰਮੇ ਦਾ ਇਹ ਹੀ ਭਾਅ ਹੋਣਾ ਹੈ। ਕੱਲ੍ਹ ਉਨ੍ਹਾਂ ਨੇ ਕਿਹਾ ਸੀ ਕਿ ਭਵਿੱਖ ਵਿੱਚ ਇਹ ਹੋਵੇਗਾ, ਔਹ ਹੋਵੇਗਾ। ਜੋ ਮਾੜਾ ਹਾਲ ਆਉਣ ਵਾਲੇ ਚਾਰ ਸਾਲਾਂ ਵਿੱਚ ਕਿਸਾਨ ਦਾ ਹੋਣ ਵਾਲਾ ਹੈ, if you look at the commodities market, ਜੇ ਭਵਿੱਖ ਬਾਰੇ ਦੇਖ ਲਉ ਤਾਂ ਸਾਰੇ ਦੇ ਸਾਰੇ ਕਿਸਾਨਾਂ ਦਾ ਹਾਰਟ ਫੇਲ੍ਹ ਹੋਵੇਗਾ। ਇਹ ਤਾਂ ਹਾਲੇ ਅੱਛੇ ਦਿਨਾਂ ਦੀ ਸ਼ੁਰੂਆਤ ਹੋਈ ਹੈ। ਮੇਰੀ ਗੁਜ਼ਾਰਿਸ਼ ਹੈ ਕਿ let us do something about the farmers, ਅਸੀਂ ਤੁਹਾਡੇ ਤੇ ਤਾਅਨਾ ਨਹੀਂ ਮਾਰਦੇ। ਜੇਕਰ ਚੰਗੀ ਗੱਲ ਕਰੋਗੇ ਤਾਂ ਚੰਗੀ ਕਹਾਂਗੇ। ਸਵਾਮੀਨਾਥਨ ਸਾਹਿਬ ਨੂੰ ਬੁਲਾਉ। ਸਾਰਿਆਂ ਨੂੰ ਬਿਠਾ ਕੇ, ਉਨ੍ਹਾਂ ਨੂੰ ਆਪਣੀਆਂ ਲਿਮੀਟੇਸ਼ਨਜ਼ ਦੱਸੋ। ਸਾਡੀ ਸਲਾਹ ਲਉ। ਚੰਗੇ ਫਾਰਮਰਜ਼ ਨੂੰ ਬੁਲਾ ਕੇ ਗੱਲ ਕਰੋ। ਐਵੇਂ ਅਸੀਂ ਇਸ ਨੂੰ ਰੋਲੀਏ ਨਾ but still do it, it can help ਕਿ ਜੇਕਰ ਘੜੇ ਤੇ ਪਾਣੀ ਡਿੱਗ ਗਿਆ ਤੇ ਨਿਸ਼ਾਨ ਪੈ ਗਿਆ ਜਿਵੇਂ:

ਰੱਸੀ ਆਵਤ ਜਾਤ ਸੇ, ਸਿਲ ਪਰ ਪੜਤ ਨਿਸ਼ਾਨ

ਅਸੀਂ ਵੀ ਲੱਗੇ ਹਾਂ। ਦੇਖਿਉ, ਮਿੱਤਲ ਸਾਹਿਬ, ਤੁਹਾਡੇ ਕਿਤੇ ਨਾ ਕਿਤੇ ਨਿਸ਼ਾਨ ਪਾ ਕੇ ਹੀ ਛੱਡਾਂਗੇ। Thank you Chairman sahib.

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ): ਮਾਨਯੋਗ ਚੇਅਰਮੈਨ

[ਖੇਤੀਬਾੜੀ ਮੰਤਰੀ]

ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਵਾਮੀਨਾਥਨ ਰਿਪੋਰਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਅੱਜ ਜੋ ਹਾਲਾਤ ਕਿਸਾਨੀ ਦੇ ਹਨ, ਇਹ ਸਾਡੇ ਲਈ ਬਹੁਤ ਫਿਕਰਮੰਦੀ ਵਾਲੀ ਗੱਲ ਹੈ। ਸਵਾਮੀਨਾਥਨ ਜੀ ਨੇ ਬੜੀ ਖੋਜ ਅਤੇ ਮਿਹਨਤ ਕਰਕੇ ਰਿਪੋਰਟ ਪੇਸ਼ ਕੀਤੀ ਸੀ। ਉਨ੍ਹਾਂ ਨੇ ਜ਼ਮੀਨ ਦਾ ਠੇਕਾ, ਬੀਜਣ ਦਾ ਖਰਚਾ ਅਤੇ ਫਿਰ ਘਰ ਦੀ ਲੇਬਰ ਦਾ ਖਰਚਾ ਭਾਵ ਇੱਕ ਇੱਕ ਚੀਜ਼ ਦਾ ਖਰਚ ਕੱਢਿਆ ਹੈ ਅਤੇ ਫਿਰ ਸਾਰੇ ਹੋਰ ਖਰਚੇ ਪਾਏ।ਆਉਣ ਵਾਲੇ ਦਿਨਾਂ ਵਿਚ ਕਿਸਾਨੀ ਦੇ ਬੁਰੇ ਹਾਲਾਤ ਹੋਣਗੇ। ਇਕ ਸਮਾਂ ਸੀ ਜਦੋਂ ਕਿਹਾ ਜਾਂਦਾ ਸੀ ਕਿ ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ। ਉਦੋਂ ਨੌਕਰੀ ਨੂੰ ਤੀਜੇ ਥਾਂ ਤੇ ਰੱਖਿਆ ਜਾਂਦਾ ਸੀ ਅਤੇ ਵਪਾਰ ਦੂਜੇ ਥਾਂ ਤੇ ਸੀ। ਅੱਜ ਨੌਕਰੀ ਪਹਿਲੇ ਨੰਬਰ ਤੇ ਆ ਗਈ ਹੈ। ਅੱਜ ਜਿਸ ਕਿਸੇ ਕੋਲ 10 ਏਕੜ ਜ਼ਮੀਨ ਵੀ ਹੈ, ਉਹ ਵੀ ਕਹਿੰਦਾ ਹੈ ਕਿ ਉਸ ਦਾ ਪੁੱਤਰ ਸੇਵਾਦਾਰ ਲੱਗ ਜਾਵੇ, ਕਿਉਂਜੋ ਤਨਖਾਹ ਬਹੁਤ ਹੈ। ਅੱਜ ਕਿਸਾਨੀ ਲਾਹੇਵੰਦ ਨਹੀਂ ਰਹੀ। ਆਪਾਂ ਜਿੰਨੇ ਵੀ ਇਥੇ ਹਾਊਸ ਵਿਚ ਬੈਠੇ ਹਾਂ, ਪਹਿਲਾਂ ਕਿਸਾਨ ਹਾਂ, ਫਿਰ ਕੁਝ ਹੋਰ ਹਾਂ। ਮੈਂ ਵੀ ਪਹਿਲਾਂ ਕਿਸਾਨ ਹਾਂ, ਫਿਰ ਕੁਝ ਹੋਰ ਹਾਂ। ਦੇਸ਼ ਵਿਚ ਕੁਝ ਸੂਬੇ ਐਸੇ ਹੁੰਦੇ ਹਨ, ਜਿਨ੍ਹਾਂ ਕੋਲ ਬਦਲਵੇਂ ਪ੍ਰਬੰਧ ਹੁੰਦੇ ਹਨ ਅਤੇ ਉਹ ਉਨ੍ਹਾਂ ਸਾਧਨਾਂ ਰਾਹੀਂ ਆਰਥਿਕ ਸੰਕਟ ਵਿਚੋਂ ਬਾਹਰ ਨਿਕਲ ਆਉਂਦੇ ਹਨ। ਸਾਡੇ ਕੋਲ ਨਾ ਤਾਂ ਕੋਇਲਾ ਨਿਕਲਦਾ ਹੈ, ਨਾ ਤੇਲ ਹੈ, ਨਾ ਲੋਹਾ ਹੈ, ਨਾ ਹੀ ਪੱਥਰ ਹੈ ਅਤੇ ਨਾ ਹੀ ਕੋਈ ਬੰਦਰਗਾਹ ਹੈ। ਸਾਡੇ ਕੋਲ ਇਕੱਲੀ ਖੇਤੀ ਹੀ ਹੈ। ਅਸੀਂ 15000-16000 ਕਰੋੜ ਰੁਪਏ ਦੀ ਕਣਕ ਪੈਦਾ ਕਰਦੇ ਹਾਂ ਅਤੇ 15000-16000 ਕਰੋੜ ਰੁਪਏ ਦਾ ਹੀ ਝੋਨਾ ਪੈਦਾ ਕਰਦੇ ਹਾਂ। ਇਸ ਤਰ੍ਹਾਂ ਕੁੱਲ ਮਿਲਾ ਕੇ 30-32 ਹਜ਼ਾਰ ਕਰੋੜ ਰੁਪਏ ਦੇ ਸਾਡੇ ਖਰਚੇ ਦੇ ਸੋਰਸਿਜ਼ ਹੀ ਬਣਦੇ ਹਨ। ਇਸੇ ਵਿਚੋਂ ਹੀ ਰੁਜ਼ਗਾਰ ਦੇਣਾ ਹੁੰਦਾ ਹੈ। ਹੋਰ ਫਸਲਾਂ ਜਿਵੇਂ ਨਰਮਾ, ਸਰੋਂ, ਤੋਰੀਆ ਅਤੇ ਸਬਜ਼ੀਆਂ ਵਗੈਰਾ ਤੇ ਵੱਖਰਾ ਖਰਚ ਹੁੰਦਾ ਹੈ। ਮੈਂ ਬਹੁਤ ਫਿਕਰ ਕਰ ਰਿਹਾ ਹਾਂ ਅਤੇ ਅੱਜ ਸਾਨੂੰ ਸਾਰਿਆਂ ਨੂੰ ਫਿਕਰ ਕਰਨਾ ਚਾਹੀਦਾ ਹੈ ਕਿ ਅੱਜ ਦੁਨੀਆਂ ਦੇ ਹਾਲਾਤ ਹੀ ਇਸ ਤਰ੍ਹਾਂ ਦੇ ਹਨ। ਸਾਡੇ ਬਹੁਤ ਸਾਰੇ ਵੀਰ ਕੈਨੇਡਾ ਗਏ ਹੋਏ ਹਨ। ਇਕ-ਇਕ ਪਿੰਡ ਵਿਚੋਂ 100-100 ਘਰ ਵੀ ਗਏ ਹੋਏ ਹਨ ਅਤੇ ਪੰਜ ਵੱਡੇ ਸ਼ਹਿਰਾਂ ਵਿਚੋਂ ਵੀ ਸਾਡਾ ਇਕ ਸ਼ਹਿਰ ਮੋਗਾ ਹੈ। ਅੱਜ ਬ੍ਰਿਟਿਸ਼ ਕੋਲੰਬੀਆ ਵਿਚ ਜਿਹੜੇ ਸਾਡੇ ਪੰਜਾਬੀ ਵੀਰ ਗਏ ਹੋਏ ਹਨ, ਉਨ੍ਹਾਂ ਨੇ ਉਥੇ ਜਾ ਕੇ ਜ਼ਮੀਨ ਮਹਿੰਗੀ ਕਰ ਦਿੱਤੀ ਹੈ। ਜ਼ਮੀਨ ਇੰਨੀ ਮਹਿੰਗੀ ਹੋ ਗਈ ਹੈ ਕਿ ਸਰੀ ਅਤੇ

ਆਕਸਫੋਰਡ ਵਿਚ ਲੱਖ-ਲੱਖ ਡਾਲਰ ਨੂੰ ਕਿੱਲਾ ਹੋਇਆ ਪਿਆ ਹੈ। ਉਹ ਬੈਅ ਲੈ ਲੈਂਦੇ ਹਨ। ਉਨ੍ਹਾਂ ਨੇ 5-5 ਹਜ਼ਾਰ ਡਾਲਰ ਠੇਕੇ ਦੇ ਤੇ ਇਕ-ਇਕ ਕਿੱਲਾ ਲੈ ਕੇ ਬੇਰੀਆਂ ਲਗਾਈਆਂ ਹੋਈਆਂ ਹਨ। ਉਨ੍ਹਾਂ ਬੇਰੀਆਂ ਦੇ ਉਨ੍ਹਾਂ ਨੂੰ ਪਿਛਲੇ 4 ਮਹੀਨੇ ਤੋਂ ਪੈਸੇ ਨਹੀਂ ਮਿਲੇ। ਜੇਕਰ ਉਥੇ 4-4 ਮਹੀਨੇ ਉਨ੍ਹਾਂ ਬੇਰੀਆਂ ਦੇ ਪੈਸੇ ਨਹੀਂ ਮਿਲਣਗੇ। ਇਥੇ 15 ਦਿਨ ਝੋਨੇ ਦੀ ਪੇਮੈਂਟ ਨਹੀਂ ਹੋਈ ਸੀ ਤਾਂ ਕਿਸਾਨ ਕਿੰਨੇ ਔਖੇ ਹੋ ਗਏ ਹਨ। ਉਥੇ ਕੈਨੇਡਾ ਵਿਚ ਪੰਜਾਬੀਆਂ ਨੇ ਜਿਨ੍ਹਾਂ ਨੇ 5-5 ਹਜ਼ਾਰ ਡਾਲਰ ਤੇ ਠੇਕੇ ਤੇ ਕਿੱਲਾ ਲਿਆ। ਅੱਜ ਆਕਸਫੋਰਡ ਅਤੇ ਸਰੀ ਵਿਚ ਸਭ ਤੋਂ ਵੱਧ ਬੇਰੀਆਂ ਦੀ ਪੈਦਾਵਾਰ ਹੁੰਦੀ ਹੈ। ਤੁਸੀਂ ਉਥੋਂ ਦੇ ਕਿਸਾਨਾਂ ਦੀ ਹਾਲਤ ਵੇਖੋ, ਜਿਨ੍ਹਾਂ ਨੂੰ ਬੇਰੀਆਂ ਦੀ 4-4 ਮਹੀਨੇ ਪੇਮੈਂਟ ਨਹੀਂ ਹੋਈ। 5-5 ਹਜ਼ਾਰ ਡਾਲਰ ਉਨ੍ਹਾਂ ਨੇ ਇਕ ਏਕੜ ਦਾ ਠੇਕਾ ਦਿੱਤਾ ਹੁੰਦਾ ਹੈ, ਉਨ੍ਹਾਂ ਨੇ ਹੋਰ ਖਰਚੇ ਵੀ ਕੀਤੇ ਹਨ, ਲੇਬਰ ਵੀ ਸਾਡੇ ਨਾਲੋਂ ਬੜੀ ਮਹਿੰਗੀ ਹੈ। ਅੱਜ ਅਮਰੀਕਾ ਵਿਚ 7 ਲੱਖ ਕਿਸਾਨ ਖੇਤੀ ਦੇ ਧੰਦੇ ਨੂੰ ਛੱਡ ਗਏ ਹਨ। ਇਸ ਲਈ ਮੇਰੇ ਕਹਿਣ ਦਾ ਭਾਵ ਹੈ ਕਿ ਅੱਜ ਇਕ ਲੱਖ ਕਿਸਾਨ ਆਪਣੀ ਮਜਬੂਰੀ ਕਾਰਨ ਇਸ ਧੰਦੇ ਨੂੰ ਛੱਡ ਕੇ ਹੋਰ ਧੰਦੇ ਜਿਵੇਂ ਡੰਗਰ ਪਾਲਣਾ ਜਾਂ ਹੋਰ ਕੰਮ ਅਪਨਾਉਣ ਲੱਗ ਪਏ ਹਨ। ਉਹ ਸੋਚਦੇ ਹਨ ਕਿ 40-50 ਹਜ਼ਾਰ ਰੁਪਏ ਪ੍ਰਤੀ ਏਕੜ ਠੇਕੇ ਤੇ ਦੇ ਦਿਆਂਗੇ, ਹੋਰ ਧੰਦਾ ਕਰ ਲਵਾਂਗੇ, ਖੇਤੀ ਵਿਚ ਕਿਧਰੇ ਅਸੀਂ ਕਰਜ਼ੇ ਥੱਲੇ ਹੀ ਨਾ ਆ ਜਾਈਏ ਕਿਉਂਜੋ ਅੱਜ ਹਾਲਾਤ ਕੀ ਹਨ। ਪਹਿਲਾਂ ਸਾਡਾ ਪੰਜਾਬ ਸਰਪਲੱਸ ਅਨਾਜ ਪੈਦਾ ਕਰਦਾ ਸੀ।। ਅੱਜ ਯੂ.ਪੀ. ਵਿਚ ਵੇਖ ਲਵੋ, 20 ਜ਼ਿਲ੍ਹਿਆਂ ਵਿਚ ਜਿਹੜੇ ਕਿ ਲਖਨਊ ਤੇ ਪੱਛਮੀ ਯੂ.ਪੀ. ਵਿਚ ਪੈਂਦੇ ਹਨ, ਉਹ 20 ਜ਼ਿਲ੍ਹੇ ਵੀ ਸਰਪੱਲਸ ਅਨਾਜ ਪੈਦਾ ਕਰਨ ਲੱਗ ਪਏ ਹਨ। ਤੁਸੀਂ ਮੱਧ ਪ੍ਰਦੇਸ਼ ਵਿਚ ਵੇਖ ਲਵੋ। ਉਥੇ ਗੁਨੋ ਦੇ ਇਲਾਕੇ ਵਿਚ ਸਾਡੇ ਪੰਜਾਬੀ ਬੈਠੇ ਹਨ, ਉਨ੍ਹਾਂ ਨੂੰ ਵੇਖ ਕੇ ਉਹ ਲੋਕ ਵੀ ਜਾਗਰਤ ਹੋ ਗਏ ਹਨ ਅਤੇ ਹੁਣ ਉਹ ਵੀ ਸਰਪਲੱਸ ਅਨਾਜ ਪੈਦਾ ਕਰਨ ਲੱਗ ਪਏ ਹਨ। ਰਾਜਸਥਾਨ ਵਿਚ ਵੇਖ ਲਵੋ, ਕੋਟਾਬੂੰਦੀ ਦੇ ਇਲਾਕੇ ਵਿਚ ਜਿੰਨੇ ਵੀ ਆਪਣੇ ਪੰਜਾਬੀ ਬੈਠੇ ਹਨ, ਉਨ੍ਹਾਂ ਨੂੰ ਵੇਖ ਕੇ ਨਾਲ ਲਗਦੇ 4-4 ਜ਼ਿਲ੍ਹਿਆਂ ਦੇ ਕਿਸਾਨ ਜਾਗਰਤ ਹੋ ਗਏ ਅਤੇ ਉਹ ਵੀ ਸਰਪਲੱਸ ਅਨਾਜ ਪੈਦਾ ਕਰਨ ਲੱਗੇ ਹਨ। ਇਸ ਕਾਰਨ ਸਭ ਤੋਂ ਵੱਡੀ ਸੱਟ ਪੰਜਾਬ ਅਤੇ ਹਰਿਆਣਾ ਨੂੰ ਲੱਗੀ ਹੈ ਕਿਉਂਜੋ ਪਹਿਲਾਂ ਪੰਜਾਬ ਤੇ ਹਰਿਆਣਾ ਹੀ ਸਰਪਲੱਸ ਅਨਾਜ ਪੈਦਾ ਕਰਦਾ ਹੁੰਦਾ ਸੀ। ਅੱਜ 5-6 ਸੂਬੇ ਸਰਪਲੱਸ ਅਨਾਜ ਪੈਦਾ ਕਰਨ ਲੱਗੇ ਹਨ।

[ਖੇਤੀਬਾੜੀ ਮੰਤਰੀ]

ਆਲੂਆਂ ਦੀ ਗੱਲ ਲੈ ਲਵੋ। ਜਦੋਂ ਯੂ.ਪੀ. ਵਿਚ ਕੋਰਾ ਪੈ ਜਾਂਦਾ ਹੈ ਤਾਂ ਸਾਡੇ ਆਲੂਆਂ ਦਾ ਰੇਟ ਮਹਿੰਗਾ ਹੋ ਕੇ 10 ਰੁਪਏ ਕਿਲੋ ਤੱਕ ਹੋ ਜਾਂਦਾ ਹੈ। ਜਦੋਂ ਉਥੇ ਫਸਲ ਠੀਕ ਹੁੰਦੀ ਹੈ ਤਾਂ ਸਾਡੇ ਆਲੂਆਂ ਦਾ ਰੇਟ ਬੜਾ ਮੰਦਾ ਹੋ ਜਾਂਦਾ ਹੈ।ਪੱਛਮੀ ਬੰਗਾਲ ਵਿਚ ਵੀ ਆਲੂਆਂ ਦੀ ਫਸਲ ਹੁੰਦੀ ਹੈ। ਸਾਡਾ ਆਲੂ ਪਹਿਲਾਂ ਉਥੇ ਬਹੁਤ ਜਾਂਦਾ ਹੁੰਦਾ ਸੀ। ਅੱਜ ਬੰਗਾਲ ਵਿਚ ਆਲੂ ਦੀ ਫਸਲ ਬੜੀ ਚੰਗੀ ਹੋਈ ਹੈ ਅਤੇ 1-2 ਰੁਪਏ ਨੂੰ ਕਿੱਲੋ ਆਲੂ ਮਿਲ ਰਿਹਾ ਹੈ ਤਾਂ ਫਿਰ ਸਾਡੇ ਇਥੇ ਆਲੂਆਂ ਦਾ ਰੇਟ ਮੰਦਾ ਹੋ ਗਿਆ ਹੈ ਅਤੇ ਆਲੂ ਗਲ-ਸੜ ਜਾਂਦੇ ਹਨ। ਅੱਜ ਦੇ ਹਾਲਾਤ ਵਿਚ ਕਿਸਾਨ ਉਨੀ ਦੇਰ ਤੱਕ ਬਚ ਨਹੀਂ ਸਕਦਾ ਜਿੰਨੀ ਦੇਰ ਤੱਕ ਅਸੀਂ ਉਸ ਨੂੰ ਮੀਨੀਮਮ ਸਪੋਰਟ ਪ੍ਰਾਈਸ ਨਹੀਂ ਦਿੰਦੇ। ਸਾਨੂੰ ਸਾਰੀਆਂ ਸਟੇਟਾਂ ਨੂੰ ਇਸ ਮਸਲੇ ਤੇ ਇਕੱਠੇ ਹੋਣਾ ਪਵੇਗਾ ਅਤੇ ਕੇਂਦਰ ਸਰਕਾਰ ਨੂੰ ਜ਼ੋਰ ਪਾਉਣਾ ਪਵੇਗਾ ਕਿ ਕੋਈ ਨਾ ਕੋਈ ਅਜਿਹਾ ਸਿਸਟਮ ਬਣਾਉਣ ਤਾਂ ਜੋ ਸਾਰੇ ਦੇਸ਼ ਦੇ ਕਿਸਾਨ ਦਾ ਕੁਝ ਭਲਾ ਹੋ ਸਕੇ। ਕੇਂਦਰ ਸਰਕਾਰ ਸਾਧਨ ਜੁਟਾ ਸਕਦੀ ਹੈ। ਇਸ ਲਈ ਸਾਰੇ ਦੇਸ਼ ਦੇ ਕਿਸਾਨ ਨੂੰ ਬਚਾਉਣ ਲਈ ਪਲਾਨਿੰਗ ਕੀਤੀ ਜਾਵੇ । ਇਹ ਸਿਰਫ ਪੰਜਾਬ ਦੇ ਕਿਸਾਨ ਦਾ ਮਸਲਾ ਨਹੀਂ ਹੈ ਬਲਕਿ ਸਾਰੇ ਦੇਸ਼ ਦੇ ਕਿਸਾਨਾਂ ਨੂੰ ਬਚਾਉਣ ਲਈ ਪਲਾਨਿੰਗ ਬਣਾਉਣੀ ਚਾਹੀਦੀ ਹੈ। ਪਲਾਨਿੰਗ ਬਣਾ ਕੇ ਸੋਚਿਆ ਜਾਵੇ ਕਿ ਜਿੰਨੀਆਂ ਵੀ ਫਸਲਾਂ ਬੀਜੀਆਂ ਜਾਂਦੀਆਂ ਹਨ, ਚਾਹੇ ਪੰਜਾਹ ਫਸਲਾਂ ਬੀਜਦੇ ਹਾਂ, ਚਾਹੇ ਚਾਲੀ ਫਸਲਾਂ ਬੀਜਦੇ ਹਾਂ, ਉਸ ਦੀ ਬਕਾਇਦਾ ਜਿਵੇਂ ਸਵਾਮੀਨਾਥਨ ਜੀ ਨੇ ਕਿਹਾ ਹੈ, ਕਿਸਾਨ ਦੀ ਲਾਗਤ ਦੇਖ ਕੇ, ਉਸ ਤੇ ਕੋਈ ਮੁਨਾਫਾ ਦਿੱਤਾ ਜਾਵੇ ਤਾਂ ਕਿ ਕਿਸਾਨੀ ਨੂੰ ਲਾਹੇਵੰਦ ਧੰਦਾ ਕਿਹਾ ਜਾਵੇ ਤੇ ਇਸ ਨੂੰ ਕਰਨ ਲਈ ਹਰ ਕਿਸੇ ਦਾ ਦਿਲ ਕਰੇ ਕਿ ਮੈਂ ਖੇਤੀ ਕਰਾਂ। ਇਸ ਲਈ ਸੈਂਟਰ ਸਰਕਾਰ ਨੂੰ ਇਸ ਵਾਸਤੇ ਪਲਾਨਿੰਗ ਬਣਾਉਣੀ ਪਵੇਗੀ। ਇਸ ਬਾਰੇ ਸਾਨੂੰ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸੈਂਟਰ ਸਰਕਾਰ ਨੂੰ ਭੇਜਣਾ ਚਾਹੀਦਾ ਹੈ । ਸਵਾਮੀਨਾਥਨ ਜੀ ਨੇ ਕਾਫੀ ਖੋਜ ਕੀਤੀ ਹੈ । ਜਦੋਂ ਅਸੀਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਭੇਜਾਂਗੇ ਤਾਂ ਇਸ ਦਾ ਕੋਈ ਫਾਇਦਾ ਹੀ ਹੋਵੇਗਾ । ਜੇ ਆਪਾਂ ਇੱਕ ਦੂਜੇ ਨੂੰ ਨਿੰਦੀ ਜਾਵਾਂਗੇ ਤਾਂ ਫਿਰ ਇਸ ਨਾਲ ਕੋਈ ਪ੍ਰਾਪਤੀ ਨਹੀਂ ਹੋਣੀ । ਕੇਂਦਰ ਵਿੱਚ ਬੀ. ਜੇ. ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਹੋਰ ਪਾਰਟੀਆਂ ਦੀ ਨਵੀਂ ਨਵੀਂ ਸਰਕਾਰ ਬਣੀ ਹੈ । ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਐਫੀਡੈਵਿਟ ਦਿੱਤਾ ਹੈ ਕਿ ਹਾਲ ਦੀ ਘੜੀ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨਾ ਸਾਡੇ ਵੱਸ ਦੀ ਗੱਲ ਨਹੀਂ ਹੈ ਪਰ ਚਲੋ,

ਜੇ ਇਸ ਸਾਲ ਲਾਗੂ ਨਹੀਂ ਹੋ ਸਕਦੀ, ਅਗਲੇ ਸਾਲ ਲਾਗੂ ਕਰ ਦੇਣ, ਉਸ ਤੋਂ ਅਗਲੇ ਸਾਲ ਲਾਗੂ ਕਰ ਦੇਣ । ਜਦ ਤੱਕ ਸਵਾਮੀਨਾਥਨ ਦੀ ਰਿਪੋਰਟ ਲਾਗੂ ਨਹੀਂ ਹੁੰਦੀ, ਜਦ ਤੱਕ ਅਸੀਂ ਆਪਣਾ ਮੈਨੀਫੈਸਟੋ ਪੂਰਾ ਨਹੀਂ ਕਰਾਂਗੇ, ਉਦੋਂ ਤੱਕ ਹਿੰਦੁਸਤਾਨ ਦੇ ਕਿਸਾਨ ਨੇ ਨਹੀਂ ਬਚਣਾ। ਇਹ ਇਕੱਲੇ ਪੰਜਾਬ ਦੇ ਕਿਸਾਨ ਦਾ ਮਸਲਾ ਨਹੀਂ, ਇਹ ਸਾਰੇ ਹਿੰਦੁਸਤਾਨ ਦੇ ਕਿਸਾਨ ਦਾ ਮਸਲਾ ਹੈ । ਹਿੰਦੁਸਤਾਨ ਖੇਤੀਬਾੜੀ ਵਾਲਾ ਦੇਸ਼ ਹੈ, ਖੇਤੀਬਾੜੀ ਤੇ ਨਿਰਭਰ ਕਰਦਾ ਹੈ। ਇਸ ਲਈ ਇਹ ਰਿਪੋਰਟ ਲਾਗੂ ਕਰਨੀ ਚਾਹੀਦੀ ਹੈ। ਦੂਜੀ ਗੱਲ, ਮੈਂ ਸਵਾਮੀਨਾਥਨ ਜੀ ਬਾਰੇ ਅਖਬਾਰਾਂ ਵਿੱਚ ਪੜ੍ਹਿਆ ਸੀ । ਉਸ ਤਰ੍ਹਾਂ ਤਾਂ ਉਨ੍ਹਾਂ ਦੀ ਰਿਪੋਰਟ ਵਿੱਚ ਪਹਿਲਾਂ ਨਹੀਂ ਸੀ ਪਰ ਜਦੋਂ ਉਹ ਪਿੱਛੇ ਜਿਹੇ ਚੰਡੀਗੜ੍ਹ ਆਏ ਹਨ, ਉਨ੍ਹਾਂ ਨੇ ਇੱਕ ਬਿਆਨ ਦੇ ਦਿੱਤਾ ਕਿ ਕਿਸਾਨ ਬਿਲ ਦੇ ਸਕਦਾ ਹੈ ਤੇ ਉਸ ਨੂੰ ਬਿਜਲੀ ਪੂਰੀ ਦਿੱਤੀ ਜਾਵੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਉਹ ਇਸ ਪਾਸੇ ਖੋਜ ਕਰ ਲੈਣ ਕਿ ਪੰਜਾਬ ਦਾ ਕਿਸਾਨ ਕਿਸੇ ਕੀਮਤ ਤੇ ਬਿਜਲੀ ਦਾ ਬਿਲ ਨਹੀਂ ਦੇ ਸਕਦਾ । ਇਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ, ਪੰਜਾਬ ਹਨ ਜਿਨ੍ਹਾਂ ਨੇ 1997 ਵਿੱਚ ਮੋਟਰਾਂ ਦੇ ਬਿਲ ਮਾਫ ਕਰਕੇ ਕਿਸਾਨ ਨੂੰ ਬਚਾਇਆ । ਨਹੀਂ ਤਾਂ ਉਦੋਂ ਤੋਂ ਅੰਕੜਾ ਲਗਾ ਲਓ, ਜਿਹੜਾ ਪੰਜਾਬ ਦਾ ਕਿਸਾਨ ਤਕਰੀਬਨ ਪੈਂਤੀ ਹਜ਼ਾਰ ਕਰੋੜ ਰੁਪਏ ਦਾ ਕਰਜ਼ਾਈ ਹੈ, ਉਸ ਨੇ ਇੱਥੇ 70-72 ਹਜ਼ਾਰ ਕਰੋੜ ਰੁਪਏ ਦਾ ਹੋਰ ਕਰਜ਼ਾਈ ਹੋ ਜਾਣਾ ਸੀ, ਜੇਕਰ ਅਸੀਂ ਬਿਜਲੀ ਦੇ ਬਿਲ ਮੁਆਫ ਨਾ ਕਰਦੇ। ਇਸ ਬਾਰੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਵਧਾਈ ਦੇਣੀ ਚਾਹੀਦੀ ਹੈ, ਜਿਨ੍ਹਾਂ ਨੇ ਪੰਜਾਬ ਦਾ ਕਿਸਾਨ ਬਚਾਅ ਲਿਆ। ਮੋਟਰਾਂ ਦੇ ਬਿਲ ਮਾਫ ਕਰ ਦਿੱਤੇ । ਇੱਥੇ ਅੰਕੜੇ ਲੈ ਕੇ ਦੇਖੋ। ਮੈਂ ਪਹਿਲਾਂ ਵੀ ਹਾਊਸ ਵਿੱਚ ਕਿਹਾ ਸੀ । 15 ਹਾਰਸ ਪਾਵਰ ਦੀ ਮੋਟਰ ਐਵਰੇਜ ਹੈ, ਵੱਧ ਵੀ ਹੋ ਸਕਦੀ ਹੈ ਤੇ ਘੱਟ ਵੀ ਹੋ ਸਕਦੀ ਹੈ । ਜੇ ਆਪਾਂ ਇਸ ਹਿਸਾਬ ਨਾਲ ਦੇਖੀਏ ਤਾਂ 8 ਘੰਟੇ ਬਿਜਲੀ ਦਿੰਦੇ ਹਾਂ ਤੇ ਛੇ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ 720 ਰੁਪਏ ਘੰਟੇ ਦੇ ਹੀ ਬਣ ਜਾਂਦੇ ਹਨ ਤੇ ਜੇ ਅਸੀਂ 24 ਘੰਟੇ ਬਿਜਲੀ ਦਿੰਦੇ ਹਾਂ ਤਾਂ ਇਹ ਬਿਲ ਦੀ ਰਕਮ ਬਹੁਤ ਵੱਡੀ ਬਣ ਜਾਵੇਗੀ। ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਤਾਂ ਦੇਣ ਨੂੰ ਤਿਆਰ ਹੈ। ਮੈਂ ਪਿੰਡਾਂ ਵਿੱਚ ਵੀ ਜਾਂਦਾ ਹਾਂ ਤੇ ਕਹਿੰਦਾ ਹਾਂ ਕਿ ਤੁਹਾਡੇ ਪਿੰਡ ਦੇ ਫੀਡਰ ਤੇ 24 ਘੰਟੇ ਬਿਜਲੀ ਦੇਣ ਨੂੰ ਤਿਆਰ ਹਾਂ, ਪਰ ਤੁਸੀਂ ਮੀਟਰ ਲਗਵਾ ਕੇ ਦੇਖ ਲਓ। ਮੀਟਰ

[ਖੇਤੀਬਾੜੀ ਮੰਤਰੀ]

ਦਾ ਬਿਲ ਦੇਣਾ ਬਹੁਤ ਔਖਾ ਹੈ । ਇਸ ਲਈ ਛੇ ਰੁਪਏ ਯੂਨਿਟ ਦੇ ਹਿਸਾਬ ਨਾਲ ਕਿਸਾਨ ਬਿਜਲੀ ਦਾ ਬਿਲ ਨਹੀਂ ਦੇ ਸਕਦਾ। 24 ਘੰਟਿਆਂ ਦਾ ਤਾਂ ਬਹੁਤ ਬਣ ਜਾਵੇਗਾ । ਇਹ ਇੱਕ ਦਿਨ ਦਾ ਹੀ ਤਕਰੀਬਨ 2100 ਰੁਪਏ ਬਣ ਜਾਂਦਾ ਹੈ। ਇਹ ਬਿਲ ਕਿਹੜਾ ਜ਼ਿਮੀਂਦਾਰ ਦੇ ਦੇਵੇਗਾ। ਇਸ ਲਈ ਕੋਈ ਨਹੀਂ ਦੇ ਸਕਦਾ ਤੇ ਹੁਣ ਵਾਲਾ ਸਿਸਟਮ ਬਿਲਕੁਲ ਠੀਕ ਹੈ। ਸਰਕਾਰ ਵੱਲੋਂ ਇਹ ਬੋਝ ਚੁੱਕਿਆ ਗਿਆ ਹੈ ਤਾਂ ਕਿ ਕਿਸਾਨ ਨੂੰ ਬਚਾਇਆ ਜਾ ਸਕੇ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਵਾਮੀਨਾਥਨ ਜੀ ਨੇ ਬਹੁਤ ਖੋਜ ਕਰਕੇ ਆਪਣੀ ਰਿਪੋਰਟ ਤਿਆਰ ਕੀਤੀ ਹੈ । ਮੈਂ ਖੇਤੀਬਾੜੀ ਮੰਤਰੀ ਹੋਣ ਦੇ ਨਾਤੇ, ਇੱਕ ਸੇਵਾਦਾਰ ਹੋਣ ਦੇ ਨਾਤੇ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ । ਆਪੋਜ਼ੀਸ਼ਨ ਆਪਣੇ ਤੌਰ ਤੇ ਜ਼ੋਰ ਲਗਾਵੇ, ਮੁੱਖ ਮੰਤਰੀ ਜੀ ਆਪਣੇ ਤੌਰ ਤੇ ਸੈਂਟਰ ਕੋਲ ਜਾ ਕੇ ਅਪਰੋਚ ਕਰਨ ਕਿ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਨ ਲਈ ਕੋਈ ਰਾਹ ਕੱਢਿਆ ਜਾਵੇ ਤਾਂ ਹੀ ਹਿੰਦੁਸਤਾਨ ਦਾ ਕਿਸਾਨ ਬਚ ਸਕਦਾ ਹੈ । ਚੇਅਰਮੈਨ ਸਾਹਿਬ, ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਅਭਾਰੀ ਹਾਂ। ਇਹ ਰੈਜ਼ੋਲਿਊਸ਼ਨ ਜੋ ਸ਼੍ਰੀ ਮਦਨ ਮੋਹਨ ਮਿੱਤਲ ਜੀ ਲੈ ਕੇ ਆਏ ਹਨ ਕਿ ਡਾਕਟਰ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਇੰਪਲੀਮੈਂਟ ਹੋਣੀ ਚਾਹੀਦੀ ਹੈ, ਇੱਥੇ ਸਰਬਸੰਮਤੀ ਨਾਲ ਰੈਜ਼ੋਲਿਊਸ਼ਨ ਪਾਸ ਹੋਣਾ ਚਾਹੀਦਾ ਹੈ । ਜਿੱਥੋਂ ਤੱਕ ਸਵਾਲ ਹੈ ਕਿ ਇਹ ਰਿਪੋਰਟ ਇੰਪਲੀਮੈਂਟ ਹੋਣੀ ਚਾਹੀਦੀ ਹੈ, ਇਸ ਉਤੇ ਕਿਸੇ ਦੀਆਂ ਵੀ ਦੋ ਰਾਵਾਂ ਨਹੀਂ ਹਨ ਭਾਵੇਂ ਸ਼੍ਰੋਮਣੀ ਅਕਾਲੀ ਦਲ ਹੈ, ਭਾਰਤੀ ਜਨਤਾ ਪਾਰਟੀ ਜਾਂ ਕਾਂਗਰਸ ਪਾਰਟੀ ਹੈ। ਚੇਅਰਮੈਨ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਡਾਕਟਰ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਸਾਲ 2006 ਵਿੱਚ ਆਈ ਸੀ। ਮੇਰੇ ਸਾਥੀ ਕਾਂਗਰਸੀ ਭਰਾ ਜਿਨ੍ਹਾਂ ਨੂੰ ਅੱਜ ਬਹੁਤ ਚਿੰਤਾ ਹੈ ਕਿ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਇੰਪਲੀਮੈਂਟ ਹੋਣੀ ਚਾਹੀਦੀ ਹੈ। ਇਨ੍ਹਾਂ ਨੂੰ ਕਿਸਾਨੀ ਦੀ ਬਹੁਤ ਚਿੰਤਾ ਹੈ ਪਰ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਅੱਠ ਸਾਲ ਦੇ ਸਮੇਂ ਵਿਚ ਸਵਾਮੀਨਾਥਨ ਰਿਪੋਰਟ ਕਿਉਂ ਲਾਗੂ ਨਹੀਂ ਕੀਤੀ? .....

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ ।

ਸ਼੍ਰੀ ਸਭਾਪਤੀ : ਚੰਨੀ ਜੀ, ਤੁਸੀਂ ਬੈਠੋ । ਤੁਹਾਨੂੰ ਬਾਅਦ ਵਿੱਚ ਟਾਈਮ ਦਿੱਤਾ ਜਾਵੇਗਾ ।

ਸ਼੍ਰੀ ਮਨੋਰੰਜਨ ਕਾਲੀਆ : ਅੱਜ ਆਪੋਜੀਸ਼ਨ ਦੇ ਬੈਂਚ ਅਤੇ ਲੀਡਰ ਆਫ ਦਿ ਆਪੋਜੀਸ਼ਨ ਨੂੰ ਚਿੰਤਾ ਹੈ ਕਿ ਇਹ ਰਿਪੋਰਟ ਇਮੀਜੇਟਲੀ ਇੰਪਲੀਮੈਂਟ ਹੋਣੀ ਚਾਹੀਦੀ ਹੈ ਕਿਉਂਕਿ ਭਾਰਤ ਦੇ 80 ਪ੍ਰਤੀਸ਼ਤ ਲੋਕ ਕਿਸਾਨੀ ਨਾਲ ਜੁੜੇ ਹੋਏ ਹਨ। ਉਹ ਵੀ ਵਕਤ ਸੀ ਕਿ ਜਦੋਂ ਸਾਨੂੰ ਕਣਕ ਬਾਹਰੋਂ ਮੰਗਵਾਉਣੀ ਪੈਂਦੀ ਸੀ। ਇਹ ਦੇਸ਼ ਕਿਸਾਨਾਂ ਦੇ ਸਿਰ ਤੇ ਆਤਮ ਨਿਰਭਰ ਬਣਿਆ ਹੈ। ਖਾਸ ਕਰਕੇ ਪੰਜਾਬ ਦੇ ਸਿਰ ਤੇ ਬਣਿਆ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਇਸ ਨੂੰ ਸਪੋਰਟ ਕਰਨਾ ਚਾਹੀਦਾ ਹੈ। ਐਮ.ਐਸ.ਪੀ. ਹੈ, ਬਿਲਕੁਲ ਠੀਕ ਹੈ। ਉਸ ਦੀ ਮੈਥੋਡਾਲੋਜੀ ਕਿ ਬੈਟਰ ਮਿਲੇ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਅੱਛਾ ਹੈ, ਸਬਸਿਡੀਜ਼ ਵੀ ਮਿਲਣੀਆਂ ਚਾਹੀਦੀਆਂ ਹਨ ਲੇਕਿਨ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਧਰ ਜਿਹੜੇ ਭਰਾ ਬੈਠੇ ਹਨ, ਇਨ੍ਹਾਂ ਨੂੰ ਅੱਜ ਕਿਸਾਨੀ ਦੀ ਬਹੁਤ ਚਿੰਤਾ ਹੈ। ਤੁਸੀਂ 2013 ਦੇ ਵਿੱਚ ਕਿਸਾਨਾਂ ਦੇ ਹਿਤਾਂ ਦਾ ਘਾਣ ਕੀਤਾ ਹੈ। ਅੱਜ ਅਸੀਂ ਕਹਿੰਦੇ ਹਾਂ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਸਾਲ 2017 ਤੱਕ ਬਿਲਕੁਲ ਇੰਪਲੀਮੈਂਟ ਨਹੀਂ ਹੋ ਸਕਦੀ ਸੀ। ਮਿਨੀਮਮ ਸਪੋਰਟਸ ਪ੍ਰਾਈਸ ਵੀ ਨਹੀਂ ਦੇ ਸਕਦੇ ਸੀ। 2013 ਦੇ ਵਿੱਚ ਇਨ੍ਹਾਂ ਨੇ ਟਰੇਡ ਫੈਸੀਲੀਟੇਸ਼ਨ ਐਗਰੀਮੈਂਟ ਤੇ ਸਾਈਨ ਕੀਤੇ। ਵਰਲਡ ਟਰੇਡ ਆਰਗੇਨਾਈਜੇਸ਼ਨ ਹੈ, ਉਹ ਕੀ ਹੈ? ...(ਵਿਘਨ)... (ਸਰਦਾਰ ਚਰਨਜੀਤ ਸਿੰਘ ਚੰਨੀ ਵੱਲੋਂ ਵਿਘਨ)... ਤੁਸੀਂ ਪਹਿਲਾਂ ਗੱਲ ਸੁਣ ਲਵੋ। ਜੋ ਮੈਂ ਇਥੇ ਗੱਲ ਕਰ ਰਿਹਾ ਹਾਂ, ਜੇ ਉਹ ਗੱਲ ਗਲਤ ਹੋਵੇਗੀ ਫਿਰ ਤੁਸੀਂ ਗੱਲ ਕਰਨਾ।

ਸ਼੍ਰੀ ਸਭਾਪਤੀ : ਅਜੇ ਤਾਂ ਕਾਲੀਆ ਜੀ ਨੇ ਸਟਾਰਟ ਹੀ ਕੀਤਾ ਹੈ, ਫਿਰ ਤੁਸੀਂ ਬਾਅਦ ਵਿੱਚ ਬੋਲ ਲੈਣਾ ...(ਵਿਘਨ)..

ਸ਼੍ਰੀ ਮਨੋਰੰਜਨ ਕਾਲੀਆ : ਚੇਅਰਮੈਨ ਸਾਹਿਬ, ਡਬਲਿਯੂ.ਟੀ.ਆਰਗੇਨਾਈਜੇਸ਼ਨ ਇਹ ਹੈ ਕਿ ਜਿਹੜੇ ਡਿਵੈਲਪਡ ਕੰਟਰੀਜ਼ ਹਨ, ਉਨ੍ਹਾਂ ਨੇ ਅਤੇ ਉਨ੍ਹਾਂ ਦੇ ਵਪਾਰੀਆਂ ਨੇ ਮੰਡੀਆਂ ਲੱਭਣੀਆਂ ਹਨ। ਉਨ੍ਹਾਂ ਨੇ ਕੀ ਕੀਤਾ ਹੈ ਕਿ ਜਿਹੜੇ ਡਿਵੈਲਪਿੰਗ ਕੰਟਰੀਜ਼ ਹਨ, ਜਿਹੜਾ ਥਰਡ ਵਰਲਡ ਹੈ, ਉਨ੍ਹਾਂ ਨੂੰ ਮੈਂਬਰ ਬਣਾ ਕੇ ਇੱਕ ਐਗਰੀਮੈਂਟ ਕੀਤਾ ਹੈ ਕਿ ਤੁਸੀਂ ਕਿਸਾਨਾਂ ਦੇ ਲਈ ਦਸ ਪ੍ਰਤੀਸ਼ਤ ਤੋਂ

[ਸ਼੍ਰੀ ਮਨੋਰੰਜਨ ਕਾਲੀਆ]

ਵੱਧ ਸਬਸਿਡੀ, ਜਿੰਨੀ ਹਾਰਵੈਸਟ ਵੈਲਿਯੂ ਹੈ, ਜਿੰਨੀ ਫਸਲ ਦੀ ਵੈਲਿਯੂ ਹੈ, ਦਸ ਪ੍ਰਤੀਸ਼ਤ ਤੋਂ ਵੱਧ ਸਬਸਿਡੀ ਨਹੀਂ ਦੇ ਸਕਦੇ। ਇਹ ਇੱਕ ਟਰੇਡ ਫੈਸਿਲੀਟੇਸ਼ਨ ਐਗਰੀਮੈਂਟ ਯੂ.ਪੀ.ਏ. ਸਰਕਾਰ ਦੇ ਸਮੇਂ ਸਾਲ 2013 ਵਿੱਚ ਡਾਕਟਰ ਮਨਮੋਹਨ ਸਿੰਘ ਜੀ ਨੇ ਸਾਈਨ ਕੀਤਾ ਸੀ। ਡਬਲਿਯੂ.ਟੀ.ਓ. ਦੀ ਇੱਕ ਪੀਸ ਕਲਾਜ਼ ਹੈ ਕਿਉਂਕਿ ਜਦੋਂ ਡਿਵੈਲਪਿੰਗ ਕੰਟਰੀਜ਼ ਨੇ ਰੌਲਾ ਪਾਇਆ, ਉਸ ਦੇ ਵਿੱਚ ਇੱਕ ਪੀਸ ਕਲਾਜ਼ ਸੀ ਕਿ ਤੁਸੀਂ ਚਾਰ ਸਾਲ ਤੱਕ ਸਬਸਿਡੀਆਂ ਦੇਈ ਜਾਵੋ, ਲੇਕਿਨ 2017 ਤੋਂ ਬਾਅਦ ਫਸਲ ਦੀ ਵੈਲਿਯੂ ਦੀ ਦਸ ਪ੍ਰਤੀਸ਼ਤ ਤੋਂ ਵੱਧ ਸਬਸਿਡੀ ਨਹੀਂ ਦੇ ਸਕਦੇ। ਉਹ ਸਾਈਨ ਹੋ ਗਏ। ਉਸ ਦਾ ਇਫੈਕਟ ਕੀ ਹੈ ਕਿ ਸਾਲ 2017 ਦੇ ਵਿੱਚ ਅਸੀਂ ਪਾਬੰਦ ਹੋ ਜਾਣਾ ਸੀ। ਕੀ ਹੋਣਾ ਸੀ ਕਿ ਮਿਨੀਮਮ ਸਪੋਰਟਸ਼ ਪ੍ਰਾਈਸ ਨਹੀਂ ਦੇ ਸਕਦੇ ਸੀ ਕਿਉਂਕਿ ਉਹ ਵੀ 10 ਪ੍ਰਤੀਸ਼ਤ ਤੋਂ ਵੱਧ ਹੈ। ਕੋਈ ਅਸੀਂ ਸਬਸਿਡੀ ਨਹੀਂ ਦੇ ਸਕਦੇ ਸੀ ਤੇ ਜਿਹੜੀ ਡਾਕਟਰ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਤੇ ਅੱਜ ਬਹਿਸ ਕਰ ਰਹੇ ਹਾਂ, ਇਹ ਅੱਜ ਸਾਰੀ ਬੇਮਾਇਨੇ ਹੋ ਜਾਣੀ ਸੀ। 2014 ਦੇ ਵਿੱਚ ਨੈਸ਼ਨਲ ਡੈਮੋਕ੍ਰੇਟਿਕ ਦੀ ਸਰਕਾਰ ਆਈ। ਸ਼੍ਰੀ ਨਰਿੰਦਰ ਮੋਦੀ ਜੀ ਪ੍ਰਧਾਨ ਮੰਤਰੀ ਬਣ ਗਏ। ਕਿਉਂਕਿ ਜਿੰਨੇ ਵੀ ਟਰੇਡ ਫੈਸਿਲੀਟੇਸ਼ਨ ਐਗਰੀਮੈਂਟ ਹਨ, ਸਿਗਨੇਚਰ ਤੋਂ ਬਾਅਦ ਰੈਟੀਫਿਕੇਸ਼ਨ ਕਹਿੰਦੇ ਹਨ। ਰੈਟੀਫਿਕੇਸ਼ਨ ਬੇਸੀਕਲੀ ਕੀ ਹੈ ਕਿ ਇਹ ਸਾਰੇ ਡਿਵੈਲਪਿੰਗ ਕੰਟਰੀਜ਼ ਦੀ ਬਾਂਹ ਮਰੋੜਦੇ ਹਨ। ਉਹ ਕੀ ਹੈ ਕਿ ਸਾਈਨ ਕਰਨ ਨਾਲ ਤਾਂ ਪਾਸ ਨਹੀਂ ਹੋ ਜਾਣਾ। ਲੋਕਾਂ ਨੇ ਤਾਂ ਮੰਨਣਾ ਹੈ, ਉਸ ਦੇ ਲਈ ਕਾਨੂੰਨ ਬਣਾਉਣਾ ਪਵੇਗਾ। ਉਹ ਰੈਟੀਫਿਕੇਸ਼ਨ ਪਾਰਲੀਮੈਂਟ ਵਿੱਚ ਹੋਣੀ ਹੈ। ਉਦੋਂ ਕੀ ਹੋਇਆ ਕਿ ਜੌਨ ਕੈਰੀ, ਸੈਕ੍ਰੇਟਰੀ ਆਫ ਸਟੇਟ ਇਮੀਜੇਟਲੀ ਆਏ ਕਿ ਜੀ ਇਹ ਰੈਟੀਫਿਕੇਸ਼ਨ ਕਰ ਦਿਓ। ਸ਼੍ਰੀ ਨਰਿੰਦਰ ਮੋਦੀ ਜੀ ਨੇ ਸਾਫ ਇਨਕਾਰ ਕੀਤਾ ਕਿ ਮੈਂ ਕਿਸਾਨਾਂ ਦੇ ਹਿਤਾਂ ਦਾ ਘਾਣ ਨਹੀਂ ਕਰਨਾ। ਜਿਹੜੀ ਇਹ ਰੈਟੀਫਿਕੇਸ਼ਨ ਖਿਲਾਫ ਹੈ, ਮੈਂ ਇਸ ਨੂੰ ਰਿਫਿਊਜ਼ ਕਰਦਾ ਹਾਂ ਔਰ ਉਸ ਦੇ ਕਾਰਨ ਅੱਜ ਕਿਸਾਨ ਦਾ ਹਿੱਤ ਪ੍ਰੋਟੈਕਟਿਡ ਹੈ ਕਿਉਂਕਿ ਨਰਿੰਦਰ ਮੋਦੀ ਜੀ ਪ੍ਰਧਾਨ ਮੰਤਰੀ ਹਨ। ਜੇ ਕਿਤੇ ਯੂ.ਪੀ.ਏ. ਸਰਕਾਰ ਹੁੰਦੀ ਤਾਂ ਅੱਜ ਉਨ੍ਹਾਂ ਨੇ ਰੈਟੀਫਿਕੇਸ਼ਨ ਕਰ ਦੇਣੀ ਸੀ ਅਤੇ ਫਿਰ ਚਾਰ ਸਾਲਾਂ ਬਾਅਦ ਤੁਸੀਂ ਫਸਲ ਦੀ ਕੀਮਤ ਦੇ ਦਸ ਪ੍ਰਤੀਸ਼ਤ ਤੋਂ ਵੱਧ ਸਬਸਿਡੀ ਨਹੀਂ ਦੇ ਸਕਦੇ ਸੀ। ਜੇ ਅੱਜ ਕਿਸਾਨਾਂ ਦਾ ਹਿਤ ਬਚਿਆ ਹੈ, ਜੇ ਰਾਸ਼ਟਰ ਹਿਤ ਬਚਿਆ ਹੈ ਤਾਂ ਉਹ ਸ਼੍ਰੀ ਨਰਿੰਦਰ ਮੋਦੀ ਜੀ ਨੇ ਬਚਾਇਆ ਹੈ। ਸਾਥੀਓ, ਇੱਕ ਗੱਲ, ਚੇਅਰਮੈਨ

ਸਾਹਿਬ, ਜਥੇਦਾਰ ਜੀ ਨੇ ਠੀਕ ਫੁਰਮਾਇਆ ਹੈ ਕਿ ਸੁਪਰੀਮ ਕੋਰਟ ਵਿੱਚ ਐਫੀਡੈਵਿਟ ਦਿੱਤਾ ਹੈ, ਉਨ੍ਹਾਂ ਨੇ ਕਿਹਾ ਹੈ ਕਿ ਡਾਕਟਰ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਕਿ cost of the value ਕਿਸਾਨ ਨੂੰ ਦੇਣੀ ਚਾਹੀਦੀ ਹੈ। ਸੋ, ਆਉਣ ਵਾਲੇ ਸਮੇਂ ਵਿਚ ਕਿਉਂਕਿ ਹਾਲੇ ਆਰਥਿਕ ਸਥਿੱਤੀ ਠੀਕ ਨਹੀਂ, ਹਾਲੇ ਸਰਕਾਰ ਨੂੰ ਆਇਆਂ ਨੂੰ ਅਜੇ ਇਕ ਸਾਲ ਹੋਇਆ ਹੈ। ਤੁਸੀਂ ਇਹ ਵੇਖੋ ਕਿ ਜਦੋਂ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ ਤਾਂ ਉਸ ਵੇਲੇ 8.5 ਪਰਸੈਂਟ ਗਰੋਥ ਰੇਟ ਸੀ ਤੇ ਹੁਣ ਕਿੰਨੀ ਹੈ? ਇਹ ਪੰਜ ਪਰਸੈਂਟ ਤੋਂ ਘੱਟ ਗਈ ਸੀ। ਹੁਣ ਇਹ ਗਰੋਥ ਰੇਟ ਫਿਰ ਵਧਣਾ ਸ਼ੁਰੂ ਹੋ ਗਿਆ ਹੈ। ਸੋ, ਗਰੋਥ ਰੇਟ ਵਧੇਗਾ, ਜੀ.ਡੀ.ਪੀ. ਵਧੇਗਾ ਤਾਂ ਇਸ ਨਾਲ ਸਰਕਾਰ ਦੀ ਆਰਥਿਕ ਹਾਲਤ ਠੀਕ ਹੋਵੇਗੀ। ਇਹ ਭਾਰਤੀ ਜਨਤਾ ਪਾਰਟੀ ਦਾ ਵੀ ਏਜੰਡਾ ਹੈ ਕਿ ਡਾਕਟਰ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਇੰਪਲੀਮੈਂਟ ਹੋਣੀ ਚਾਹੀਦੀ ਹੈ।

ਮਾਨਯੋਗ ਚੇਅਰਮੈਨ ਸਾਹਿਬ, ਮੈਂ ਇਸ ਗੱਲ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਅਸੀਂ ਰੈਜੋਲਿਊਸ਼ਨ ਪਾਸ ਕਰੀਏ ਤੇ ਸਾਰੇ ਇਸ ਦੇ ਹੱਕ ਵਿਚ ਹਨ। ਜਿਥੋਂ ਤੱਕ ਸਵਾਲ ਹੈ ਕਿ ਜਦੋਂ ਅਸੀਂ ਐਲੀਗੇਸ਼ਨ ਲਗਾਉਂਦੇ ਹਾਂ ਤਾਂ ਕਮ-ਜ਼-ਕਮ ਅਪੋਜ਼ੀਸ਼ਨ ਬੈਂਚਿਜ਼ ਨੂੰ ਆਪਣੇ ਵੱਲ ਵੀ ਧਿਆਨ ਮਾਰਨਾ ਚਾਹੀਦਾ ਹੈ ਕਿਉਂਕਿ ਇੱਕ ਉਂਗਲ ਦੂਜੇ ਵੱਲ ਹੁੰਦੀ ਹੈ ਤੇ ਤਿੰਨ ਆਪਣੇ ਵੱਲ ਹੁੰਦੀਆਂ ਹਨ। ਸੋ, ਜਿਹੜੀਆਂ ਤਿੰਨ ਉਂਗਲਾਂ ਆਪਣੇ ਵੱਲ ਹੁੰਦੀਆਂ ਹਨ, ਉਹ ਜ਼ਰੂਰ ਵੇਖ ਲਈਆਂ ਜਾਣੀਆਂ ਚਾਹੀਦੀਆਂ ਹਨ। ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਤੁਹਾਡਾ ਬਹੁਤ ਧੰਨਵਾਦ ।

ਰਾਣਾ ਗੁਰਜੀਤ ਸਿੰਘ (ਕਪੂਰਥਲਾ): ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਰੈਜੋਲਿਊਸ਼ਨ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਸਰਦਾਰ ਤੋਤਾ ਸਿੰਘ ਜੀ ਨੇ ਆਪਣੇ ਵਿਚਾਰ ਰੱਖੇ ਹਨ ਤੇ ਮੈਂ ਉਨ੍ਹਾਂ ਦੇ ਨਾਲ ਕਾਫੀ ਹੱਦ ਤੱਕ ਸਹਿਮਤ ਹਾਂ । ਇੱਕ ਇਨ੍ਹਾਂ ਨੇ ਗੱਲ ਕੀਤੀ ਕਿ ਜਦ ਤੱਕ ਇਨਟੋਟੋ ਡਾਕਟਰ ਸਵਾਮੀਨਾਥਨ ਜੀ ਦੀ ਰਿਪੋਰਟ ਲਾਗੂ ਨਹੀਂ ਹੁੰਦੀ ਤਦ ਤੱਕ ਅਸੀਂ ਭਾਅ ਵਧਾਉਂਦੇ ਰਹਾਂਗੇ। ਐਮ.ਐਸ.ਪੀ.ਲਾਗੂ ਰਹੇਗੀ, ਕਾਲੀਆ ਜੀ.ਨੇ ਆਪਣੇ ਵਿਚਾਰ ਦਿੱਤੇ, ਇਹ ਡਬਲਯੂ.ਟੀ.ਓ. ਤੇ ਪਹੁੰਚ ਗਏ। ਚੰਗੀ ਗੱਲ ਹੈ ਪਰ ਵਾਪਸ ਮੁੜ ਆਇਉ, ਕਿਤੇ ਉਥੇ ਨਾ ਰਹਿ ਜਾਇਉ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਯਾਦ ਕਰੋ ਡਾਕਟਰ ਮਨਮੋਹਨ ਸਿੰਘ ਦੇ ਰਾਜ ਦੇ

[ਰਾਣਾ ਗੁਰਜੀਤ ਸਿੰਘ]

ਉਨ੍ਹਾਂ ਦਿਨਾਂ ਨੂੰ ਜਦੋਂ ਤਿੰਨ-ਤਿੰਨ, ਚਾਰ-ਚਾਰ ਸੌ ਰੁਪਏ ਭਾਅ ਵਧਾਏ। ਠੀਕ ਹੈ ਸਵਾਮੀਨਾਥਨ ਦੀ ਰਿਪੋਰਟ ਜਿਹੜੀ ਹੈ ਲਾਗੂ ਹੋਣ ਵਿਚ....

ਸ਼੍ਰੀ ਮਨੋਰੰਜਨ ਕਾਲੀਆ: ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

ਰਾਣਾ ਗੁਰਜੀਤ ਸਿੰਘ : ਤੁਹਾਨੂੰ ਕਿਹਾ ਹੈ ਕਿ ਤੁਸੀਂ ਮੁੜ ਆਇਓ। ਮੈਂ ਅਜੇ ਬੋਲਣਾ ਸ਼ੁਰੂ ਕੀਤਾ ਹੈ, ਪੁਆਇੰਟ ਆਫ ਆਰਡਰ ਇਸ ਵਿਚ ਕਿਥੋਂ ਆ ਗਿਆ? (ਵਿਘਨ) ਅਜੇ ਤਾਂ ਮੇਰਾ ਸਨਟੈਂਸ ਵੀ ਕੰਪਲੀਟ ਨਹੀਂ ਹੋਇਆ। (ਵਿਘਨ)

ਸ਼੍ਰੀ ਮਨੋਰੰਜਨ ਕਾਲੀਆ: ਚੇਅਰਮੈਨ ਸਾਹਿਬ, ** ** **

ਸ਼੍ਰੀ ਸਭਾਪਤੀ : ਕਾਲੀਆ ਜੀ, ਬੈਠੋ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਰਾਣਾ ਗੁਰਜੀਤ ਸਿੰਘ : ਮੇਰੇ ਖਿਆਲ ਵਿਚ ਇਹ ਵਜ਼ੀਰ ਤਾਂ ਕਾਬਲ ਸਨ ਲੇਕਿਨ ਉਥੇ ਸਿਆਣਪ ਜ਼ਿਆਦਾ ਵਿਖਾਉਂਦੇ ਸੀ, ਇਸ ਕਰਕੇ ਮੇਰੇ ਵਰਗੇ ਕਰ ਦਿੱਤੇ ਹਨ। ਸੋ, ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਨ ਡੀ. ਏ. ਸਰਕਾਰ ਨੇ ਤਿੰਨ-ਤਿੰਨ, ਚਾਰ- ਚਾਰ ਸੌ ਰੁਪਏ ਫਸਲਾਂ ਦੇ ਰੇਟ ਵਧਾਏ।

ਮਾਲ ਤੇ ਮੁੜ ਵਸੇਬਾ ਮੰਤਰੀ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਐਨ. ਡੀ.ਏ. ਦੀ ਸਰਕਾਰ ਕਿਹਾ ਹੈ। ਚੇਅਰਮੈਨ ਸਾਹਿਬ, ਰਾਣਾ ਸਾਹਿਬ ਦਾ ਦਿਲ ਐਨ.ਡੀ.ਏ. ਨਾਲ ਹੈ, ਵੇਖੋ, ਮੁੜ-ਘਿੜ ਕੇ ਉਸੇ ਗੱਲ ਤੇ ਆ ਗਏ ਹਨ।

ਰਾਣਾ ਗੁਰਜੀਤ ਸਿੰਘ : ਉਹ ਐਨ.ਡੀ.ਏ. ਨੇ ਵਧਾਉਣੀ ਹੈ। ਜੇ ਨਹੀਂ ਵਧਾਉਗੇ ਤਾਂ ਲੋਕ ਤੁਹਾਡੇ ਕੱਪੜੇ ਪਾੜਨਗੇ। ਯੂ.ਪੀ.ਏ. ਨੇ ਵਧਾਈ, ਡਾਕਟਰ ਮਨਮੋਹਨ ਸਿੰਘ ਦੇ ਰਾਜ ਵਿਚ ਵਧਾਈ ਸੀ। ਇਹ ਸੀਟ ਬੜੀ ਖਤਰਨਾਕ ਹੈ, ਹੁਣ ਮੈਂ ਇਧਰ ਹੋ ਕੇ ਬੋਲਦਾ ਹਾਂ। ..(ਹਾਸਾ).. ਸੋ, ਗੱਲ ਹੈ ਕਿ ਡਾਕਟਰ ਮਨਮੋਹਨ ਸਿੰਘ ਨੇ ਫਸਲਾਂ ਦੇ ਭਾਅ ਵਧਾਏ, ਡਾਕਟਰ ਸਵਾਮੀਨਾਥਨ ਦੀ ਰਿਪੋਰਟ ਜਿਹੜੀ ਹੈ ਜੇਕਰ ਆਪਾਂ ਹੌਲੀ-ਹੌਲੀ ਉਸ ਰਿਪੋਰਟ ਵਿਚ ਇਨਟੋਟੋ ਨਹੀਂ ਜਾਂਦੇ, ਤੁਸੀਂ ਉਸ ਵਿਚ ਇਕ ਕਲਾਜ਼ ਹੋਰ ਨਹੀਂ ਪੜ੍ਹਿਆ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਤੋਤਾ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ

**Expunged as ordered by the Chair.

ਉਸ ਵਿਚ ਕਿਹਾ ਹੈ ਕਿ ਫਾਰਮਰ ਕਮਿਸ਼ਨ ਬਣਨਾ ਚਾਹੀਦਾ ਹੈ, ਤੁਸੀਂ ਬਣਾਇਆ ਵੀ ਹੈ। ਡਾਕਟਰ ਕਾਲਕਟ'ਉਸ ਦੇ ਚੇਅਰਮੈਨ ਹਨ। ਲੇਕਿਨ ਉਸ ਵਿਚ ਕਿਸਾਨ ਮੈਂਬਰ ਵੀ ਹੋਣੇ ਚਾਹੀਦੇ ਹਨ। (ਖੇਤੀਬਾੜੀ ਮੰਤਰੀ ਵੱਲੋਂ ਵਿਘਨ).. ਪਹਿਲਾਂ ਪੂਰਾ ਹੋ ਲੈਣ ਦਿਉ। ਤੁਸੀਂ ਪਹਿਲਾਂ ਹੀ ਤਾਅ ਖਾ ਜਾਂਦੇ ਹੋ। ਮੈਂ ਤਾਂ ਇਨ੍ਹਾਂ ਦੀ (ਬੀ.ਜੇ.ਪੀ. ਵੱਲ ਇਸ਼ਾਰਾ) ਗੱਲ ਕਰਦਾ ਹਾਂ। ਤੁਸੀਂ ਵੀ ਇਹੋ ਜਿਹੇ ਹੀ ਹੋ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਕਿਸਾਨ ਯੂਨੀਅਨਾਂ ਹਨ, ਉਨ੍ਹਾਂ ਦਾ ਰੋਲ ਕੀ ਹੋਣਾ ਚਾਹੀਦਾ ਹੈ? ਉਨ੍ਹਾਂ ਦਾ ਕਿਸਾਨ ਪੱਖੀ ਰੋਲ ਹੋਣਾ ਚਾਹੀਦਾ ਹੈ। ਯੂਰਪ ਵਿਚ ਜਾਉ ਤਾਂ ਉਥੇ ਕਿਸਾਨ ਯੂਨੀਅਨ ਕੀ ਕਰਦੀ ਹੈ? ਉਸ ਨੂੰ ਸਟੱਡੀ ਕਰੋ, ਉਹ ਇੰਪਲੀਮੈਂਟ ਕਰਾਉਣ ਦੀ ਲੋੜ ਹੈ ਤਾਂ ਸਵਾਮੀਨਾਥਨ ਦੀ ਰਿਪੋਰਟ ਸਹੀ ਮਾਅਨਿਆਂ ਵਿਚ ਕਾਮਯਾਬ ਹੋਵੇਗੀ। ਜਿਹੜੇ ਦਿਸ਼ਾ ਨਿਰਦੇਸ਼ ਤੁਸੀਂ ਦੇਣਾ ਚਾਹੁੰਦੇ ਹੋ, ਉਹ ਹੋਵੇਗਾ। ਅੱਜ ਪੰਜਾਬ ਵਿਚ ਕੀ ਹੋ ਰਿਹਾ ਹੈ? ਕਿਸਾਨ ਯੂਨੀਅਨਾਂ ਨੂੰ ਤਾਂ ** ਦੇ ਦਿੱਤੇ ਉਹ ਬੋਲਦੇ ਹੀ ਨਹੀਂ, ਕਿਸੇ ਨੂੰ ਚੇਅਰਮੈਨੀ ਦੇ ਦਿੱਤੀ, ਕਿਸੇ ਨੂੰ ਕੁਝ ਦੇ ਦਿੱਤਾ, ਕਿਸੇ ਨੂੰ ਮੰਡੀ ਬੋਰਡ, ਕੁਝ ਵੀ ਦਿਉ ** ਦੇ ਕੇ ਕਿਸਾਨਾਂ ਦੀ ਅਵਾਜ਼ ਦਬਾਉਣ ਦੀ ਕੋਸ਼ਿਸ਼ ਨਾ ਕਰੋ। ਇਸ ਤਰ੍ਹਾਂ ਤਾਂ ਕਿਸਾਨ ਦਾ ਪੱਖ ਪੂਰਿਆ ਹੀ ਨਹੀਂ ਜਾ ਸਕਦਾ ਜਦੋਂ ਤੱਕ ਅਸੀਂ ਕਿਸਾਨ ਯੂਨੀਅਨਜ਼ ਨੂੰ ਐਜੂਕੇਟ ਨਹੀਂ ਕਰਦੇ।

ਸ਼੍ਰੀ ਸਭਾਪਤੀ : ** ** ਲਫ਼ਜ਼ ਐਕਸਪੰਜ ਕਰ ਦਿੱਤਾ ਜਾਵੇ।

ਰਾਣਾ ਗੁਰਜੀਤ ਸਿੰਘ : ਸਰ, ** ** ਤਾਂ ਇਹ ਹਰੇਕ ਨੂੰ ਦਿੰਦੇ ਹਨ। ਚਲੋ, ਠੀਕ ਹੈ ਜੀ, ਤੁਹਾਡੀ ਗੱਲ ਮੰਨ ਲੈਂਦੇ ਹਾਂ।

ਸਰਦਾਰ ਲਾਲ ਸਿੰਘ (ਬੈਠੇ-ਬੈਠੇ) : ਮਿੱਠੀਆਂ ਗੋਲੀਆਂ ਕਹਿ ਦਿਉ।

ਰਾਣਾ ਗੁਰਜੀਤ ਸਿੰਘ : ਜਿਹੜੀ ਇਨ੍ਹਾਂ ਨੇ ਡਬਲਿਊ.ਟੀ.ਓ. ਦੀ ਗੱਲ ਕੀਤੀ ਹੈ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਉਸ ਨਾਲ ਜੋੜਿਆ ਹੈ, ਇਹ ਬਿਲਕੁਲ ਗਲਤ ਹੈ। ਡਾ. ਸਵਾਮੀਨਾਥਨ ਕਿਤੇ ਵੀ ਇਸ ਰਿਪੋਰਟ ਵਿੱਚ ਇਹ ਨਹੀਂ ਕਹਿ ਰਹੇ, it is assurance, it is subsidy. ਫਾਰਮਰ ਨੂੰ ਅੱਜ ਐਸ਼ੋਰੈਂਸ ਦੀ ਲੋੜ ਹੈ। ਉਸ ਨੂੰ ਐਸ਼ਿਓਰ ਕਰੋ ਕਿ ਤੇਰੀ ਇਸ ਫ਼ਸਲ ਨਾਲ ਤੈਨੂੰ ਇੰਨਾ ਪ੍ਰਾਫਿਟ ਹੋਵੇਗਾ। ਕਾਲੀਆ ਜੀ, ਤੁਸੀਂ ਡਬਲਿਊ.ਟੀ.ਓ. ਨਾਲ ਇਸ ਨੂੰ ਕਿਵੇਂ ਜੋੜ ਸਕਦੇ ਹੋ? ਕਾਲੀਆ ਜੀ ਚਲੇ ਗਏ ਹਨ। ਇਹ ਇਨ੍ਹਾਂ ਦਾ ਹਾਲ ਹੈ।

**Expunged as ordered by the Chair.

ਸ਼੍ਰੀ ਸਭਾਪਤੀ : ਹੁਣ ਤੁਸੀਂ ਵਾਈਂਡ ਅੱਪ ਕਰੋ ਜੀ।

ਰਾਣਾ ਗੁਰਜੀਤ ਸਿੰਘ : ਜਦੋਂ ਤੱਕ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਨਹੀਂ ਹੁੰਦੀ, ਕਾਂਗਰਸ ਪਾਰਟੀ ਦਾ ਸਟੈਂਡ ਹੈ ਕਿ 300-300, 400-400 ਰੁਪਿਆ ਫ਼ਸਲਾਂ ਦੇ ਭਾਅ ਵਧਣੇ ਚਾਹੀਦੇ ਹਨ। ਮੈਂ ਇੰਨਾ ਹੀ ਕਹਿਣਾ ਚਾਹੁੰਦਾ ਹਾਂ।

ਸਰਦਾਰ ਲਾਲ ਸਿੰਘ : ਚੇਅਰਮੈਨ ਸਾਹਿਬ....

ਸ਼੍ਰੀ ਸਭਾਪਤੀ : ਸਰਦਾਰ ਲਾਲ ਸਿੰਘ ਜੀ, ਜਾਖੜ ਸਾਹਿਬ ਅਤੇ ਰਾਣਾ ਜੀ ਨੇ ਇਸ ਵਿਸ਼ੇ ਤੇ ਬੋਲ ਲਿਆ ਹੈ। ਤੁਸੀਂ ਸੰਖੇਪ ਵਿੱਚ ਹੀ ਆਪਣੀ ਗੱਲ ਕਹਿਣਾ।

ਸਰਦਾਰ ਲਾਲ ਸਿੰਘ (ਸਨੌਰ) : ਚੇਅਰਮੈਨ ਸਾਹਿਬ, ਮੈਂ ਕਾਲੀਆ ਸਾਹਿਬ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ। ਸਾਲ 2002 ਦੇ ਮਾਰਚ ਮਹੀਨੇ ਵਿੱਚ ਸਾਡੀ ਸਰਕਾਰ ਨੂੰ ਬਣਿਆਂ ਪੰਜ ਦਿਨ ਹੋਏ ਸਨ। ਪਹਿਲੀ ਅਪ੍ਰੈਲ ਨੂੰ ਕਣਕ ਦੀ ਖਰੀਦ ਸ਼ੁਰੂ ਹੁੰਦੀ ਹੈ। ਉਸ ਸਮੇਂ ਮਾਰਚ ਤੋਂ ਪਹਿਲਾਂ ਵਾਜਪਾਈ ਜੀ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਐਮ.ਐਸ.ਪੀ. ਅਨਾਊਂਸ ਹੀ ਨਹੀਂ ਕੀਤੀ। ਐਮ.ਐਸ.ਪੀ. ਫ੍ਰੀਜ਼ ਕਰ ਦਿੱਤੀ। ਜਿਸ ਕਾਰਨ ਸਾਡੀ ਸਾਰੀ ਸਰਕਾਰ, ਉਸ ਦੇ ਵਜ਼ੀਰ ਅਤੇ ਚੀਫ਼ ਮਨਿਸਟਰਜ਼ ਨੂੰ ਪ੍ਰਾਈਮ ਮਨਿਸਟਰ ਦੀ ਕੋਠੀ ਸਾਹਮਣੇ ਧਰਨਾ ਦੇਣਾ ਪਿਆ। ਜਿਸ ਤੋਂ ਬਾਅਦ ਸਿਰਫ਼ 10 ਰੁਪਏ ਐਮ.ਐਸ.ਪੀ. ਦਾ ਵਾਧਾ ਅਨਾਊਂਸ ਕੀਤਾ ਗਿਆ। ਇਹ ਇੱਥੇ ਫੜ੍ਹਾਂ ਮਾਰਦੇ ਹਨ ਅਤੇ ਇਨ੍ਹਾਂ ਨੂੰ ਕਿਸੇ ਗੱਲ ਦੀ ਸਮਝ ਨਹੀਂ ਹੈ। ਇਨ੍ਹਾਂ ਨੂੰ ਕਿਸਾਨਾਂ ਨਾਲ ਕੋਈ ਹਮਦਰਦੀ ਨਹੀਂ।

ਸ਼੍ਰੀ ਸਭਾਪਤੀ : ਬੈਠੋ ਜੀ।

ਸਰਦਾਰ ਲਾਲ ਸਿੰਘ : ਮੈਂ ਰਾਣਾ ਜੀ ਨਾਲ ਸਹਿਮਤ ਹਾਂ। ਯੂ.ਪੀ.ਏ. ਦੀ ਸਰਕਾਰ ਨੇ ਹਮੇਸ਼ਾ ਕਿਸਾਨਾਂ ਨਾਲ ਹਮਦਰਦੀ ਕੀਤੀ ਹੈ। ਜਦੋਂ 150 ਰੁਪਏ ਅਨਾਊਂਸ ਹੋਇਆ, ਬਾਦਲ ਸਾਹਿਬ ਹਮੇਸ਼ਾ ਕਹਿੰਦੇ ਰਹਿੰਦੇ ਸੀ ਕਿ ਕਿਸਾਨਾਂ ਨਾਲ ਧੋਖਾ ਹੋਇਆ ਹੈ, ਕਿਸਾਨਾਂ ਨਾਲ ਮਜ਼ਾਕ ਹੋਇਆ ਹੈ ਪਰੰਤੂ ਜਦੋਂ 50 ਰੁਪਏ ਅਨਾਊਂਸ ਹੋਇਆ ਤਾਂ ਇਹ ਬਿਲਕੁਲ ਹੀ ਨਹੀਂ ਬੋਲੇ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ। ਮੈਂ ਇਕ ਗੱਲ ਸਮਝਣਾ

ਚਾਹੁੰਦਾ ਹਾਂ। ਮੈਂ ਇੱਥੇ ਦੇਖਿਆ ਹੈ, ਇਹ ਮਹਿਸੂਸ ਨਾ ਕਰ ਜਾਣ। ਇਹ ਸਾਰੇ ਕਿਸਾਨਾਂ ਦੇ ਠੇਕੇਦਾਰ ਬਣ ਗਏ ਹਨ। ਜੇਕਰ ਇਹ ਕਿਸਾਨਾਂ ਦੇ ਅਸਲ ਹਿਤੈਸ਼ੀ ਸਨ, ਤੁਸੀਂ ਹਮਦਰਦ ਸੀ ਫੇਰ ਕੀ ਹੋਇਆ, ਹਿੰਦੁਸਤਾਨ ਵਿੱਚ 70% ਲੋਕ ਕਿਸਾਨੀ ਤੇ ਨਿਰਭਰ ਹਨ, 344 ਸੀਟਾਂ ਤਾਂ ਐਨ.ਡੀ.ਏ. ਦੀਆਂ ਆ ਗਈਆਂ ਅਤੇ 44 ਤੱਕ ਇਹ ਸਿਮਟ ਕੇ ਰਹਿ ਗਏ। ਸੁਭਾਵਿਕ ਹੈ ਕਿਉਂਕਿ ਕਿਸਾਨ ਵੀ ਇਹ ਮਹਿਸੂਸ ਕਰਨ ਲੱਗ ਪਏ ਕਿ ਕਿਸਾਨਾਂ ਨਾਲ ਕਾਂਗਰਸ ਪਾਰਟੀ ਧੋਖਾ ਕਰ ਰਹੀ ਹੈ। ਕਿਸਾਨੀ ਦੇ ਨਾਂ ਤੇ ਵੋਟਾਂ ਲੈ ਰਹੀ ਹੈ, ਕਿਸਾਨਾਂ ਦੀਆਂ ਅੱਖਾਂ ਵਿੱਚ ਧੂੜ ਪਾ ਰਹੀ ਹੈ। ਇਸ ਲਈ ਮੈਂ ਜਾਖੜ ਸਾਹਿਬ ਨੂੰ ਇਕ ਹੋਰ ਬੇਨਤੀ ਕਰਾਂਗਾ.... (ਵਿਘਨ, ਸ਼ੋਰ)

ਸ਼੍ਰੀ ਸਭਾਪਤੀ : ਸੁਣੋ ਜੀ ਪਲੀਜ਼।

ਮਾਲ ਤੇ ਮੁੜ ਵਸੇਬਾ ਮੰਤਰੀ : ਚੇਅਰਮੈਨ ਸਾਹਿਬ, ਇਨ੍ਹਾਂ ਦੀ ਸਿਲੈਕਟਿਵ ਯਾਦਾਸ਼ਤ ਇੰਨੀ ਜ਼ਬਰਦਸਤ ਹੈ ਕਿ ਐਮ.ਐਸ.ਪੀ. ਵਧਾਇਆ ਜਾਂ ਘਟਾਇਆ ਪਰੰਤੂ ਜਿੰਨਾ ਖਾਦ ਦਾ ਜਾਂ ਡੀਜ਼ਲ ਦਾ ਰੇਟ ਘਟਾਇਆ, ਉਸ ਦੀ ਇਹ ਬਿਲਕੁਲ ਗੱਲ ਨਹੀਂ ਕਰਦੇ। ਸਿਲੈਕਟਿਵ ਯਾਦਾਸ਼ਤ ਦੇਖੋ ਕਿੰਨੀ ਜ਼ਬਰਦਸਤ ਹੈ। ਸੂਬੇ ਦੀ ਸਰਕਾਰ ਤਾਂ ਇਕੋ ਹੀ ਚੀਜ਼ ਦੇ ਸਕਦੀ ਸੀ, ਫਰੀ ਪਾਵਰ ਅਤੇ ਸਬਸਿਡੀ ਦਿੱਤੀ ਪਰੰਤੂ ਇਨ੍ਹਾਂ ਦੀ ਜਦੋਂ ਸਰਕਾਰ ਬਣੀ, ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿੱਚ ਇਹ ਵਾਅਦਾ ਜ਼ਰੂਰ ਰੱਖਿਆ ਕਿ ਕਾਂਗਰਸ ਦੀ ਇਕ ਵਾਰ ਸਰਕਾਰ ਬਣਾ ਦਿਓ, ਮਿੰਨਤਾਂ ਕੀਤੀਆਂ, ਲੋਕ ਫਸ ਗਏ ਅਤੇ ਇਨ੍ਹਾਂ ਤੇ ਭਰੋਸਾ ਕਰ ਲਿਆ ਅਤੇ ਚੇਅਰਮੈਨ ਸਾਹਿਬ, ਸਰਕਾਰ ਬਣਦਿਆਂ ਹੀ ਬਿਲ ਲੈ ਆਏ, ਜਿਸ ਨਾਲ ਹਾਹਾਕਾਰ ਮੱਚ ਗਈ। ਸੂਬੇ ਦੀ ਸਰਕਾਰ ਇਕ ਚੀਜ਼ ਦੇ ਸਕਦੀ ਸੀ, ਪਰੰਤੂ ਇਨ੍ਹਾਂ ਨੇ ਉਹ ਵੀ ਨਹੀਂ ਦਿੱਤੀ। ਡਾ. ਸਵਾਮੀਨਾਥਨ ਕਮਿਸ਼ਨ ਬਾਰੇ ਅੱਜ ਇਨ੍ਹਾਂ ਨੂੰ ਬੜਾ ਦਰਦ ਹੋ ਰਿਹਾ ਹੈ। ਇਹ ਅਸਲੀਅਤ ਦੀ ਗੱਲ ਹੈ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਇਨ੍ਹਾਂ ਦੀ ਵਜ਼ਾਰਤ ਵੇਲੇ ਆਈ ਸੀ, ਯੂ.ਪੀ.ਏ. ਵੇਲੇ ਆਈ ਸੀ ਪਰੰਤੂ ਅੱਠ ਸਾਲ ਕੱਢ ਦਿੱਤੇ ਇਨ੍ਹਾਂ ਨੇ ਇਸ ਤੇ ਕੁਝ ਨਹੀਂ ਕੀਤਾ। ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਇਸ ਤੇ ਸਿਆਸੀ ਰੋਟੀਆਂ ਨਾ ਸੇਕੀਆਂ ਜਾਣ। ਹਿੰਦੁਸਤਾਨ ਦੇ ਲੋਕ ਬਹੁਤ ਸਿਆਣੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਕਿਸਾਨੀ ਦੇ ਦਰਦ ਨੂੰ ਕੌਣ ਸਮਝਦਾ ਹੈ। ਲੋਕਾਂ ਨੇ ਹੁਣੇ ਸਾਲ 2014 ਵਿੱਚ

[ਮਾਲ ਤੇ ਮੁੜ ਵਸੇਬਾ ਮੰਤਰੀ]

ਫੈਸਲਾ ਦਿੱਤਾ ਹੈ। ਜੇ ਤੁਹਾਨੂੰ ਉਹ ਸਮਝਦੇ ਕਿ ਕਾਂਗਰਸ ਪਾਰਟੀ ਨੇ ਕੁਝ ਕੀਤਾ ਹੈ ਤਾਂ ਅੱਜ ਵਿਰੋਧੀ ਧਿਰ ਦੇ ਲੀਡਰ ਬਾਰੇ ਰੌਲਾ ਨਾ ਪੈਂਦਾ, ਉਹ ਵੀ ਲੈ ਜਾਂਦੇ, ਕਿੱਥੇ ਤੁਸੀਂ ਉਹ ਵੀ ਨਹੀਂ ਲੈ ਸਕੇ, ਸੁਭਾਵਿਕ ਹੈ ਕਿ ਲੋਕ ਸਭ ਸਮਝਦੇ ਹਨ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਚੇਅਰਮੈਨ ਸਾਹਿਬ, ਮੈਂ ਆਨਰੇਬਲ ਮੈਂਬਰਜ਼ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਆਫੀਸ਼ੀਅਲ ਰੈਜੋਲਿਊਸ਼ਨ ਦੇ ਸਮਰਥਨ ਵਿੱਚ ਆਪਣੇ ਵਿਚਾਰ ਰੱਖੇ। ਕੁਝ ਮੈਂਬਰ ਸਾਹਿਬਾਨ ਨੇ ਇਸ ਇਸ਼ੂ ਨੂੰ ਪੁਲੀਟੀਕਲਾਈਜ਼ ਕਰਨ ਦੀ ਗੱਲ ਕੀਤੀ, ਲੇਕਿਨ ਉਹ ਭੁੱਲ ਗਏ ਸੀ ਕਿ ਕਦੋਂ ਰਿਪੋਰਟ ਸਬਮਿਟ ਹੋਈ ਅਤੇ ਲਾਗੂ ਹੋਣ ਦੀ ਗੱਲ ਅਸੀਂ ਸ਼ੁਰੂ ਕੀਤੀ ਹੈ। ਇਸ ਕਰਕੇ ਮੈਂ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ਤਾਂ ਕਿ ਭਾਰਤ ਸਰਕਾਰ ਨੂੰ ਇਸ ਦੀ ਸਿਫਾਰਸ਼ ਕੀਤੀ ਜਾਵੇ।

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

"ਕਿ ਇਹ ਸਦਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਡਾ. ਸਵਾਮੀਨਾਥਨ ਕਮੇਟੀ ਦੀਆਂ ਕਿਸਾਨਾਂ ਨਾਲ ਸਬੰਧਤ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਨੂੰ ਪਹੁੰਚ ਕਰੇ।"

ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)

---

(3) OFFICIAL RESOLUTION REGARDING RECOMMENDATION TO THE STATE GOVERNMENT FOR PROVIDING RESIDENTIAL ACCOMMODATION ON CONCESSIONAL RATES TO THE EX. SPEAKERS OF PUNJAB VIDHAN SABHA ON THE PATTERN OF CENTRAL GOVERNMENT.

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਚੇਅਰਮੈਨ ਸਾਹਿਬ, ਮੈਂ ਇੱਕ ਮਤਾ ਪੇਸ਼ ਕਰਨਾ ਚਾਹੁੰਦਾ ਹਾਂ। ਸਰ, ਮੇਰੇ ਕੋਲ ਆਨਰੇਬਲ ਮੈਂਬਰ ਦੀ ਇੱਕ ਬੇਨਤੀ ਆਈ ਹੈ। ਮੈਂ ਇਹ ਤੁਹਾਡੇ ਸਾਹਮਣੇ ਇਹ ਰੱਖਣਾ

ਚਾਹੁੰਦਾ ਹਾਂ। ਉਨ੍ਹਾਂ ਦੀ ਬੇਨਤੀ ਹੈ ਕਿ ਜਿਵੇਂ ਅਸੀਂ ਬਹੁਤ ਸਾਰੇ ਮੁੱਖ ਮੰਤਰੀ ਅਤੇ ਹੋਰ ਬਾਕੀ ਡਿਗਨਟਰੀਜ਼ ਵਾਸਤੇ ਅਕਾਮੋਡੇਸ਼ਨ ਪ੍ਰੋਵਾਈਡ ਕੀਤੀ ਹੈ, ਇਸ ਵਾਸਤੇ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਇਹ ਅੱਜ ਬੜਾ ਜ਼ਰੂਰੀ ਮਾਮਲਾ ਹੈ ਅਤੇ ਇਸ ਨੂੰ ਸਰਕਾਰੀ ਮਤੇ ਦੇ ਤੌਰ ਤੇ ਮੰਨ ਲਿਆ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਇਹ ਸਦਨ ਸਰਬਸੰਮਤੀ ਨਾਲ ਸਿਫਾਰਸ਼ ਕਰਦਾ ਹੈ ਕਿ ਕੇਂਦਰੀ ਪੈਟਰਨ ਅਤੇ ਪੰਜਾਬ ਸਰਕਾਰ ਵੱਲੋਂ ਕੁਝ ਵਿਸ਼ੇਸ਼ ਅਹੁਦਿਆਂ ਤੇ ਰਹਿ ਚੁੱਕੇ ਬਜ਼ੁਰਗ ਨੇਤਾਵਾਂ ਨੂੰ, ਜਿਵੇਂ ਲੋਕ ਸਭਾ ਦੇ ਸਾਬਕਾ ਸਪੀਕਰ, ਰਾਜ ਦੇ ਸਾਬਕਾ ਮੁੱਖ ਮੰਤਰੀਆਂ ਨੂੰ ਸਟੇਟ ਹੈੱਡ ਕੁਆਰਟਰ ਤੇ ਕਿਫਾਇਤੀ ਦਰ ਤੇ ਸਰਕਾਰੀ ਘਰ ਦਿੱਤੇ ਜਾਣ ਦੀ ਤਰਜ਼ ਤੇ ਪੰਜਾਬ ਦੇ ਸਾਬਕਾ ਸਪੀਕਰ ਸਾਹਿਬਾਨ ਨੂੰ ਜਿਨ੍ਹਾਂ ਨੇ ਪੰਜ ਸਾਲ ਜਾਂ ਵੱਧ ਸਮੇਂ ਲਈ ਸੇਵਾ ਨਿਭਾਈ ਹੋਵੇ, ਕਿਫਾਇਤੀ ਕਿਰਾਏ ਤੇ ਐਮ.ਐਲ.ਏ. ਫਲੈਟ ਜਾਂ ਕੋਠੀ ਦਿੱਤੀ ਜਾਇਆ ਕਰੇ। ਸੋ, ਜਿਵੇਂ ਅਸੀਂ ਚੀਫ ਮਨਿਸਟਰ ਸਾਹਿਬ ਨੂੰ ਦਿੰਦੇ ਹਾਂ, ਸਪੀਕਰ ਵੀ ਡੈਮੋਕਰੇਸੀ ਦਾ ਇੰਪੌਰਟੈਂਟ ਅੰਗ ਹੈ। ਅਗਰ ਸਪੀਕਰ ਜਿਨ੍ਹਾਂ ਨੇ ਪੰਜ ਸਾਲ ਜਾਂ ਇਸ ਤੋਂ ਵੱਧ ਅਰਸਾ ਸਪੀਕਰ ਵਜੋਂ ਗੁਜ਼ਾਰਿਆ ਹੈ, ਉਨ੍ਹਾਂ ਵਾਸਤੇ ਮੰਗ ਕਰਦੇ ਹਾਂ ਕਿ ਉਨ੍ਹਾਂ ਨੂੰ ਵੀ ਇਸੇ ਤਰੀਕੇ ਨਾਲ ਰੈਜੀਡੈਂਸ਼ੀਅਲ ਅਕਾਮੋਡੇਸ਼ਨ ਕੰਨਸੈਸ਼ਨਲ ਰੇਟ ਤੇ ਦਿੱਤਾ ਜਾਵੇ ਕਿਉਂਕਿ ਸਪੀਕਰ ਸਾਹਿਬ ਨੂੰ ਵੀ ਹਾਊਸ ਦਾ ਬੜਾ ਆਨਰੇਬਲ ਮੈਂਬਰ ਸਮਝਿਆ ਜਾਂਦਾ ਹੈ। We are following the pattern of English Parliamentary system. ਉਥੇ ਤਾਂ ਸਪੀਕਰ ਨੂੰ ਅਨਅਪੋਜ਼ਡ ਸੈਕਿੰਡ ਟਰਮ ਤੇ ਚੁਣਿਆ ਜਾਂਦਾ ਹੈ ਪਰ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਨੂੰ ਕਮ-ਜ਼-ਕਮ ਅਕਾਮੋਡੇਸ਼ਨ ਹੀ ਦੇ ਦੇਈਏ ਜਿਹੜੇ ਕਿ ਆਪਣੀ ਟਰਮ ਪੰਜ ਸਾਲ ਲਈ ਪੂਰੀ ਕਰ ਲੈਂਦੇ ਹਨ। ਮੈਂ ਸਮਝਦਾ ਹਾਂ ਕਿ ਇਹ ਗੁੱਡ ਪ੍ਰੈਕਟਿਸ ਹੋਵੇਗੀ।

ਮਾਲ ਤੇ ਮੁੜ ਵਸੇਬਾ ਮੰਤਰੀ : ਸਰ, ਕੀ ਪਹਿਲੇ ਵਾਲਾ ਮਤਾ ਪਾਸ ਹੋ ਚੁੱਕਿਆ ਹੈ?

ਸੰਸਦੀ ਮਾਮਲੇ ਮੰਤਰੀ : ਉਹ ਤਾਂ ਪਾਸ ਹੋ ਗਿਆ ਹੈ ਜੀ। ਉਸ ਵਾਸਤੇ ਤਾਂ ਸਾਰਿਆਂ ਨੇ ਆਪਣੇ ਹੱਥ ਵੀ ਖੜ੍ਹੇ ਕਰ ਦਿੱਤੇ ਸੀ।

ਸ਼੍ਰੀ ਸਭਾਪਤੀ : ਉਹ ਸਰਬਸੰਮਤੀ ਨਾਲ ਪਾਸ ਹੋ ਗਿਆ ਹੈ। (ਵਿਘਨ)(ਸ਼ੋਰ)... ਬੈਠੋ ਜੀ। ਮਿੱਤਲ ਸਾਹਿਬ, ਬੈਠੋ ਜੀ।

ਸ਼੍ਰੀ ਸੁਨੀਲ ਜਾਖੜ (ਅਬੋਹਰ): ਚੇਅਰਮੈਨ ਸਾਹਿਬ, with no disrespect, I would like to submit, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ We are following Westminister Parliamentary system, ਮੇਰੀ ਗੁਜਾਰਿਸ਼ ਹੈ ਕਿ ਆਪਾਂ ਰਿਕੁਐਸਟ ਕਰੀਏ ਕਿ ਜਿਹੜਾ ਵਿਅਕਤੀ ਉਸ ਕੁਰਸੀ ਤੇ ਬੈਠੇ, he should also follow the Westminister way of doing the speakership ਇਹ ਮੇਰੀ ਗੁਜਾਰਿਸ਼ ਹੈ। ਇਥੇ ਫਿਰ ਇਹ ਨਾ ਹੋਵੇ ਕਿ ਸਰਕਾਰ ਦੇ ਅੰਗੂਠੇ ਹੇਠਾਂ ਕਿ ਮੈਨੂੰ ਫਲੈਟ ਤੇ ਕੋਠੀ ਕਿਹੜੀ ਦੇਵੋਗੇ, ਇਸ ਵਾਸਤੇ ਇਨ੍ਹਾਂ ਦੇ ਕੰਮ ਹੀ ਨਾ ਕਰੀ ਜਾਵੇ, The Opposition should be protected.

ਸ਼੍ਰੀ ਸਭਾਪਤੀ : ਜਿਹੜਾ ਸੰਸਦੀ ਮਾਮਲੇ ਮੰਤਰੀ ਜੀ ਨੇ ਹਾਊਸ ਵਿੱਚ ਮਤਾ ਲੈ ਕੇ ਆਂਦਾ ਹੈ, ਸਪੀਕਰ ਦੇ ਆਫਿਸ ਦੀ ਬੜੀ ਹਾਈ ਡਿਗਨਟੀ ਹੈ, ਜੇ ਹਾਊਸ ਅਲਾਉ ਕਰੇ ਤਾਂ ਆਪਾਂ ਸਾਰੇ ਸਰਬਸੰਮਤੀ ਨਾਲ ਇਸ ਨੂੰ ਪਾਸ ਕਰ ਲੈਂਦੇ ਹਾਂ। ..(ਵਿਘਨ).. ਸੰਸਦੀ ਮਾਮਲੇ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਪ੍ਰਸਤਾਵ ਹੈ–

> "ਕਿ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਕੇਂਦਰੀ ਪੈਟਰਨ ਅਤੇ ਪੰਜਾਬ ਸਰਕਾਰ ਵੱਲੋਂ ਕੁਝ ਵਿਸ਼ੇਸ਼ ਅਹੁਦਿਆਂ ਤੇ ਰਹਿ ਚੁੱਕੀਆਂ ਸ਼ਖਸੀਅਤਾਂ, ਜਿਵੇਂ ਲੋਕ ਸਭਾ ਦੇ ਸਾਬਕਾ ਸਪੀਕਰ ਅਤੇ ਰਾਜ ਦੇ ਸਾਬਕਾ ਮੁੱਖ ਮੰਤਰੀਆਂ ਨੂੰ ਸਟੇਟ ਹੈਡਕੁਆਰਟਰ ਵਿਖੇ ਕਫਾਇਤੀ ਦਰ ਤੇ ਸਰਕਾਰੀ ਘਰ ਦਿੱਤੇ ਜਾਣ ਦੀ ਤਰਜ਼ ਤੇ ਪੰਜਾਬ ਦੇ ਸਾਬਕਾ ਸਪੀਕਰ ਸਾਹਿਬਾਨ, ਜਿਨ੍ਹਾਂ ਨੇ 5 ਸਾਲ ਜਾਂ ਵੱਧ ਸਮੇਂ ਲਈ ਸੇਵਾ ਨਿਭਾਈ ਹੋਵੇ, ਨੂੰ ਵੀ ਕਫਾਇਤੀ ਕਿਰਾਏ ਤੇ ਐਮ.ਐਲ.ਏ.ਫਲੈਟ/ਕੋਠੀ ਦਿੱਤੀ ਜਾਇਆ ਕਰੇ।"

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ–

> "ਕਿ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਕੇਂਦਰੀ ਪੈਟਰਨ ਅਤੇ ਪੰਜਾਬ ਸਰਕਾਰ ਵੱਲੋਂ ਕੁਝ ਵਿਸ਼ੇਸ਼ ਅਹੁਦਿਆਂ ਤੇ ਰਹਿ ਚੁੱਕੀਆਂ ਸ਼ਖਸੀਅਤਾਂ, ਜਿਵੇਂ ਲੋਕ ਸਭਾ ਦੇ ਸਾਬਕਾ ਸਪੀਕਰ ਅਤੇ ਰਾਜ ਦੇ

ਸਾਬਕਾ ਮੁੱਖ ਮੰਤਰੀਆਂ ਨੂੰ ਸਟੇਟ ਹੈਡਕੁਆਰਟਰ ਵਿਖੇ ਕਫਾਇਤੀ ਦਰ ਤੇ ਸਰਕਾਰੀ ਘਰ ਦਿੱਤੇ ਜਾਣ ਦੀ ਤਰਜ਼ ਤੇ ਪੰਜਾਬ ਦੇ ਸਾਬਕਾ ਸਪੀਕਰ ਸਾਹਿਬਾਨ, ਜਿਨ੍ਹਾਂ ਨੇ 5 ਸਾਲ ਜਾਂ ਵੱਧ ਸਮੇਂ ਲਈ ਸੇਵਾ ਨਿਭਾਈ ਹੋਵੇ, ਨੂੰ ਵੀ ਕਫਾਇਤੀ ਕਿਰਾਏ ਤੇ ਐਮ.ਐਲ. ਏ.ਫਲੈਟ/ਕੋਠੀ ਦਿੱਤੀ ਜਾਇਆ ਕਰੇ।"

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

"ਕਿ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਕੇਂਦਰੀ ਪੈਟਰਨ ਅਤੇ ਪੰਜਾਬ ਸਰਕਾਰ ਵੱਲੋਂ ਕੁਝ ਵਿਸ਼ੇਸ਼ ਅਹੁਦਿਆਂ ਤੇ ਰਹਿ ਚੁੱਕੀਆਂ ਸ਼ਖਸੀਅਤਾਂ, ਜਿਵੇਂ ਲੋਕ ਸਭਾ ਦੇ ਸਾਬਕਾ ਸਪੀਕਰ ਅਤੇ ਰਾਜ ਦੇ ਸਾਬਕਾ ਮੁੱਖ ਮੰਤਰੀਆਂ ਨੂੰ ਸਟੇਟ ਹੈਡਕੁਆਰਟਰ ਵਿਖੇ ਕਫਾਇਤੀ ਦਰ ਤੇ ਸਰਕਾਰੀ ਘਰ ਦਿੱਤੇ ਜਾਣ ਦੀ ਤਰਜ਼ ਤੇ ਪੰਜਾਬ ਦੇ ਸਾਬਕਾ ਸਪੀਕਰ ਸਾਹਿਬਾਨ, ਜਿਨ੍ਹਾਂ ਨੇ 5 ਸਾਲ ਜਾਂ ਵੱਧ ਸਮੇਂ ਲਈ ਸੇਵਾ ਨਿਭਾਈ ਹੋਵੇ, ਨੂੰ ਵੀ ਕਫਾਇਤੀ ਕਿਰਾਏ ਤੇ ਐਮ.ਐਲ. ਏ.ਫਲੈਟ/ਕੋਠੀ ਦਿੱਤੀ ਜਾਇਆ ਕਰੇ।"

ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ: ਹੁਣ ਵਿਧਾਨਕ ਕੰਮ-ਕਾਰ ਲਿਆ ਜਾਵੇਗਾ।

LEGISLATIVE BUSINESS

1. The Punjab Shops and Commercial Establishments (Amendment) Bill, 2015.

ਸ਼੍ਰੀ ਸਭਾਪਤੀ : ਸ਼੍ਰੀ ਚੂਨੀ ਲਾਲ ਭਗਤ, ਕਿਰਤ ਮੰਤਰੀ ਜੀ ਬਿਲ ਪੇਸ਼ ਕਰਨ।

ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

[ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ]

ਸ਼੍ਰੀਮਾਨ ਜੀ ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ -

ਕਿ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ : ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਸ਼੍ਰੀ ਸਭਾਪਤੀ: ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ-

ਕਿ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਪੰਜਾਬ ਦੁਕਾਨਾਂ ਅਤੇ ਵਪਾਰਕ ਸੰਸਥਾਨਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

2. The Minimum Wages (Punjab Amendment) Bill, 2015

ਸ਼੍ਰੀ ਸਭਾਪਤੀ : ਸ਼੍ਰੀ ਚੂਨੀ ਲਾਲ ਭਗਤ, ਕਿਰਤ ਮੰਤਰੀ ਜੀ ਬਿਲ ਪੇਸ਼ ਕਰਨ।

ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ)

ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਸ਼੍ਰੀ ਸਭਾਪਤੀ: ਪ੍ਰਸਤਾਵ ਕੀਤਾ -

ਕਿ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਸ਼੍ਰੀ ਸਭਾਪਤੀ: ਪ੍ਰਸ਼ਨ ਹੈ-

ਕਿ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ : ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ 2

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਿਰਲੇਖ

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : :ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ-

ਕਿ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸ਼ਨ ਹੈ-

ਕਿ ਘੱਟੋ-ਘੱਟ ਉਜਰਤਾਂ (ਪੰਜਾਬ ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

3. The Punjab Agricultural Produce Markets (Amendment) Bill, 2015

ਸ਼੍ਰੀ ਸਭਾਪਤੀ : ਖੇਤੀਬਾੜੀ ਮੰਤਰੀ ਸਰਦਾਰ ਤੋਤਾ ਸਿੰਘ ਜੀ ਬਿਲ ਪੇਸ਼ ਕਰਨ।

ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਤੋਤਾ ਸਿੰਘ) ਸ਼੍ਰੀਮਾਨ ਜੀ, ਮੈਂ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਸ਼੍ਰੀ ਸਭਾਪਤੀ: ਪ੍ਰਸਤਾਵ ਕੀਤਾ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ।

ਰਾਣਾ ਗੁਰਜੀਤ ਸਿੰਘ (ਕਪੂਰਥਲਾ): ਮੈਂ ਇਸ ਬਿਲ ਤੇ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਤੇ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਕਿ ਇਸ ਦੀ ਕੀ ਲੋੜ ਪੈ ਗਈ ਹੈ? ਇਹ ਜਿਹੜੇ ਕਿਸਾਨ ਹਨ, ਵਪਾਰੀ ਹਨ, ਮਜ਼ਦੂਰ ਹਨ, ਇਨ੍ਹਾਂ ਦੀ ਇੱਕ ਬਾਡੀ ਬਣਦੀ ਹੈ ਜਿਸ ਨੂੰ ਕਿ ਤੁਸੀਂ ਇਲੈਕਟ ਕਰਦੇ ਹੋ ਜਾਂ ਨੋਮੀਨੇਟ ਕਰਦੇ ਹੋ। ਅਫ਼ਸਰਾਂ ਨੇ ਥੱਲਿਉਂ ਬਣ ਕੇ ਆ ਜਾਣਾ ਹੈ ਕਿ ਇਸ ਨੂੰ ਚੇਅਰਮੈਨ ਲਾ ਦੇਣਾ, ਮੈਂਬਰ ਪਾ ਦਿਓ। ਇਹ ਵੀ ਡਿਸੀਜ਼ਨ ਜੇਕਰ ਅਸੀਂ ਨਹੀਂ ਕਰ ਸਕਦੇ ਤੇ ਇਹ ਪਬਲਿਕ ਰੀਪ੍ਰੈਜ਼ੈਂਟੇਟਿਵਜ਼ ਨੂੰ ਇਹ ਕੰਮ ਕਰਨਾ ਚਾਹੀਦਾ ਹੈ। ਜੇ ਅਫ਼ਸਰਾਂ ਦੇ ਕੰਮ ਕਰਨ ਵਾਲਾ ਹੈ ਤਾਂ ਫਿਰ ਪੱਕਾ ਹੀ ਅਫਸਰਾਂ ਨੂੰ ਦੇ ਦਈਏ। ਰਾਈਟ ਟੂ ਸਰਵਿਸ ਐਕਟ ਦੇ ਵਿੱਚ ਕਿਹਾ ਹੈ ਕਿ ਜੇਕਰ ਇਹ ਸਾਰੇ ਅਫ਼ਸਰਾਂ ਤੇ ਲਾਗੂ ਹੁੰਦਾ ਹੈ ਤਾਂ ਪੁਲੀਟੀਕਲ ਬੰਦੇ ਤੇ ਵੀ ਲਾਗੂ ਹੋਣਾ ਚਾਹੀਦਾ ਹੈ। ਕੀ ਇੱਕ ਸਮੇਂ ਦੌਰਾਨ ਜੇਕਰ ਡਿਸੀਜ਼ਨ ਹੀ ਨਹੀਂ ਲੈ ਸਕਦੇ ਕਿ ਉਥੇ ਰਿਪ੍ਰੈਜ਼ੈਂਟੇਟਿਵ ਕਿਹੜਾ ਲਾਉਣਾ ਹੈ ਤਾਂ ਫਿਰ ਕੀ ਫਾਇਦਾ ਹੈ? ਜਿਹੜਾ ਇਹ ਸਰਵਿਸ ਐਕਟ ਹੈ, ਇਸ ਵਿੱਚ ਮੈਂ ਬੜਾ ਕੁਝ ਗਿਣਾਇਆ ਹੈ। ਮੈਂ

ਟਿੱਪਣੀ ਨਹੀਂ ਕਰਨਾ ਚਾਹੁੰਦਾ ਹਾਂ। ਲੇਕਿਨ ਜਿਹੜਾ ਲੋਕਾਂ ਦਾ ਹੱਕ ਹੈ, ਪਬਲਿਕ ਰਿਪ੍ਰੈਜ਼ੈਂਟੇਟਿਵ ਹੈ, ਉਸ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ। ਇਸ ਤੇ ਗੌਰ ਕੀਤਾ ਜਾਣਾ ਚਾਹੀਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ (ਸ੍ਰੀ ਚਮਕੌਰ ਸਾਹਿਬ, ਐਸ.ਸੀ): ਸਪੀਕਰ ਸਾਹਿਬ, ਰਾਣਾ ਜੀ ਨੇ ਬੜੀ ਸਹੀ ਗੱਲ ਕਹੀ ਹੈ। ਮੈਂ ਮੰਤਰੀ ਜੀ ਤੋਂ ਇਸ ਗੱਲ ਬਾਰੇ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਲੋਕਤੰਤਰ ਦੇ ਵਿੱਚ ਜਿਹੜਾ ਲੋਕਾਂ ਦਾ ਹੱਕ ਹੈ, ਮਾਰਕਿਟ ਕਮੇਟੀ ਪੁਲੀਟੀਕਲ ਬੰਦਿਆਂ ਨੇ ਅਤੇ ਲੋਕਾਂ ਦੇ ਨੁਮਾਇੰਦਿਆਂ ਨੇ ਚਲਾਉਣੀ ਹੈ। ਸਰਕਾਰ ਇਲੈਕਸ਼ਨ ਨਹੀਂ ਕਰਵਾਉਂਦੀ, ਨੋਮੀਨੇਟ ਕਰ ਦਿੰਦੀ ਹੈ। ਮੈਨੂੰ ਇਸ ਦੇ ਵਿੱਚ ਕੋਈ ਇਤਰਾਜ਼ ਨਹੀਂ ਹੈ। ਵੈਸੇ ਤਾਂ ਇਲੈਕਸ਼ਨ ਹੋਣੇ ਚਾਹੀਦੇ ਹਨ, ਚਾਹੇ ਉਹ ਕਿਸੇ ਵੀ ਪ੍ਰੰਪਰਾ ਕਰਕੇ ਬੰਦ ਹੋਏ ਹਨ ਲੇਕਿਨ ਹੁਣ ਇਹ ਕਾਨੂੰਨ ਲੈ ਕੇ ਆਏ ਹਨ ਕਿ ਜੇਕਰ ਅਸੀਂ 2 ਸਾਲਾਂ ਦੇ ਵਿੱਚ ਜਾਂ 3 ਸਾਲਾਂ ਦੇ ਵਿੱਚ ਚੇਅਰਮੈਨ ਨਹੀਂ ਲਾਉਂਦੇ ਤਾਂ ਵੀ ਜਿਹੜੇ ਐਸ.ਡੀ.ਐਮ ਹਨ, ਉਹ ਮਾਰਕਿਟ ਕਮੇਟੀਆਂ ਚਲਾਉਂਦੇ ਰਹਿਣਗੇ। ਕਾਨੂੰਨ ਤਾਂ ਇਹ ਆਉਣਾ ਚਾਹੀਦਾ ਸੀ ਕਿ ਜੇਕਰ 2 ਸਾਲਾਂ ਵਿੱਚ ਕਿਸੇ ਨੇ ਚੇਅਰਮੈਨ ਨਹੀਂ ਲਗਾਏ, ਉਸ ਤੇ ਕਾਰਵਾਈ ਹੋਣੀ ਚਾਹੀਦੀ ਸੀ। ਲੋਕਤੰਤਰ ਵਿੱਚ ਹੋਣਾ ਤਾਂ ਇਹ ਚਾਹੀਦਾ ਹੈ ਲੇਕਿਨ ਸਾਡੇ ਮੰਤਰੀ ਜੀ ਉਲਟ ਕਰ ਰਹੇ ਹਨ। ਇਹ ਕਹਿੰਦੇ ਹਨ ਜੇਕਰ 2 ਸਾਲਾਂ ਵਿੱਚ ਨਹੀਂ ਲਾਇਆ ਤਾਂ ਫਿਰ ਐਸ.ਡੀ.ਐਮ ਦੀ ਟੈਨਿਓਰ ਹੋਰ ਵਧਾ ਦਿਉ। ਸਵਾਲ ਇਹ ਹੈ ਕਿ ਇਹ 2 ਸਾਲਾਂ ਦੇ ਵਿੱਚ ਕਿਉਂ ਨਹੀਂ ਲਗਾਉਂਦੇ ? ਇਸ ਲਈ ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਬਿਲ ਵਾਪਸ ਲਉ। ਇਹ ਲੋਕਤੰਤਰ ਦੇ ਖਿਲਾਫ ਬਿਲ ਹੈ। ਜੇਕਰ ਤੁਸੀਂ ਸਹੀ ਕਰਨਾ ਹੈ ਤਾਂ ਇਹ ਕਰੋ ਕਿ ਜਦੋਂ ਚੇਅਰਮੈਨ ਦੀ ਟੈਨਿਓਰ ਖਤਮ ਹੋ ਗਈ ਉਸ ਤੋਂ ਪਹਿਲਾਂ ਦੂਜਾ ਡਿਸਾਈਡ ਹੋ ਜਾਣਾ ਚਾਹੀਦਾ ਹੈ, ਜਿਵੇਂ ਸਾਡੀ ਐਮ.ਐਲ.ਏ. ਦੀ ਟੈਨਿਓਰ ਖਤਮ ਹੋ ਜਾਂਦੀ ਹੈ, ਪਹਿਲਾਂ ਹੀ ਵੋਟਾਂ ਪੈ ਜਾਂਦੀਆਂ ਹਨ। ਲੋਕਤੰਤਰ ਦੀ ਪ੍ਰਕਿਰਿਆ ਚੱਲ ਰਹੀ ਹੈ। ਜਦੋਂ ਚੇਅਰਮੈਨ ਦੀ ਟੈਨਿਓਰ ਖਤਮ ਹੋ ਜਾਂਦੀ ਹੈ ਤਾਂ ਲੋਕਾਂ ਨੂੰ ਦੋ ਸਾਲ ਪਿੱਛੇ ਪਿੱਛੇ ਫੇਰੀ ਜਾਉ। ਚਾਹੇ ਸੀ.ਐਮ. ਕੋਈ ਵੀ ਹੋਵੇ, ਇਹ ਹੋਣ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ), ਪਹਿਲਾਂ ਵਾਲੇ ਹੋਣ ਜਾਂ ਅੱਗੇ ਆਉਣ ਵਾਲੇ ਹੋਣ ਤਾਂ ਲੋਕ ਵਿਚਾਰੇ ਸਾਰਾ ਦਿਨ ਹੀ ਜੁੱਤੀਆਂ ਘਸਾਉਂਦੇ ਫਿਰੀ ਜਾਂਦੇ ਹਨ ਕਿ ਮੈਨੂੰ

[ਸਰਦਾਰ ਚਰਨਜੀਤ ਸਿੰਘ ਚੰਨੀ]

ਚੇਅਰਮੈਨ ਲਗਾ ਦਿਉ। ਇਹ ਕਹਿੰਦੇ ਕਿ ਲਾਵਾਂਗੇ ਕਾਕਾ....

ਸ਼੍ਰੀ ਸਭਾਪਤੀ : ਚੰਨੀ ਜੀ, ਤੁਹਾਡਾ ਪੁਆਇੰਟ ਆ ਗਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਬਿੱਲ ਨੂੰ ਵਾਪਸ ਲਉ। ਇਸ ਦੀ ਥਾਂ ਇਹ ਕਰੋ ਕਿ ਜੇਕਰ ਦੋ ਸਾਲ ਵਿੱਚ ਚੇਅਰਮੈਨ ਨਹੀਂ ਲਗਾਇਆ ਜਾਂਦਾ ਤਾਂ ਜਿਸ ਨੇ ਨਹੀਂ ਲਗਾਇਆ, ਉਨ੍ਹਾਂ ਅਫ਼ਸਰਾਂ ਤੇ ਕਾਰਵਾਈ ਕੀਤੀ ਜਾਵੇਗੀ। ਮੰਤਰੀ ਜੀ ਜਵਾਬ ਦੇ ਦੇਣ।

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਕੋਈ ਗੱਲ ਨਹੀਂ ਜੀ। ਕਾਕੇ ਦੀ ਤਸੱਲੀ ਕਰਵਾ ਦਿੰਦੇ ਹਾਂ। ..(ਹਾਸਾ).. ਚੇਅਰਮੈਨ ਸਾਹਿਬ, ਇਹ ਸਾਡੇ ਸਤਿਕਾਰਯੋਗ ਐਮ.ਐਲ.ਏ. ਹਨ। ਕਾਕਾ ਸ਼ਬਦ ਤਾਂ ਪਿਆਰ ਵਾਲਾ ਸ਼ਬਦ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ 151 ਮਾਰਕੀਟ ਕਮੇਟੀਆਂ ਹਨ। 115 ਕਮੇਟੀਆਂ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਬਾਰੇ ਨੋਟੀਫਿਕੇਸ਼ਨ ਹੋ ਚੁੱਕੀ ਹੈ ਅਤੇ ਸਿਰਫ 36 ਬਾਕੀ ਹਨ। ਕਈ ਵਾਰ ਹਾਲਾਤ ਹੀ ਕੁਝ ਇਸ ਤਰ੍ਹਾਂ ਦੇ ਹੁੰਦੇ ਹਨ। ਤੁਹਾਨੂੰ ਵੀ ਪਤਾ ਹੈ ਕਿ ਇਹ ਰੀਸ ਤੁਹਾਡੇ ਵੇਲੇ ਦੀ ਹੀ ਪਈ ਹੋਈ ਹੈ। ਤੁਹਾਡੇ ਵੇਲੇ ਚੇਅਰਮੈਨੀਆਂ 5 ਸਾਲ ਖਾਲੀ ਹੀ ਰਹਿ ਗਈਆਂ ਸਨ। ਇਸ ਲਈ ਅਸੀਂ ਕੋਸ਼ਿਸ਼ ਕਰਾਂਗੇ ਕਿ ਇਹ ਖਾਲੀ ਨਾ ਰਹਿਣ। ਕੋਸ਼ਿਸ਼ ਕਰਾਂਗੇ ਕਿ ਇਸ ਸਾਲ ਬਾਕੀ ਰਹਿੰਦੀਆਂ 36 ਦੇ ਵੀ ਚੇਅਰਮੈਨ ਲਗਾ ਦਿੱਤੇ ਜਾਣ।

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿੱਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ : ਹੁਣ ਸਦਨ ਬਿੱਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼(1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

ਕਿ ਸਿਰਲੇਖ ਬਿੱਲ ਦਾ ਸਿਰਲੇਖ ਬਣੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸ਼੍ਰੀ ਸਭਾਪਤੀ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਤੋਤਾ ਸਿੰਘ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

ਕਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2015, ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

4. The I.K.Gujral Punjab Technical University (Amendment) Bill, 2015

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਆਈ.ਕੇ.ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਆਈ.ਕੇ.ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ -

ਕਿ ਆਈ.ਕੇ.ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ।

ਸਰਦਾਰ ਚਰਨਜੀਤ ਸਿੰਘ ਚੰਨੀ (ਸ੍ਰੀ ਚਮਕੌਰ ਸਾਹਿਬ, ਐਸ.ਸੀ.): ਚੇਅਰਮੈਨ ਸਾਹਿਬ, ਇਹ ਜਿਹੜਾ ਬਿਲ ਆਇਆ ਹੈ, ਇਸ ਵਿਚ ਅਫ਼ਸਰਸ਼ਾਹੀ ਨੂੰ ਸਾਰੇ ਅਧਿਕਾਰ ਦਿੱਤੇ ਜਾ ਰਹੇ ਹਨ। ਇਹ ਯੂਨੀਵਰਸਿਟੀ ਇਕ ਇੰਡੀਪੈਂਡੈਂਟ ਅਟਾਨੋਮਸ ਬਾਡੀ ਹੈ। ਇਸ ਵਿਚ ਇਹ ਅਫ਼ਸਰਾਂ ਦਾ ਬੋਰਡ ਬਣਾ ਰਹੇ ਹਨ। ਪਹਿਲੀ ਗੱਲ ਤਾਂ ਮੈਂ ਮੰਤਰੀ ਜੀ ਨੂੰ ਇਹ ਪੁੱਛਣੀ ਚਾਹੁੰਦਾ ਹਾਂ ਕਿ ਜਿਹੜਾ ਪ੍ਰੈਜ਼ੈਂਟ ਸਿਸਟਮ ਚਲ ਰਿਹਾ ਹੈ, ਉਸ ਵਿਚ ਕੀ ਕਮੀਆਂ ਹਨ ਅਤੇ ਹੁਣ ਉਸ ਨੂੰ ਬਦਲ ਕੇ ਬੋਰਡ ਕਿਉਂ ਬਣਾ ਰਹੇ ਹਨ ਤੇ ਸਾਰੀਆਂ ਪਾਵਰਾਂ ਉਸ ਬੋਰਡ ਨੂੰ ਕਿਉਂ ਦੇ

ਰਹੇ ਹਨ? ਦੂਸਰੀ ਬੇਨਤੀ ਹੈ ਕਿ ਯੂਨੀਵਰਸਿਟੀ ਐਜੂਕੇਸ਼ਨਿਸਟ ਜਾਂ ਟੈਕਨੋਕਰੇਟ ਰਾਹੀਂ ਚਲਣੀ ਚਾਹੀਦੀ ਹੈ। ਚੀਫ ਸੈਕਟਰੀ ਨੂੰ ਬੋਰਡ ਦਾ ਚੇਅਰਮੈਨ ਬਣਾ ਰਹੇ ਹਨ ਤੇ ਨਾਲ ਸੈਕੰਟਰੀ ਬੋਰਡ ਲਗਾ ਦਿੱਤਾ ਹੈ। ਜਿਹੜੇ ਦੂਜੇ ਮੈਂਬਰ ਹਨ, ਉਹ ਵੀ ਅਫ਼ਸਰ ਹਨ। ਇਸ ਤਰ੍ਹਾਂ ਸਰਕਾਰ ਕਿਉਂ ਕਰਨਾ ਚਾਹੁੰਦੀ ਹੈ? ਕੀ ਉਸ ਦੇ ਪੈਸੇ ਉੱਤੇ ਇਨ੍ਹਾਂ ਦੀ ਅੱਖ ਹੈ ਜਾਂ ਮੰਤਰੀ ਜੀ ਖੁਦ ਉਸ ਦੀ ਮੈਨੇਜਮੈਂਟ ਚਲਾਉਣਾ ਚਾਹੁੰਦੇ ਹਨ? ਉਥੋਂ ਦੇ ਵਾਈਸ ਚਾਂਸਲਰ ਕੋਲੋਂ ਪੂਰੀਆਂ ਪਾਵਰਾਂ ਕਿਉਂ ਲਈਆਂ ਜਾ ਰਹੀਆਂ ਹਨ? ਇਹ ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ। ਅਗਲੀ ਬੇਨਤੀ ਮੇਰੀ ਇਹ ਹੈ ਕਿ ਇਸ ਯੂਨੀਵਰਸਿਟੀ ਦੀ ਆਪਣੀ ਕੋਈ ਫੈਕਲਟੀ ਨਹੀਂ ਹੈ, ਨਾ ਇਸ ਦੇ ਕੋਈ ਸਟੂਡੈਂਟ ਹਨ। ਉਹ ਸਿਰਫ ਬਿਲਡਿੰਗ ਵਿਚ ਬੈਠ ਕੇ ਸਾਰੇ ਪ੍ਰਾਈਵੇਟ ਕਾਲਜਾਂ ਨੂੰ ਮੈਨੇਜ ਕਰਦੇ ਹਨ। ਜੇਕਰ ਇਹ ਸਾਰੇ ਪ੍ਰਾਈਵੇਟ ਕਾਲਜ ਹੀ ਚੱਲਣੇ ਹਨ ਅਤੇ ਸਾਰਾ ਪ੍ਰਬੰਧ ਉਸ ਯੂਨੀਵਰਸਿਟੀ ਨੇ ਹੀ ਕਰਨਾ ਹੈ ਤਾਂ ਇਨ੍ਹਾਂ ਕਾਲਜਾਂ ਦਾ ਨੁਮਾਇੰਦਾ ਇਸ ਬੋਰਡ ਵਿਚ ਕਿਉਂ ਨਹੀਂ ਲਿਆ ਗਿਆ? ਸਾਰੇ ਪ੍ਰਾਈਵੇਟ ਕਾਲਜਾਂ ਦੇ ਪ੍ਰਿੰਸੀਪਲਾਂ ਦੀ ਯੂਨੀਅਨ ਬਣੀ ਹੋਈ ਹੈ, ਉਸ ਵਿਚੋਂ ਵੀ ਬੋਰਡ ਵਿਚ ਮੈਂਬਰ ਲੈ ਲਏ ਜਾਣ, ਉਹ ਕੋਈ ਚੰਗੇ ਸੁਝਾਓ ਹੀ ਦੇਣਗੇ। ਉਨ੍ਹਾਂ ਨੇ ਇਸ ਗੱਲ ਵਾਸਤੇ ਇਨ੍ਹਾਂ ਨੂੰ ਅਪਰੋਚ ਵੀ ਕੀਤਾ ਸੀ ਕਿ ਸਾਡੇ ਵਿਚੋਂ ਦੋ ਨੁਮਾਇੰਦੇ ਲੈ ਲਏ ਜਾਣ। ਉਹ ਵੀ ਨਹੀਂ ਲਏ ਗਏ। ਅਗਲੀ ਗੱਲ ਇਹ ਹੈ ਕਿ ਸਾਡਾ ਲੋਕਤੰਤਰ ਹੈ। ਪੰਜਾਬ ਯੂਨੀਵਰਸਿਟੀ ਹੈ। ਉਸ ਵਿਚ ਸੈਨੇਟ ਬਣਦੀ ਹੈ, ਉਸ ਦੀ ਸਿੰਡੀਕੇਟ ਬਣਦੀ ਹੈ, ਉਸ ਦਾ ਵਾਈਸ ਚੇਅਰਮੈਨ ਹੈ, ਉਸ ਦਾ ਵਾਈਸ ਚਾਂਸਲਰ ਹੁੰਦਾ ਹੈ। ਉਨ੍ਹਾਂ ਰਾਹੀਂ ਇਹ ਸਾਰਾ ਸਿਸਟਮ ਚਲਾਇਆ ਜਾਂਦਾ ਹੈ। ਇਸ ਬਿਲ ਵਿਚ ਚੇਅਰਮੈਨ ਚੀਫ ਸੈਕਟਰੀ ਨੂੰ ਬਣਾ ਦਿੱਤਾ ਹੈ, ਉਸ ਦੇ ਨਾਲ 2 ਮੈਂਬਰ ਐਮੀਨੈਂਟ ਇੰਡਸਟਰੀਲਿਸਟਾਂ ਵਿਚੋਂ ਹਨ। ਕੁਝ ਪ੍ਰਿੰਸੀਪਲ ਤਾਂ ਲਏ ਹਨ ਪ੍ਰੰਤੂ ਉਨ੍ਹਾਂ ਕਾਲਜਾਂ ਨੂੰ ਚਲਾਉਣ ਵਾਲੇ ਪ੍ਰਬੰਧਕਾਂ ਨੂੰ ਨਹੀਂ ਲਿਆ। ਇਸ ਕਰਕੇ ਇਨ੍ਹਾਂ ਨੇ ਜਿਹੜਾ ਸਿਸਟਮ ਲਿਆਂਦਾ ਹੈ, ਇਹ ਲੋਕਤੰਤਰ ਵਾਸਤੇ ਘਾਤਕ ਹੈ। ਕਿਸੇ ਚੰਗੇ ਐਜੂਕੇਸ਼ਨਿਸਟ ਨੂੰ ਵਾਈਸ ਚੇਅਰਮੈਨ ਲਗਾ ਕੇ ਉਸ ਰਾਹੀਂ ਚਲਾ ਲੈਣ। ਇਹ ਸਿਸਟਮ ਗਲਤ ਲਿਆਂਦਾ ਜਾ ਰਿਹਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ....

ਸ਼੍ਰੀ ਸਭਾਪਤੀ : ਬੈਠੋ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਕਰਨੀ ਹੈ, ਬੜੀ ਜ਼ਰੂਰੀ ਹੈ। ਇਕ ਬਠਿੰਡਾ ਯੂਨੀਵਰਸਿਟੀ ਬਣ ਰਹੀ ਹੈ,

[ਸਰਦਾਰ ਚਰਨਜੀਤ ਸਿੰਘ ਚੰਨੀ]

ਇਕ ਇਹ ਪਹਿਲਾਂ ਹੀ ਹੈ। ਇਹ ਚੰਗੀ ਗੱਲ ਹੈ ਕਿ ਦੋ ਬਣਨੀਆਂ ਚਾਹੀਦੀਆਂ ਹਨ। ਜਿਹੜੇ ਬਠਿੰਡੇ ਏਰੀਏ ਦੇ ਸਟੂਡੈਂਟ 2-2 ਜਾਂ 3-3 ਸਾਲ ਬਾਅਦ ਬਠਿੰਡੇ ਯੂਨੀਵਰਸਿਟੀ ਨਾਲ ਜਾਣਗੇ, ਕੀ ਉਹ ਵੀ ਇਸ ਯੂਨੀਵਰਸਿਟੀ ਨਾਲ ਬਦਲ ਜਾਣਗੇ। ਇਹ ਵੀ ਮੈਂ ਮੰਤਰੀ ਜੀ ਕੋਲੋਂ ਜਾਣਨਾ ਚਾਹੁੰਦਾ ਹਾਂ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਸਵਾਲਾਂ ਦਾ ਜਵਾਬ ਦੇ ਦੇਣ। ਵੈਸੇ, ਇਨ੍ਹਾਂ ਕੋਲ ਮੈਜਾਰਟੀ ਹੈ ਅਤੇ ਬਿਲ ਤਾਂ ਇਨ੍ਹਾਂ ਨੇ ਪਾਸ ਕਰ ਹੀ ਲੈਣਾ ਹੈ।

ਸ਼੍ਰੀ ਸਭਾਪਤੀ : ਬੈਠੋ ਜੀ। ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ (ਅਬੋਹਰ): ਚੇਅਰਮੈਨ ਸਾਹਿਬ, this is a known fact ਕਿ ਇਸ ਯੂਨੀਵਰਸਿਟੀ ਨੂੰ ਲੈ ਕੇ ਇਥੇ ਕਈ ਵਾਰੀ ਖਿੱਚ-ਧੂਹ ਚਲਦੀ ਰਹੀ ਹੈ। Since the Hon'ble Minister has taken over, ਉਸ ਤੋਂ ਬਾਅਦ he had a running feud with the Vice Chancellor. ਉਸ ਉੱਤੇ ਬਹੁਤ ਵੱਡੇ ਵੱਡੇ ਇਲਜ਼ਾਮ ਲੱਗੇ ਸੀ ਕਿ they have there franchise system ਜਿਥੇ ਕਿ ਉਨ੍ਹਾਂ ਨੇ ਲੋਕ ਅਪੁਆਇੰਟ ਕੀਤੇ ਹੋਏ ਹਨ। ਮੇਰੇ ਖਿਆਲ ਵਿਚ ਇਕ ਬੰਦੇ ਨੂੰ ਉਹ 40 ਕਰੋੜ ਰੁਪਏ ਦੀ ਕਨਸਲਟੈਂਸੀ ਫੀਸ ਦੇ ਬੈਠੇ ਹਨ। Chief Secretary has recommended against that person ਕਿ ਜਿਹੜਾ ਸਿਸਟਮ ਵਿਚ ਇੰਨਾ ਵੱਡਾ ਖਲਾਅ ਸੀ ਅਤੇ ਉਥੇ ਇੰਨੀ ਵੱਡੀ ਪ੍ਰਾਬਲਮ ਹੋ ਰਹੀ ਹੈ just because, he had the problem with the Vice Chancellor, whatever his shortcomings, is that tailor made bill which is being brought in. ਸਾਡੇ ਆਨਰੇਬਲ ਮੈਂਬਰ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਇਸ ਦੇ ਕੰਟਰੋਲ ਨੂੰ ਇਹ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਮੇਰਾ ਖਿਆਲ ਹੈ ਕਿ ਇਸ ਮਸਲੇ ਤੇ ਇਸ ਨੂੰ ਵਿਦਡਰਾਅ ਕਰ ਲਿਆ ਜਾਵੇ । ਇਸ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ । ਕਿਤੇ ਇਹ ਨਾ ਹੋਵੇ ਕਿ ਪੁਰਾਣੇ ਖਾਤੇ ਬੰਦ ਕਰ ਦਿੱਤੇ ਜਾਣ ਕਿ ਇਹ ਤਾਂ ਪੁਰਾਣੀ ਪੀ.ਟੀ.ਯੂ. ਖਤਮ ਹੋ ਗਈ ਹੈ। Now it is bifurcated and that is what my submission is ਕਿ ਉਹ ਜਿਹੜੇ ਪੁਰਾਣੇ ਘਪਲੇ ਹਨ, ਉਨ੍ਹਾਂ ਤੇ ਵੀ ਕੋਈ ਚਾਨਣਾ ਪਾਉਂਦੇ ਤੇ ਉਹ ਬਿਹਤਰ ਰਹਿੰਦਾ । ਮੇਰੀ ਸਬਮਿਸ਼ਨ ਹੈ ਕਿ ਜਿਹੜੀ ਇਹ ਸਾਰੀ ਠੱਗੀ ਹੋਈ ਹੈ, ਉਸ ਤੇ ਕੋਈ ਜਵਾਬ ਦੇਣ । Since this has come, ਕੱਲ੍ਹ ਤਾਂ ਸਾਰੇ ਆਪਾਂ ਬਿਲ ਇਕੱਠੇ ਕਰ ਦਿੱਤੇ । Maybe the Minister would like to

clarify whether he has resolved those differences or whether he has found a bypass to that problem ਕਿ ਮੰਤਰੀ ਜੀ ਇਸ ਬਾਰੇ ਕੋਈ ਨਾ ਕੋਈ ਚਾਨਣਾ ਪਾਉਣ ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਚੇਅਰਮੈਨ ਸਾਹਿਬ, ਸਾਡੀ ਸਰਕਾਰ ਦੇ ਜਾਣ ਤੋਂ ਬਾਅਦ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਣੀ ਸੀ। ਉਸ ਦੇ ਕਾਰਨ ਇੰਡਸਟਰੀਅਲ ਐਜੂਕੇਸ਼ਨ ਦਾ ਬਹੁਤ ਵੱਡਾ ਫੈਲਾਅ ਆਇਆ । ਟੈਕਨੀਕਲ ਐਜੂਕੇਸ਼ਨ ਅੱਜ ਪੰਜਾਬ ਵਿੱਚ ਬਹੁਤ ਵੱਡੀ ਪੱਧਰ ਤੇ ਚੱਲ ਰਹੀ ਹੈ । ਤੁਸੀਂ ਰਾਜਪੁਰੇ ਤੋਂ ਲੈ ਕੇ ਨਵਾਂ ਸ਼ਹਿਰ ਤੱਕ ਚਲੇ ਜਾਓ, ਤੁਹਾਨੂੰ ਦੋਵੇਂ ਪਾਸੇ ਤੋਂ ਕਿੰਨੇ ਹੀ ਟੈਕਨੀਕਲ ਐਜੂਕੇਸ਼ਨ ਦੇ ਇੰਸਟੀਚਿਊਟਸ ਮਿਲਣਗੇ ਜਿੱਥੇ ਕਿ ਬੱਚਿਆਂ ਨੂੰ ਟਰੇਂਡ ਕੀਤਾ ਜਾਂਦਾ ਹੈ, ਪੜ੍ਹਾਇਆ ਜਾਂਦਾ ਹੈ ਔਰ ਕਾਫੀ ਹੱਦ ਤੱਕ ਪਲੇਸਮੈਂਟ ਵੀ ਹੋ ਰਹੀ ਹੈ । ਜੇ ਤੁਸੀਂ ਮੋਰਿੰਡਾ-ਖਰੜ ਤੋਂ ਲੁਧਿਆਣਾ ਰੋਡ ਤੇ ਚਲੇ ਜਾਓ ਤੇ ਉਸ ਰੋਡ ਤੇ ਵੀ ਤੁਹਾਨੂੰ ਬਹੁਤ ਸਾਰੇ ਇੰਸਟੀਚਿਊਸ਼ਨਜ਼ ਮਿਲਣਗੇ । ਇਹ ਇੰਨਾ ਫੈਲਾਅ ਹੋ ਗਿਆ ਹੈ । ਇਹ ਸਾਰੇ ਬੱਚੇ ਪਹਿਲਾਂ ਕਰਨਾਟਕ ਜਾਂ ਹੋਰ ਥਾਵਾਂ ਤੇ ਪੜ੍ਹਨ ਜਾਂਦੇ ਸੀ, ਜਿੱਥੇ ਰਹਿਣ ਦੀ ਕੋਈ ਵੀ ਪਰਾਪਰ ਵਿਵਸਥਾ ਨਹੀਂ ਸੀ । ਬਾਹਰੋਂ ਲੋਕਾਂ ਨੇ ਇੱਥੇ ਆ ਕੇ, ਆਪਣੀਆਂ ਜ਼ਮੀਨਾਂ ਵੇਚ ਕੇ, ਬਾਹਰੋਂ ਪੈਸਾ ਕਮਾ ਕੇ ਇੱਥੇ ਬਹੁਤ ਅੱਛੀਆਂ ਅੱਛੀਆਂ ਇੰਸਟੀਚਿਊਸ਼ਨਜ਼ ਚਲਾਈਆਂ । ਸਾਡੇ ਪੰਜਾਬ ਵਿੱਚ ਨਾ ਕੇਵਲ ਪੰਜਾਬ ਦੇ ਬੱਚੇ ਸਗੋਂ ਬਾਹਰੋਂ ਵੀ ਬੱਚੇ ਇੱਥੇ ਆ ਕੇ ਜਿਵੇਂ ਜੰਮੂ-ਕਸ਼ਮੀਰ, ਬਿਹਾਰ, ਨਿਕੋਬਾਰ ਸਮੇਤ ਹੋਰ ਬਹੁਤ ਸਾਰੀਆਂ ਸਟੇਟਾਂ ਦੇ ਬੱਚੇ ਇੱਥੇ ਆ ਕੇ ਐਜੂਕੇਸ਼ਨ ਪ੍ਰਾਪਤ ਕਰ ਰਹੇ ਹਨ । ਅਸੀਂ ਦੇਖਿਆ ਹੈ, ਬਹੁਤ ਜ਼ਿਆਦਾ ਬੱਚੇ ਹੋ ਗਏ ਹਨ, ਇੰਸਟੀਚਿਊਨਜ਼ ਜ਼ਿਆਦਾ ਹੋ ਗਈਆਂ ਹਨ, ਇਸ ਕਰਕੇ ਦੋ ਯੂਨੀਵਰਸਿਟੀਆਂ ਬਣਾ ਦਿੱਤੀਆਂ ਗਈਆਂ । ਇੱਕ ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ, ਬਠਿੰਡਾ ਵਿਖੇ ਬਣਾਈ ਗਈ । ਦੂਸਰੀ ਜਿਹੜੀ ਯੂਨੀਵਰਸਿਟੀ, ਪੀ.ਟੀ.ਯੂ. ਚੱਲ ਰਹੀ ਸੀ, ਉਸ ਦਾ ਨਾਂ ਬਦਲ ਕੇ ਆਈ. ਕੇ. ਗੁਜਰਾਲ ਤਕਨੀਕੀ ਯੂਨੀਵਰਸਿਟੀ ਬਣਾ ਦਿੱਤਾ ਗਿਆ । ਆਈ. ਕੇ. ਗੁਜਰਾਲ ਜੀ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਨ ਤੇ ਉਨ੍ਹਾਂ ਦੇ ਨਾਂ ਤੇ ਇਸ ਯੂਨੀਵਰਸਿਟੀ ਦਾ ਨਾਂ ਰੱਖ ਦਿੱਤਾ ਗਿਆ ਤੇ ਦੋਵਾਂ ਦੀ ਜੁਰਿਸਡਿਕਸ਼ਨ ਅਲੱਗ ਅਲੱਗ ਕਰ ਦਿੱਤੀ ਗਈ । ਜਿਹੜੀ ਯੂਨੀਵਰਸਿਟੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਂ ਤੇ ਬਠਿੰਡਾ ਵਿਖੇ ਬਣਾਈ ਜਾ ਰਹੀ ਹੈ, ਉਸ ਵਿੱਚ ਅਸੀਂ ਗਵਰਨਿੰਗ ਕੌਂਸਲ ਦਾ ਚੇਅਰਮੈਨ ਚੀਫ

[ਸੰਸਦੀ ਮਾਮਲੇ ਮੰਤਰੀ]

ਸੈਕਟਰੀ ਨੂੰ ਰੱਖਿਆ ਸੀ । ਇੱਥੇ ਅਸੀਂ ਕੋਈ ਇੰਡਸਟਰੀਲਿਸਟ ਨਾਮੀਨੇਟ ਕੀਤਾ ਸੀ ਜਿਸ ਨੂੰ ਕਿ ਵਾਈਸ ਚਾਂਸਲਰ ਰਿਕੁਮੈਂਡ ਕਰਦਾ ਸੀ, ਉਸ ਨੂੰ ਬਣਾਇਆ ਜਾਂਦਾ ਸੀ ਲੇਕਿਨ ਦੋਵਾਂ ਵਿੱਚ ਕੰਟਰਾਡਿਕਸ਼ਨ ਆ ਗਈ । ਉਸ ਕੰਟਰਾਡਿਕਸ਼ਨ ਨੂੰ ਮੀਟ ਕਰਨ ਵਾਸਤੇ ਸੇਮ ਪੈਟਰਨ ਤੇ ਲਿਆਉਣ ਵਾਸਤੇ ਅਸੀਂ ਇਸ ਯੂਨੀਵਰਸਿਟੀ ਦਾ ਚੇਅਰਮੈਨ, ਬੋਰਡ ਆਫ ਗਵਰਨਰਜ਼ ਬਣਾ ਰਹੇ ਹਾਂ ਅਤੇ ਇਸ ਵਾਸਤੇ ਚੀਫ ਸੈਕਟਰੀ ਸਾਹਿਬ ਨੂੰ ਨਾਮੀਨੇਟ ਕੀਤਾ ਹੈ । ਇਸ ਵਿੱਚ ਸਰਕਾਰ ਦਾ ਕੋਈ ਵੀ ਮਨਸ਼ਾ ਕੰਟਰੋਲ ਕਰਨ ਜਾਂ ਇੰਟਰਵੀਨ ਕਰਨ ਦਾ ਨਹੀਂ ਹੈ । ਨਾ ਅਸੀਂ ਪਹਿਲਾਂ ਇੰਟਰਫੀਅਰ ਕਰਦੇ ਸੀ ਤੇ ਨਾ ਹੀ ਹੁਣ ਕਰਨ ਦਾ ਮਨਸ਼ਾ ਹੈ । ਜਿਵੇਂ ਮੇਰੇ ਦੋਸਤ ਚੰਨੀ ਸਾਹਿਬ ਨੇ ਕਿਹਾ ਹੈ ਕਿ ਮਨਿਸਟਰ ਸਾਹਿਬ ਦਾ ਕੋਈ ਮਨਸ਼ਾ ਹੈ। ਮੇਰਾ ਉਥੇ ਕੋਈ ਨਵੀਂ ਪਲਾਨ ਇੰਟਰੋਡਿਊਸ ਕਰਨ ਦਾ ਕੋਈ ਮਨਸ਼ਾ ਨਹੀਂ ਹੈ । ਹਾਂ, ਟੈਕਨੀਕਲ ਐਜੂਕੇਸ਼ਨ ਨੂੰ ਬੜ੍ਹਾਵਾ ਦੇਣ ਵਾਸਤੇ ਜੇਕਰ ਕੋਈ ਨਵਾਂ ਵਿਚਾਰ ਆਵੇਗਾ, ਉਹ ਅਸੀਂ ਜ਼ਰੂਰ ਦੱਸਾਂਗੇ । ਅਸੀਂ ਜ਼ਰੂਰ ਕਹਿੰਦੇ ਹਾਂ ਕਿ ਇਸ ਤੇ ਘੋਖ ਕਰੋ ਕਿ ਇਹ ਲਾਗੂ ਹੋਣਾ ਚਾਹੀਦਾ ਹੈ ਜਾਂ ਨਹੀਂ ਹੋਣਾ ਚਾਹੀਦਾ । ਮੈਂ ਹੁਣੇ 21 ਤਾਰੀਖ ਨੂੰ ਦੱਸਿਆ ਹੈ ਕਿ ਐਚ.ਆਰ.ਡੀ. ਮਨਿਸਟਰ ਨੇ ਨੈਸ਼ਨਲ ਲੈਵਲ ਤੇ ਕਾਨਫਰੰਸ ਕੀਤੀ । ਉਸ ਵਿੱਚ ਉਨ੍ਹਾਂ ਦਾ ਨਵਾਂ ਸੁਝਾਅ ਆ ਰਿਹਾ ਸੀ ਕਿ ਯੂਨੀਵਰਸਿਟੀਆਂ ਬਹੁਤ ਹੋ ਗਈਆਂ ਹਨ। ਇੰਸਟੀਚਿਊਟਸ ਬਹੁਤ ਹੋ ਗਏ ਹਨ। ਪ੍ਰਾਈਵੇਟ ਯੂਨੀਵਰਸਿਟੀਆਂ ਪੰਜਾਬ ਵਿੱਚ ਬਹੁਤ ਸਾਰੀਆਂ ਖੁੱਲ੍ਹ ਗਈਆਂ ਹਨ । ਇਸ ਲਈ ਉਨ੍ਹਾਂ ਨੂੰ ਕੰਟਰੋਲ ਕਰਨ ਵਾਸਤੇ ਜਿਵੇਂ ਬਿਜਲੀ ਬੋਰਡ ਦਾ ਰੈਗੂਲੇਟਰੀ ਕਮਿਸ਼ਨ ਬਣ ਗਿਆ ਜਾਂ ਹੋਰ ਵੀ ਕਮਿਸ਼ਨ ਬਣ ਗਏ ਹਨ, ਉਨ੍ਹਾਂ ਦਾ ਸੁਝਾਅ ਸੀ ਕਿ ਇਨ੍ਹਾਂ ਵਾਸਤੇ ਵੀ ਰੈਗੂਲੇਟਰੀ ਕਮਿਸ਼ਨ ਬਣਾ ਦਿੱਤਾ ਜਾਵੇ ਤਾਂ ਕਿ ਫੀਸਾਂ ਮਰਜ਼ੀ ਨਾਲ ਕੋਈ ਨਾ ਵਧਾ ਸਕੇ, ਰੀਜ਼ਨੇਬਲ ਫੀਸਾਂ ਰਹਿਣ, ਫੈਸਿਲਟੀਜ਼ ਠੀਕ ਦਿੱਤੀਆਂ ਜਾ ਰਹੀਆਂ ਹਨ ਜਾਂ ਨਹੀਂ ਤੇ ਚਾਰਜਿਜ਼ ਠੀਕ ਲਏ ਜਾ ਰਹੇ ਹਨ ਜਾਂ ਨਹੀਂ ਇਹ ਪ੍ਰਸਤਾਵ ਉਨ੍ਹਾਂ ਦੇ ਵਿਚਾਰ ਅਧੀਨ ਹੈ । ਅਸੀਂ ਉਨ੍ਹਾਂ ਨਾਲ ਡਿਸਕਸ ਕਰ ਰਹੇ ਹਾਂ । ਇਸ ਵਾਸਤੇ ਪ੍ਰੀਲਿਮਨਰੀ ਲੈਵਲ ਤੇ ਡਿਸਕਸ਼ਨ ਹੋਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਵਿਲੇਜ ਲੈਵਲ ਤੇ ਸੁਝਾਓ ਲਓ ਤਾਂ ਕਿ ਐਜੂਕੇਸ਼ਨ ਸਿਸਟਮ ਅੱਛਾ ਕਰਨ ਵਾਸਤੇ ਹਰ ਬੱਚੇ ਅਤੇ ਹਿੰਦੁਸਤਾਨ ਦੇ ਹਰ ਨਾਗਰਿਕ ਨੂੰ ਸਿੱਖਿਆ ਮਿਲ ਸਕੇ । ਇਸ ਵਾਸਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ । ਉਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਤੁਸੀਂ ਵੀ ਪੇਪਰ ਬਣਾ ਕੇ ਭੇਜੋ ਤੇ ਹੋਰ

ਕਮੇਟੀਆਂ ਵੀ ਬਣਾਈਆਂ ਹਨ ਜਿਸ ਵਿੱਚ ਡੀ.ਸੀਜ਼, ਐਸ.ਡੀ.ਐਮਜ਼, ਬੀ.ਡੀ.ਓਜ਼ ਨੂੰ ਵੀ ਇਨਵਾਲਵ ਕੀਤਾ ਹੈ। ਇਹ ਲੋਕਾਂ ਦੀ ਰਾਏ ਲੈ ਕੇ ਦੱਸਣਗੇ ਕਿ ਕੀ ਸਿਸਟਮ ਹੋਣਾ ਚਾਹੀਦਾ ਹੈ। ਇਸ ਵਿੱਚ ਟੈਕਨੀਕਲ ਐਜੂਕੇਸ਼ਨ ਵੀ ਇਨਵਾਲਵ ਹੈ ਅਤੇ ਜਨਰਲ ਐਜੂਕੇਸ਼ਨ ਵੀ ਇਨਵਾਲਵ ਹੈ। ਇਸ ਕਰਕੇ ਇਹ ਸਾਰਾ ਕੁਝ ਇੰਟਰਫੀਅਰੈਂਸ ਵਾਸਤੇ ਨਹੀਂ ਕੀਤਾ ਜਾ ਰਿਹਾ । ਯੂਨੀਵਰਸਿਟੀ ਆਪਣੇ ਆਪ ਵਿੱਚ ਇੰਡੀਪੈਂਡੈਂਟ ਹੈ ਅਤੇ ਉਸ ਵਿੱਚ ਮੈਂਬਰ ਦੀ ਨਾਮੀਨੇਸ਼ਨ ਦਾ ਇੱਕ ਪੈਟਰਨ ਰੱਖਿਆ ਗਿਆ ਹੈ।ਜਿਹੜਾ ਬੋਰਡ ਆਫ ਗਵਰਨਰਜ਼ ਬਾਰੇ ਕਿਹਾ ਹੈ ਕਿ ਉਸ ਵਿੱਚ ਆਪਣੀ ਮਰਜ਼ੀ ਦੇ ਬੰਦੇ ਪਾ ਦਿੱਤੇ ਹਨ ਅਤੇ

*2.05 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਉਸ ਦੇ ਵਿੱਚ ਜੋ ਮੈਂਬਰ ਦੀ ਨਾਮੀਨੇਸ਼ਨ ਦਾ ਪੈਟਰਨ ਰੱਖਿਆ ਹੈ, ਉਹ ਜਿਹੜੇ ਤੁਸੀਂ ਸਰਕਾਰੀ ਐਕਸ ਆਫੀਸ਼ੀਓ ਕਹਿ ਰਹੇ ਹੋ, ਉਹ ਸਾਡੇ ਸਰਕਾਰੀ ਮੁਲਾਜ਼ਮ ਨਹੀਂ ਹਨ, ਉਸ ਦੇ ਵਿੱਚ ਜਿਹੜੇ eminent educationist concerning technical education, ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਦੇ ਨਾਮ ਪਰੋਪੋਜ਼ ਕੀਤੇ ਗਏ ਹਨ। ਪਹਿਲਾਂ ਵੀ ਉਹੀ ਸਨ, ਹੁਣ ਵੀ ਉਹੀ ਹਨ। ਸਿਰਫ ਅਸੀਂ ਇੱਕ ਚੇਅਰਮੈਨ ਚੇਂਜ ਕਰ ਰਹੇ ਹਾਂ, ਹੋਰ ਉਸ ਵਿੱਚ ਕੋਈ ਚੇਂਜ ਨਹੀਂ ਕਰ ਰਹੇ। ਦੂਸਰੀ ਚੇਂਜ ਹੋਰ ਹੈ। ਇਸ ਵਿੱਚ ਦੋ ਅਮੈਂਡਮੈਂਟ ਲਿਆ ਰਹੇ ਹਾਂ। ਦੂਸਰੀ ਅਮੈਂਡਮੈਂਟ ਹੈ ਕਿ ਸਰਕਾਰ ਅਗਰ ਕੋਈ ਡਾਇਰੈਕਸ਼ਨ ਜਾਰੀ ਕਰਦੀ ਹੈ, ਉਹ ਮੰਨੀ ਜਾਵੇ, ਉਸ ਦਾ ਜਵਾਬ ਦਿੱਤਾ ਜਾਵੇ, we have no intention to interfere ਔਰ ਮੈਂ ਮੈਂਬਰ ਸਾਹਿਬਾਨ ਨੂੰ ਐਸ਼ੋਅਰ ਕਰਦਾ ਹਾਂ ਕਿ ਇਹ ਯੂਨੀਵਰਸਿਟੀ ਇੰਡੀਪੈਂਡੈਂਟ ਰਹੇਗੀ। ਕੋਈ ਇੰਟਰਫੀਅਰੈਂਸ ਨਹੀਂ ਹੋਵੇਗੀ, ਨਾ ਪਹਿਲਾਂ ਸੀ, ਨਾ ਹੁਣ ਹੈ, ਨਾ ਸਰਕਾਰ ਦੀ ਕਰਨ ਦੀ ਕੋਈ ਮਨਸ਼ਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪਹਿਲਾਂ ਉਹ ਆਨਰੇਬਲ ਮੰਤਰੀ ਸਾਹਿਬ ਨੂੰ ਜਵਾਬ ਨਹੀਂ ਦਿੰਦਾ ਸੀ। It is on record. ਇਨ੍ਹਾਂ ਨੇ ਉਹ ਫਾਈਲ ਤੇ ਚੜ੍ਹਾਇਆ ਹੈ। ਉਹ ਜਿਹੜਾ ਵੀ.ਸੀ. ਹੈ, he would not have even replied to him, bypassed him. ਇਨ੍ਹਾਂ ਨੇ ਉਸ ਦੇ ਖਿਲਾਫ

[ਸ਼੍ਰੀ ਸੁਨੀਲ ਜਾਖੜ]

ਸਟਰਿਕਚਰ ਵੀ ਲਗਾਏ ਪਰ ਇਧਰ ਸੁਣਵਾਈ ਹੋਈ ਨਹੀਂ। ਮੈਨੂੰ ਲਗਦਾ ਹੈ ਹੁਣ ਇਨ੍ਹਾਂ ਦੀ ਕੋਈ ਨਾ ਕੋਈ ਸੁਣਵਾਈ ਹੋਣ ਲੱਗ ਗਈ ਹੈ। ਜੋਸ਼ੀ ਸਾਹਿਬ ਦੀ ਤਾਂ ਪਤਾ ਨਹੀਂ ਹੋਈ ਕਿ ਨਹੀਂ ਪਰ ਤੁਹਾਡੇ ਵਾਲਾ ਕੰਮ ਮੈਨੂੰ ਲਗਦਾ ਹੈ, ਹੋ ਗਿਆ ਹੈ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ,2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

5. THE AKAL UNIVERSITY BILL, 2015

ਮਾਨਯੋਗ ਸਪੀਕਰ : ਸਰਦਾਰ ਸੁਰਜੀਤ ਸਿੰਘ ਰੱਖੜਾ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਬਿਲ ਪੇਸ਼ ਕਰਨ।

ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ): ਸ਼੍ਰੀਮਾਨ ਜੀ, ਮੈਂ ਅਕਾਲ ਯੂਨੀਵਰਸਿਟੀ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਅਕਾਲ ਯੂਨੀਵਰਸਿਟੀ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਅਕਾਲ ਯੂਨੀਵਰਸਿਟੀ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਚੰਨੀ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ (ਸ੍ਰੀ ਚਮਕੌਰ ਸਾਹਿਬ, ਐਸ.ਸੀ.): ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਵੀ ਪੰਜਾਬ ਵਿੱਚ 23 ਯੂਨੀਵਰਸਿਟੀਆਂ ਬਣਾਈਆਂ ਗਈਆਂ ਹਨ। ਅਸਲ ਵਿੱਚ ਇਹ ਕਾਲਜ ਹਨ, ਜਿਹੜੇ ਪੀ.ਟੀ.ਯੂ. ਦੇ ਅੰਡਰ ਚੱਲ ਰਹੇ ਹਨ। ਉਨੇ ਹੀ ਪਰੀਮਿਸਜ਼ ਨੂੰ ਯੂਨੀਵਰਸਿਟੀ ਦਾ ਦਰਜਾ ਦੇ ਦਿੱਤਾ ਜਾਂਦਾ ਹੈ। ਉਸ ਏਰੀਆ ਤੋਂ ਬਾਹਰ ਜੇ ਉਨ੍ਹਾਂ ਦਾ ਕੋਈ ਕਾਲਜ ਹੈ, ਜਿਵੇਂ ਚੰਡੀਗੜ੍ਹ ਗਰੁੱਪ ਆਫ ਕਾਲਿਜਿਜ਼ ਹੈ, ਇਨ੍ਹਾਂ ਨੇ ਯੂਨੀਵਰਸਿਟੀ ਬਣਾ ਦਿੱਤਾ। ...(ਵਿਘਨ)....

Mr. Speaker : Please silence. ਤੁਹਾਡੇ ਆਪਣੇ ਮੈਂਬਰ ਬੋਲ ਰਹੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਜੇ ਆਪਣੀ ਦੀਵਾਰ ਤੋਂ ਬਾਹਰ ਉਨ੍ਹਾਂ ਦਾ ਕੋਈ ਇੰਸਟੀਚਿਊਟ ਹੈ ਤਾਂ ਉਹ ਯੂਨੀਵਰਸਿਟੀ ਦੇ ਅੰਡਰ ਨਹੀਂ ਹੈ। ਬਾਕੀ ਜਿਹੜੇ ਉਨ੍ਹਾਂ ਦੇ ਕਾਲਜ ਹਨ, ਉਹ ਵੀ ਯੂਨੀਵਰਸਿਟੀ ਦੇ ਅੰਡਰ ਹੋਣ ਤਾਂ ਕਿ ਜੇ ਯੂਨੀਵਰਸਿਟੀ ਦਾ ਦਰਜਾ ਦਿੱਤਾ ਹੈ ਤਾਂ ਯੂਨੀਵਰਸਿਟੀ ਵਾਲੇ ਕੰਮ ਤਾਂ ਹੋਣ। ਸਪੀਕਰ ਸਾਹਿਬ, ਮੈਂ ਦੂਸਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੀ.ਟੀ.ਯੂ. ਦੇ ਅੰਡਰ ਕਾਲਜ ਚਲ ਰਹੇ ਹਨ। ਇਹ ਇਕ ਇਕ ਕਰਕੇ ਸਾਰੇ ਯੂਨੀਵਰਸਿਟੀਆਂ ਬਣੀਆਂ ਜਾ ਰਹੀਆਂ ਹਨ ਫਿਰ ਪੀ.ਟੀ.ਯੂ. ਦਾ ਕੀ ਬਣੇਗਾ? ਇਕ ਪਾਸੇ ਤਾਂ ਮੰਤਰੀ ਜੀ ਕਹਿੰਦੇ ਹਨ ਕਿ ਪੀ.ਟੀ.ਯੂ. ਨੂੰ ਅਸੀਂ ਤਕੜਾ ਕਰਨਾ

ਹੈ। ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਤਾਂ ਇਹੋ ਹੀ ਫੀਡਰ ਹਨ, ਇਹੀ ਉਨ੍ਹਾਂ ਦੇ ਬੱਚੇ ਹਨ ਤੇ ਇਨ੍ਹਾਂ ਦੇ ਥਰੂ ਹੀ ਜਾਂਦੇ ਹਨ ਅਤੇ ਜੇਕਰ ਸਾਰੇ ਹੀ ਯੂਨੀਵਰਸਿਟੀਆਂ ਬਣ ਗਏ ਤਾਂ ਪੀ.ਟੀ.ਯੂ. ਬੰਦ ਹੋ ਜਾਣੀ ਹੈ ਤੇ ਦੂਜੀ ਬਠਿੰਡਾ ਵਾਲੀ ਖੋਲ੍ਹਣ ਦੀ ਵੀ ਜਰੂਰਤ ਨਹੀਂ ਹੈ। ਅਗਲੀ ਮੇਰੀ ਬੇਨਤੀ ਹੈ ਕਿ ਪਿਛਲੀ ਵਾਰ ਵੀ, ਠੰਡਲ ਸਾਹਿਬ ਨੇ ਵੀ ਉਧਰੋਂ ਤੇ ਹੋਰ ਮੈਂਬਰ ਸਾਹਿਬਾਨਾਂ ਨੇ ਵੀ ਬੇਨਤੀ ਕੀਤੀ ਸੀ ਲੇਕਿਨ ਉਸ ਬੇਨਤੀ ਉਤੇ ਸੁਣਵਾਈ ਕੋਈ ਨਹੀਂ ਹੁੰਦੀ । ਰਿਜਰਵੇਸ਼ਨ ਪਾਲਿਸੀ ਇਨ੍ਹਾਂ ਯੂਨੀਵਰਸਿਟੀਆਂ ਵਿਚ ਹੋਣੀ ਚਾਹੀਦੀ ਹੈ, ਜਦ ਅਸੀਂ ਸਰਕਾਰ ਵਲੋਂ ਬਣਾ ਰਹੇ ਹਾਂ, ਪੰਜਾਬ ਸਰਕਾਰ ਇਨ੍ਹਾਂ ਨੂੰ ਮਾਨਤਾ ਦੇ ਰਹੀ ਹੈ ਤਾਂ ਪੰਜਾਬ ਸਰਕਾਰ ਦੇ ਰੂਲਾਂ ਤੇ ਹਦਾਇਤਾਂ ਅਨੁਸਾਰ ਇਨ੍ਹਾਂ ਵਿਚ ਰਿਜ਼ਰਵੇਸ਼ਨ ਪਾਲਿਸੀ ਲਾਗੂ ਕਿਉਂ ਨਹੀਂ ਹੁੰਦੀ? ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿਚ ਸੋਧ ਲਿਆਂਦੀ ਜਾਵੇ ਤੇ ਇਸ ਵਿਚ ਇਹ ਵੀ ਐਡ ਕੀਤਾ ਜਾਵੇ ਕਿ ਇਸ ਯੂਨੀਵਰਸਿਟੀ ਵਿਚ ਰਿਜ਼ਰਵੇਸ਼ਨ ਪਾਲਿਸੀ ਪੰਜਾਬ ਸਰਕਾਰ ਦੇ ਰੂਲਾਂ, ਹਦਾਇਤਾਂ ਤੇ ਕਾਨੂੰਨ ਅਨੁਸਾਰ ਲਾਗੂ ਹੋਵੇਗੀ ਤਾਂ ਕਿ ਉਥੇ ਜਿਹੜੇ ਬੱਚੇ ਪੜ੍ਹਦੇ ਹਨ, ਉਨ੍ਹਾਂ ਵਿਚ ਜਿਹੜੇ ਟੀਚਰ ਭਰਤੀ ਹੁੰਦੇ ਹਨ, ਜਿਹੜੇ ਗਰੀਬ ਲੋਕ ਹਨ ਉਨ੍ਹਾਂ ਨੂੰ ਜਗ੍ਹਾ ਮਿਲੇ। ਰਿਜਰਵੇਸ਼ਨ ਪਾਲਿਸੀ ਬਾਰੇ ਸਰਕਾਰ ਦਾ ਜਿਹੜਾ ਕਾਨੂੰਨ ਹੈ, ਉਹ ਲਾਗੂ ਹੋਵੇ। ਇਸੇ ਤਰ੍ਹਾਂ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਯੂਨੀਵਰਸਿਟੀਆਂ ਹਨ, ਇਨ੍ਹਾਂ ਵਿਚ ਜਦੋਂ ਐਡਮਿਸ਼ਨ ਹੁੰਦੀ ਹੈ ਤਾਂ ਕੇਂਦਰ ਸਰਕਾਰ ਵੱਲੋਂ ਜਿਹੜੇ ਵਜ਼ੀਫੇ ਆਉਂਦੇ ਹਨ, ਉਸ ਪੈਸੇ ਕਾਰਨ ਐਡਮਿਸ਼ਨ ਦੇ ਟਾਈਮ ਐਡਮਿਸ਼ਨ ਫੀਸ ਨਹੀਂ ਲੈਣੀ ਹੁੰਦੀ ਪਰੰਤੂ ਉਹ ਉਨ੍ਹਾਂ ਤੋਂ ਫੀਸ ਲੈਂਦੇ ਹਨ ਜਿਹੜੀ ਕਿ ਬਾਅਦ ਵਿਚ ਬੱਚਿਆਂ ਨੂੰ ਰੀਇੰਬਰਸ ਹੁੰਦੀ ਹੈ। ਉਸ ਨਾਲ ਕੀ ਹੋ ਰਿਹਾ ਹੈ ਕਿ ਡਰਾਪ ਰੇਟ ਬਹੁਤ ਵੱਧ ਰਿਹਾ ਹੈ। ਦਸਵੀਂ ਤੋਂ ਬਾਅਦ ਬੱਚੇ ਹਟ ਜਾਂਦੇ ਹਨ ਕਿਉਂਕਿ ਜਦੋਂ ਐਡਮਿਸ਼ਨ ਲੈਣੀ ਹੁੰਦੀ ਹੈ ਤਾਂ ਦਸ ਹਜ਼ਾਰ ਰੁਪਏ ਫੀਸ ਲਗਦੀ ਹੈ ਤੇ ਉਹ ਸਰਕਾਰ ਨੇ ਦੇਣੀ ਹੁੰਦੀ ਹੈ ਪਰ ਸਰਕਾਰ ਜਮ੍ਹਾਂ ਨਹੀਂ ਕਰਾਉਂਦੀ। ਮੈਂ ਪਿਛਲੇ ਵਾਰੀ ਯੂਨੀਵਰਸਿਟੀ ਵਿਚ ਗਿਆ, ਉਹ ਕਹਿੰਦੇ ਜੀ ਸਾਨੂੰ ਸਰਕਾਰ ਟਾਈਮ ਸਿਰ ਪੈਸੇ ਨਹੀਂ ਦਿੰਦੀ, ਅਸੀਂ ਕਿਥੋਂ ਪੈਸੇ ਜਮ੍ਹਾਂ ਕਰਵਾਈਏ। ਅੱਜ ਵੀ ਮੈਂ ਸਵੇਰੇ ਟੈਲੀਫੋਨ ਕਰਕੇ ਆਇਆ ਹਾਂ, ਉਹ ਕਹਿੰਦੇ ਕਿ 70 ਪ੍ਰਤੀਸ਼ਤ ਪੈਸੇ ਆਏ ਹਨ, 30 ਪ੍ਰਤੀਸ਼ਤ ਹਾਲੇ ਵੀ ਪੈਸੇ ਨਹੀਂ ਆਏ। ਸੋ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਯੂਨੀਵਰਸਿਟੀਆਂ ਬਣ ਰਹੀਆਂ ਹਨ, ਇਨ੍ਹਾਂ ਬਾਰੇ ਸਰਕਾਰ ਦੇ ਕੀ

[ਸਰਦਾਰ ਚਰਨਜੀਤ ਸਿੰਘ ਚੰਨੀ]

ਮਾਪਦੰਡ ਹਨ, ਕਿਸ ਤਰੀਕੇ ਨਾਲ ਇਥੇ ਹਾਊਸ ਵਿਚ ਲੈ ਕੇ ਆਉਂਦੇ ਹਨ, ਕੀ ਰੂਲ ਹਨ? ਤੁਸੀਂ ਜਾਂ ਤਾਂ ਸਾਨੂੰ ਇਹੀ ਦੱਸ ਦਿਉ ਕਿ first come first serve ਹੈ ਜਾਂ ਕੋਈ ਕਾਨੂੰਨ ਵੇਖਦੇ ਹਨ, ਕੀ ਕਰਦੇ ਹਨ, ਯੂ.ਜੀ.ਸੀ. ਦੀਆਂ ਗਾਈਡ ਲਾਈਨਜ਼ ਹਨ, ਉਹ ਵੇਖਦੇ ਹਨ ਜਾਂ ਨਹੀਂ ਵੇਖਦੇ । ਸਾਡੇ ਆਪਣੇ ਸਿੱਖਿਆ ਮੰਤਰੀ ਸਾਹਿਬ ਦੇ ਇਲਾਕੇ ਵਿਚ ਭੱਦਲ ਕਾਲਜ ਹੈ। ਸਭ ਤੋਂ ਪਹਿਲਾਂ ਉਹ ਹੋਂਦ ਵਿਚ ਆਇਆ ਔਰ ਸਭ ਤੋਂ ਪਹਿਲਾਂ ਉਨ੍ਹਾਂ ਨੇ ਦਰਖਾਸਤ ਦਿੱਤੀ ਕਿ ਸਾਡੀ ਯੂਨੀਵਰਸਿਟੀ ਬਣਾ ਦਿਉ ਪਰ ਅੱਜ ਤੱਕ ਉਨ੍ਹਾਂ ਦੀ ਫਾਈਲ ਉਤੇ ਇਨ੍ਹਾਂ ਨੇ ਗੌਰ ਨਹੀਂ ਕੀਤੀ। ਕੀ ਵੋਟ ਦੇ ਅਧਾਰ ਉਤੇ ਹੁੰਦਾ ਹੈ ਜਾਂ ਨੋਟ ਦੇ ਅਧਾਰ ਉਤੇ ਹੁੰਦਾ ਹੈ ਜਾਂ ਕਿਸ ਅਧਾਰ ਨੂੰ ਸਰਕਾਰ ਮੂਹਰੇ ਰੱਖ ਰਹੀ ਹੈ ਜਾਂ ਹਿੱਸੇ ਦੇ ਅਧਾਰ ਤੇ ਹੁੰਦਾ ਹੈ? ਪਿਛਲੀ ਵਾਰੀ ਕੀ ਹੋਇਆ ਕਿ ਇਹ ਸਾਡੇ ਇਕ ਮੈਂਬਰ ਨੂੰ ਹੀ ਲੈ ਗਏ, (ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ ਵੱਲ ਇਸ਼ਾਰਾ) ਇਨ੍ਹਾਂ ਨੇ ਉਨ੍ਹਾਂ ਦੇ ਕਾਲਜ ਨੂੰ ਯੂਨੀਵਰਸਿਟੀ ਬਣਾਇਆ ਤਾਂ ਸਾਡੇ ਮੈਂਬਰ ਹੀ ਚਲੇ ਗਏ।

ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਕਿਸ ਤਰੀਕੇ ਦਾ ਸਿਸਟਮ ਅਪਣਾ ਰਹੀ ਹੈ ਕਿ ਜਿਹੜੇ ਕਾਲਜ ਡਿਜ਼ਰਵ ਕਰਦੇ ਹਨ ਉਨ੍ਹਾਂ ਨੂੰ ਅੱਪਗ੍ਰੇਡ ਨਹੀਂ ਕਰਦੇ ਪਰੰਤੂ ਜਿਹੜੇ ਡਿਜ਼ਰਵ ਨਹੀਂ ਕਰਦੇ, ਉਹ ਸਿਫਾਰਸ਼ਾਂ ਤੇ ਆਪਣੇ ਤਰੀਕੇ ਨਾਲ ਆਪਣੇ ਕਾਲਜਾਂ ਨੂੰ ਅੱਪਗ੍ਰੇਡ ਕਰ ਲੈਂਦੇ ਹਨ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਮੇਰਾ ਰਿਜ਼ਰਵੇਸ਼ਨ ਵਾਲਾ ਮੁੱਦਾ ਹੈ, ਕੀ ਇਸ ਬਾਰੇ ਮੰਤਰੀ ਜੀ ਸੋਧ ਲੈ ਕੇ ਆਉਣਗੇ ਜਾਂ ਨਹੀਂ ਆਉਣਗੇ । ਰਿਜਰਵੇਸ਼ਨ ਪਾਲਿਸੀ ਯੂਨੀਵਰਸਿਟੀਆਂ ਵਿਚ ਹੋਣੀ ਚਾਹੀਦੀ ਹੈ ਜਾਂ ਨਹੀਂ ਹੋਣੀ ਚਾਹੀਦੀ, ਇਸ ਬਾਰੇ ਵੀ ਮੰਤਰੀ ਜੀ ਕਿਰਪਾ ਕਰਕੇ ਆਪਣੇ ਜਵਾਬ ਵਿਚ ਦੱਸਣ ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) : ਤੁਹਾਡਾ ਧੰਨਵਾਦ ਕਿ ਤੁਸੀਂ ਮੇਰਾ ਨਾਮ ਲਿਆ ਹੈ। ਸਰ, ਅਕਾਲ ਯੂਨੀਵਰਸਿਟੀ ਬਿਲ, 2015 ਪੇਸ਼ ਹੋਇਆ ਹੈ। ਇਸ ਤੋਂ ਬਾਅਦ ਇਕ ਬਿਲ ਹੋਰ ਸੂਰੀਆ ਵਰਲਡ ਯੂਨੀਵਰਸਿਟੀ ਦਾ ਪੇਸ਼ ਹੋ ਰਿਹਾ ਹੈ। ਪੰਜਾਬ ਵਿਚ ਇਸ ਵਕਤ 24 ਯੂਨੀਵਰਸਿਟੀਆਂ ਕੰਮ ਕਰ ਰਹੀਆਂ ਹਨ, ਦੋ ਯੂਨੀਵਰਸਿਟੀਆਂ ਹੋਰ ਆ ਕੇ ਇਹ 26 ਹੋ ਜਾਣਗੀਆਂ । ਪੰਜਾਬ ਵਿਚ ਐਜੂਕੇਸ਼ਨ ਦੇ ਖੇਤਰ ਵਿਚ ਬਹੁਤ ਕੰਮ

ਹੋਇਆ ਹੈ। ਇਹ ਵੀ ਖੁਸ਼ੀ ਵਾਲੀ ਗੱਲ ਹੈ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਵਿੱਦਿਆ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ । ਸਰਕਾਰ ਸ਼ਾਇਦ ਇੰਨੀ ਵੱਡੀ ਇਨਵੈਸਟਮੈਂਟ ਨਾ ਕਰ ਸਕਦੀ । ਮੇਰੇ ਹਲਕੇ ਵਿਚ ਦੋ ਯੂਨੀਵਰਸਿਟੀਆਂ ਹਨ, ਜਿਹੜੀਆਂ ਬਹੁਤ ਵਧੀਆ ਕੰਮ ਕਰ ਰਹੀਆਂ ਹਨ । ਕੋਈ ਵੇਲਾ ਸੀ ਕਿ ਪੰਜਾਬ ਤੋਂ ਬੱਚੇ ਬਾਹਰ ਪੜ੍ਹਨ ਜਾਂਦੇ ਸੀ ਤੇ ਬਹੁਤ ਵੱਡੀਆਂ ਰਕਮਾਂ ਦੇ ਕੇ ਉਥੇ ਖਰਚਾ ਕਰਦੇ ਸੀ, ਸਾਊਥ ਵਿਚ ਪੜ੍ਹਨ ਜਾਂਦੇ ਸੀ, ਹੁਣ ਇਹ ਟਰੈਂਡ ਚੇਂਜ ਹੋਇਆ ਹੈ ਅਤੇ ਸਾਡੇ ਪੰਜਾਬ ਵਿੱਚ ਹਜ਼ਾਰਾਂ ਬੱਚੇ ਬਾਹਰੋਂ ਪੜ੍ਹਨ ਆਉਂਦੇ ਹਨ। ਵੱਖ ਵੱਖ ਸਟੇਟਾਂ ਅਤੇ ਵੱਖ ਵੱਖ ਦੇਸ਼ਾਂ ਤੋਂ ਵੀ ਬੱਚੇ ਇੱਥੇ ਪੜ੍ਹਨ ਆਉਂਦੇ ਹਨ। ਇਹ ਸਾਡੇ ਲਈ ਫ਼ਖਰ ਅਤੇ ਮਾਣ ਵਾਲੀ ਗੱਲ ਹੈ। ਪਿਛਲੀ ਵਾਰੀ ਵੀ ਜਿਹੜੇ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਬਿਲ ਆਏ ਹਨ, ਮੈਂ ਮਾਨਯੋਗ ਮੰਤਰੀ ਜੀ ਦਾ ਇਸ ਗੱਲ ਵੱਲ ਧਿਆਨ ਲਿਆਂਦਾ ਸੀ ਕਿ ਇਕ ਕੰਟਰਾਡਿਕਸ਼ਨ ਹਰ ਵਾਰ ਬਿਲ ਵਿੱਚ ਆਉਂਦੀ ਹੈ। ਪਿਛਲੀ ਵਾਰੀ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਵੀ ਇਹ ਗੱਲ ਲਿਆਂਦੀ ਸੀ। ਪੇਜ 3 ਤੇ ਕਲਾਜ਼-3 ਦੀ ਸਬ ਕਲਾਜ਼-5 ਵਿੱਚ ਲਿਖਿਆ ਹੈ -

> "The Universities shall be self financed and it shall not be entitled to receive any grant or other financial assistance from the State Government."

ਇਸ ਮੁਤਾਬਿਕ ਇਹ ਸੈਲਫ ਫਾਈਨਾਂਸ ਹੋਣੀ ਹੈ ਅਤੇ ਇਹ ਸਟੇਟ ਤੋਂ ਕੋਈ ਗ੍ਰਾਂਟ ਨਹੀਂ ਲੈ ਸਕਦੀ। ਇਸ ਦੇ ਨਾਲ ਹੀ ਪੇਜ਼ 5 ਤੇ ਕਲਾਜ਼-5 ਦੀ ਸਬ ਕਲਾਜ਼-15 ਵਿੱਚ ਲਿਖਿਆ ਹੈ -

> "To receive grants from the University Grants Commission and other Central or State Agencies."

ਇਹ ਸਟੇਟ ਤੋਂ ਗ੍ਰਾਂਟ ਲੈ ਸਕਦੀ ਹੈ। ਇਸ ਸੈਲਫ ਕੰਟ੍ਰਾਡਿਕਸ਼ਨ ਬਾਰੇ ਮੰਤਰੀ ਜੀ ਨੇ ਵੀ ਮੰਨਿਆ ਸੀ ਕਿ ਅਸੀਂ ਇਸ ਨੂੰ ਠੀਕ ਕਰਾਂਗੇ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਸੈਲਫ ਕੰਟ੍ਰਾਡਿਕਟਰੀ ਬਿਲ ਹਰ ਵਾਰੀ ਪਾਸ ਕਰਦੇ ਹਾਂ। ਹਰ ਸੈਸ਼ਨ ਵਿੱਚ ਕਿਸੇ ਨਾ ਕਿਸੇ ਯੂਨੀਵਰਸਿਟੀ ਦਾ ਬਿਲ ਆਉਂਦਾ ਹੈ, ਇਹ ਇਸ ਨੂੰ ਜ਼ਰੂਰ ਠੀਕ ਕਰ ਲੈਣ। ਅਮੈਂਡਮੈਂਟ ਕਰਕੇ ਇਹ

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਬਿਲ ਪਾਸ ਕਰ ਦੇਣਾ ਚਾਹੀਦਾ ਹੈ। ਜਿਹੜਾ ਵਰਡ ਸਟੇਟ ਏਜੰਸੀਜ਼ ਲਿਖਿਆ ਹੈ, ਇਸ ਨੂੰ ਡਿਲੀਟ ਕਰਕੇ ਬਿਲ ਪਾਸ ਹੋਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਇਸ ਨੂੰ ਅਮੈਂਡ ਕਰਕੇ ਇਹ ਵਰਡ ਡਿਲੀਟ ਕਰੀਏ। ਜਿਹੜਾ ਅਸੀਂ ਸੈਲਫ ਕੰਟ੍ਰਾਡਿਕਟਰੀ ਬਿਲ ਹਰ ਵਾਰੀ ਪਾਸ ਕਰਦੇ ਹਾਂ, ਅਜਿਹਾ ਨਾ ਕਰੀਏ। ਮੈਂ ਇਹ ਵੀ ਰਿਕੁਮੈਂਡ ਕਰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਵੇ ਅਤੇ ਮੰਤਰੀ ਜੀ ਇਸ ਵਾਧੂ ਕਲਾਜ਼ ਨੂੰ ਡਿਲੀਟ ਕਰ ਦੇਣ। ਧੰਨਵਾਦ।

ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ) : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਨੇ ਜੋ ਖ਼ਦਸ਼ੇ ਜ਼ਾਹਿਰ ਕੀਤੇ ਹਨ, ਮੇਰੀ ਬੇਨਤੀ ਹੈ ਕਿ ਸ਼ਾਇਦ ਇਨ੍ਹਾਂ ਨੂੰ ਇਹ ਪਤਾ ਨਹੀਂ ਹੋਵੇਗਾ ਕਿ ਜਿਹੜੀ ਅਕਾਲ ਯੂਨੀਵਰਸਿਟੀ ਹੈ, ਬੜੂ ਸਾਹਿਬ ਅਕੈਡਮੀ ਵਾਲੇ ਚੈਰੀਟੇਬਲ ਬੇਸਿਜ਼ ਤੇ ਇਕ ਸੰਸਥਾ ਚਲਾ ਰਹੇ ਹਨ। ਜਿਨ੍ਹਾਂ ਨੇ ਪੰਜਾਬ ਵਿੱਚ, ਸਮਾਜ ਵਿੱਚ ਸਾਡੇ ਕਲਚਰ, ਹੈਰੀਟੇਜ਼ ਦੀ ਜੋ ਸੇਵਾ ਕੀਤੀ ਹੈ, ਮੇਰਾ ਖਿਆਲ ਹੈ ਕਿ ਸਾਰਾ ਪੰਜਾਬ ਜਾਣਦਾ ਹੈ। ਮੇਰਾ ਖਿਆਲ ਨਹੀਂ ਕਿ ਪੰਜਾਬ ਵਿੱਚ ਕੋਈ ਹੋਰ ਅਜਿਹੀ ਸੰਸਥਾ ਹੋਵੇਗੀ ਜਿਨ੍ਹਾਂ ਨੇ ਪੰਜਾਬ ਦੇ ਰਿਮੋਟ ਏਰੀਏ ਵਿੱਚ, ਰੂਰਲ ਏਰੀਏ ਵਿੱਚ ਅਤੇ ਬਹੁਤ ਪੱਛੜੇ ਹੋਏ ਇਲਾਕਿਆਂ ਵਿੱਚ ਸੰਸਥਾਵਾਂ ਖੋਲ੍ਹ ਕੇ ਪੰਜਾਬ ਦੀ ਸੇਵਾ ਕੀਤੀ ਹੈ। ਮੇਰਾ ਖਿਆਲ ਹੈ ਕਿ ਇਹ ਜਨਰਲ ਨੁਕਤਾਚੀਨੀ ਹੀ ਕਰਦੇ ਰਹੇ ਹਨ ਸ਼ਾਇਦ ਇਸ ਸੰਸਥਾ ਬਾਰੇ ਇਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਸੋ, ਇਸ ਸੰਸਥਾ ਦੀ ਜੋ ਪੰਜਾਬ ਅਤੇ ਸਮਾਜ ਪ੍ਰਤੀ ਸੇਵਾ ਹੈ, ਉਸ ਨੂੰ ਮੁੱਖ ਰੱਖਦੇ ਹੋਏ ਇਹ ਬਿਲ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਇਸ ਵਿੱਚ ਕੁਝ ਵੀ ਅਜਿਹਾ ਨਹੀਂ ਹੋਵੇਗਾ। ਜਿਨ੍ਹਾਂ ਨੇ ਵੀ ਇਨ੍ਹਾਂ ਦੀ ਵਰਕਿੰਗ ਦੇਖੀ ਹੈ, ਚਾਹੇ ਬੜੂ ਸਾਹਿਬ ਜਾ ਕੇ ਦੇਖੀ ਹੈ, ਚਾਹੇ ਪੰਜਾਬ ਵਿੱਚ ਦੇਖੀ ਹੈ, ਇਸ ਤੋਂ ਵਧੀਆ ਵਰਕਿੰਗ, ਇਸ ਤੋਂ ਵਧੀਆ ਸੰਚਾਲਣ ਮੈਂ ਅੱਜ ਤੱਕ ਕਿਸੇ ਸੰਸਥਾ ਦਾ ਨਹੀਂ ਦੇਖਿਆ। ਆਪਾਂ ਸਾਰਿਆਂ ਨੇ ਇਹ ਦੇਖਿਆ ਹੈ। ਸੋ, ਇਹ ਬਿਲ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਸਗੋਂ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਅਜਿਹੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਸਮਾਜ ਵਿੱਚ ਹੋਰ ਵੀ ਚੰਗੇ ਕੰਮ ਹੋ ਸਕਣ। ਧੰਨਵਾਦ।

ਸ਼੍ਰੀਮਤੀ ਕਰਨ ਕੌਰ ਬਰਾੜ (ਸ੍ਰੀ ਮੁਕਤਸਰ ਸਾਹਿਬ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਇਹ ਅਤੇ ਇਸ ਤੋਂ ਅਗਲਾ ਬਿਲ ਜਿਹੜੇ ਯੂਨੀਵਰਸਿਟੀਆਂ ਬਾਰੇ ਹਨ, ਉਨ੍ਹਾਂ ਬਾਰੇ

1-2 ਗੱਲਾਂ ਦਾ ਖਿਆਲ ਰੱਖਣ ਦੀ ਬਹੁਤ ਲੋੜ ਹੈ। ਪਹਿਲੀ ਗੱਲ ਸਟੈਂਡਰਡਜ਼ ਦੀ ਹੈ, ਕਈ ਜਗ੍ਹਾ ਕਾਲਜ ਅਤੇ ਯੂਨੀਵਰਸਿਟੀਆਂ ਖੁੱਲ੍ਹੀਆਂ ਹਨ, ਜਿੱਥੇ ਵਿਦਿਆਰਥੀਆਂ ਨੂੰ ਜਿਹੜੀਆਂ ਡਿਗਰੀਆਂ ਮਿਲ ਰਹੀਆਂ ਹਨ ਉਹ ਕਿਸੇ ਕੰਮ ਦੀਆਂ ਨਹੀਂ ਹਨ। ਜਿੰਨੀ ਦੇਰ ਤੱਕ ਅਸੀਂ ਚੰਗੀ ਤਰ੍ਹਾਂ ਕੋਈ ਪ੍ਰੋਗਰਾਮ ਨਹੀਂ ਬਣਾਉਂਦੇ ਕਿ ਐਜੂਕੇਸ਼ਨ ਪੂਰੀ ਮਿਲਣੀ ਚਾਹੀਦੀ ਹੈ ਜਿਵੇਂ ਦੀ ਚਾਹੀਦੀ ਹੈ, ਉਦੋਂ ਤੱਕ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਣੀਆਂ। ਕਈ ਜਗ੍ਹਾ ਜਦੋਂ ਇੰਟਰਵਿਊ ਹੁੰਦੇ ਹਨ, ਮੈਂ ਆਪ ਦਿੱਲੀ ਜਾ ਕੇ ਦੇਖਿਆ ਹੈ ਕਿ ਜਦੋਂ ਉਹ ਦੇਖਦੇ ਹਨ ਕਿ ਬੱਚਾ ਪੰਜਾਬ ਦੇ ਪ੍ਰਾਈਵੇਟ ਕਾਲਜ ਦਾ ਪੜ੍ਹਿਆ ਹੋਇਆ ਹੈ ਤਾਂ ਉਸ ਨੂੰ ਨੌਕਰੀ ਨਹੀਂ ਮਿਲਦੀ। ਇਸ ਲਈ ਬਹੁਤ ਜ਼ਰੂਰੀ ਹੈ ਕਿ standards must be maintained. ਇਥੇ ਲਿਖਿਆ ਹੈ ਕਿ broad spectrum, medical, technical, general education, language ਇਹ ਸਾਰਾ ਕੁਝ ਕਰਨ ਲੱਗੇ ਹਨ। ਮੈਂ ਸਮਝਦੀ ਹਾਂ ਕਿ ਇੱਥੇ ਪਿੰਨ ਪੁਆਇੰਟ ਕਰਨਾ ਚਾਹੀਦਾ ਹੈ ਕਿ ਕਿਸ ਚੀਜ਼ ਤੇ ਅਸੀਂ ਜ਼ੋਰ ਦੇ ਰਹੇ ਹਾਂ ਅਤੇ ਪੂਰੀ ਸਟੈਂਡਰਡ ਅਤੇ ਕੁਆਲਿਟੀ ਵਾਲੀ ਐਜੂਕੇਸ਼ਨ ਮਿਲੇ।

ਇਸ ਤੋਂ ਬਾਅਦ job oriented courses ਲਈ ਬੱਚਿਆਂ ਨੂੰ ਆਪਣੇ ਪੰਜਾਬ ਵਿੱਚ ਹੀ ਅਵਸਰ ਮਿਲਣੇ ਚਾਹੀਦੇ ਹਨ ਤਾਂ ਕਿ ਬ੍ਰੇਨ ਡ੍ਰੇਨ ਨਾ ਹੋਵੇ। ਸਾਰਿਆਂ ਬੱਚਿਆਂ ਨੂੰ ਇੱਥੇ ਨੌਕਰੀਆਂ ਨਹੀਂ ਮਿਲਦੀਆਂ, ਜਿਸ ਕਾਰਨ ਉਹ ਪੰਜਾਬ ਤੋਂ ਬਾਹਰ ਚਲੇ ਜਾਂਦੇ ਹਨ। ਇਹ ਦੋ ਗੱਲਾਂ ਵੱਲ ਬਹੁਤ ਜ਼ਰੂਰੀ ਗੌਰ ਕਰਨੀ ਚਾਹੀਦੀ ਹੈ। ਮਿਹਰਬਾਨੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਜਿਹੜਾ ਇਹ ਬਿਲ ਅਕਾਲ ਯੂਨੀਵਰਸਿਟੀ ਬਾਰੇ ਆਇਆ ਹੈ, ਜਿਵੇਂ ਆਨਰੇਬਲ ਮੈਂਬਰ ਸਾਹਿਬ ਦੱਸ ਰਹੇ ਸੀ ਕਿ ਇਹ ਬਹੁਤ ਵੱਡਾ ਉਪਰਾਲਾ ਹੈ ਕਿਉਂਕਿ ਪੰਜਾਬ ਵਿੱਚ ਬੇਸ਼ੱਕ ਸਰਕਾਰ ਸਰਕਾਰੀ ਸਕੂਲਾਂ ਤੇ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ ਅਤੇ ਪ੍ਰਾਈਵੇਟ ਸਕੂਲ ਵੀ ਬੜੇ ਖੁਲ੍ਹ ਰਹੇ ਹਨ। ਲੇਕਿਨ ਜੋ ਅਕਾਲ ਅਕੈਡਮੀ ਦਾ ਰੋਲ ਹੈ, ਮੇਰਾ ਖਿਆਲ ਹੈ ਕਿ ਪੰਜਾਬ ਵਿੱਚ ਰੂਰਲ ਏਰੀਏ ਵਿੱਚ ਜੇ ਸਭ ਤੋਂ ਵਧੀਆ ਐਜੂਕੇਸ਼ਨ ਕਿਸੇ ਅਦਾਰੇ ਵਿੱਚ ਮਿਲ ਰਹੀ ਹੈ ਤਾਂ ਉਹ ਅਕਾਲ ਅਕੈਡਮੀ ਦੀ ਦੇਣ ਹੈ। ਇਹ ਨਹੀਂ ਕਿ ਉਥੇ ਇਕੋ ਹੀ ਲੈਂਗੁਏਜ ਪੜ੍ਹਾਉਂਦੇ ਹਨ, ਉਥੇ ਇੰਗਲਿਸ਼, ਪੰਜਾਬੀ ਤੇ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਦੂਜੀਆਂ ਸਾਰੀਆਂ ਭਾਸ਼ਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਦੇ ਨਾਲ ਇਹ ਵੀ ਹੈ ਕਿ ਧਰਮ ਦਾ ਸਭ ਤੋਂ ਵੱਡਾ ਖਿਆਲ ਰੱਖਿਆ ਜਾਂਦਾ ਹੈ। ਪੂਰਨ ਤੌਰ ਤੇ ਆਪਣੇ ਧਰਮ ਵਿੱਚ ਜੋ ਪੱਕਾ ਗੁਰਸਿੱਖ ਹੈ ਜਾਂ ਜੋ ਕੋਈ ਵੀ ਹੈ, ਅੰਮ੍ਰਿਤ ਵੀ ਉਹ ਛਕਾਉਂਦੇ ਹਨ, ਗੁਰਬਾਣੀ ਵੀ ਸਿਖਾਉਂਦੇ ਹਨ। ਉਹ ਅੰਗ੍ਰੇਜ਼ੀ ਅਤੇ ਪੰਜਾਬੀ ਦੋਵੇਂ ਭਾਸ਼ਾਵਾਂ ਵਿੱਚ ਅਜਿਹਾ ਕਰਦੇ ਹਨ ਕਿਉਂਕਿ ਇਹ ਸਕੂਲ ਪਲੱਸ-ਟੂ ਤੱਕ ਹਨ, ਹੁਣ ਇਸ ਨੂੰ ਹੋਰ ਅੱਗੇ ਵਧਾਉਣ ਲਈ ਉਨ੍ਹਾਂ ਨੇ ਯੂਨੀਵਰਸਿਟੀ ਲਈ ਬਿਲ ਲਿਆਉਣ ਸਬੰਧੀ ਸਰਕਾਰ ਨੂੰ ਰਿਕੁਐਸਟ ਕਰਕੇ ਭੇਜਿਆ ਹੈ। ਸਰਕਾਰ ਇਸ ਵਾਸਤੇ ਤਾਂ ਹੀ ਲੈ ਕੇ ਆਈ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਉਪਰਾਲਾ ਹੈ। ਇਸ ਨੂੰ ਪਾਸ ਕਰ ਦਿੱਤਾ ਜਾਵੇ।

ਸਰਦਾਰ ਮਹੇਸ਼ਇੰਦਰ ਸਿੰਘ (ਬਾਘਾ ਪੁਰਾਣਾ): ਸਪੀਕਰ ਸਾਹਿਬ, ਮੈਂ ਵੀ ਇਸ ਯੂਨੀਵਰਸਿਟੀ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ ਪਰ ਜਿਹੜੇ ਬਿਲ ਪਾਸ ਹੋਣੇ ਚਾਹੀਦੇ ਹਨ, ਉਨ੍ਹਾਂ ਬਾਰੇ ਮੇਰੇ ਤੋਂ ਪਹਿਲਾਂ ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਕੁਝ ਖਦਸ਼ੇ ਜ਼ਾਹਿਰ ਕੀਤੇ ਹਨ। ਉਹ ਮੈਂ ਤੁਹਾਡੇ ਰਾਹੀਂ ਹਾਊਸ ਵਿੱਚ ਸਾਂਝੇ ਕਰਨੇ ਹਨ ਕਿ ਸਾਲ 1950 ਤੇ 1951 ਵਿੱਚ ਐਜਕੇਸ਼ਨ ਦੀ ਜੋ ਪ੍ਰਾਈਵੇਟਾਈਜੇਸ਼ਨ ਹੋਈ ਸੀ, ਉਸ ਕਾਰਨ ਐਜੂਕੇਸ਼ਨ ਦੀ ਬਹੁਤ ਵੱਡੀ ਗਰੋਥ ਹੋਈ ਹੈ। ਇਸ ਬਾਰੇ ਮੈਂ ਤੁਹਾਨੂੰ ਥੋੜ੍ਹੀਆਂ ਜਿਹੀਆਂ ਬੇਨਤੀਆਂ ਕਰਨੀਆਂ ਹਨ। ਸਾਲ 1950-51 ਵਿੱਚ ਸਮੁੱਚੇ ਹਿੰਦੁਸਤਾਨ ਵਿੱਚ ਕੁੱਲ 578 ਕਾਲਜ ਸੀ ਤੇ 28 ਯੂਨੀਵਰਸਿਟੀਆਂ ਸਨ, ਜਿਨ੍ਹਾਂ ਨਾਲ ਇਹ ਸਾਰੇ ਕਾਲਜ ਐਫੀਲੀਏਟਡ ਸਨ। ਟੋਟਲ ਇਨਰੋਲਮੈਂਟ ਸਾਡੇ ਮੁਲਕ ਵਿੱਚ 0.2 ਮਿਲੀਅਨ ਸੀ। ਉਸ ਤੋਂ ਬਾਅਦ ਗੌਰਮਿੰਟ ਦੇ ਡਾਟੇ ਆਏ, ਸਾਲ 2005-06 ਵਿੱਚ ਜੋ ਹਾਇਰ ਐਜੂਕੇਸ਼ਨ ਦਾ ਸਰਵੇ ਹੈ, ਉਸ ਮੁਤਾਬਕ ਸਾਡੇ ਕਾਲਜਾਂ ਦੀ ਗਿਣਤੀ 17625 ਹੋ ਗਈ, ਯੂਨੀਵਰਸਿਟੀਆਂ 348 ਹੋ ਗਈਆਂ ਅਤੇ ਇਨਰੋਲਮੈਂਟ 10.5 ਮਿਲੀਅਨ ਹੋ ਗਈ। ਮੇਰੀ ਇਕੋ ਹੀ ਬੇਨਤੀ ਹੈ ਕਿ ਜਿਹੜੀ ਇਹ ਪ੍ਰਾਈਵੇਟਾਈਜੇਸ਼ਨ ਹੋਈ ਹੈ, ਉਸ ਨਾਲ ਕਮਰਸ਼ੇਲਾਈਜੇਸ਼ਨ ਹੋ ਗਈ ਹੈ। ਮੈਂ ਇਸ ਗੱਲ ਦੇ ਹੱਕ ਵਿੱਚ ਹਾਂ ਕਿ ਬੜੂ ਸਾਹਿਬ ਵਾਲਿਆਂ ਦਾ ਬਹੁਤ ਵੱਡਾ ਨਾਂ ਹੈ। ਡਾਕਟਰ ਖੇਮ ਸਿੰਘ ਜੀ ਜੋ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਹਨ, ਉਨ੍ਹਾਂ ਦਾ ਇਸ ਵਿੱਚ ਬਹੁਤ ਵੱਡਾ ਰੋਲ ਹੈ। ਉਨ੍ਹਾਂ ਦਾ ਪਿੰਡ ਕਾਲੇਕੇ ਮੇਰੀ ਕਾਂਸਟੀਚੂਐਂਸੀ ਵਿੱਚ ਆਉਂਦਾ ਹੈ। ਉਹ ਮੇਰੇ ਫਾਦਰ ਦੇ ਬਹੁਤ ਕਰੀਬੀ ਦੋਸਤ ਰਹੇ ਹਨ। ਉਹ

ਬੜੇ ਅੱਛੇ ਇਨਸਾਨ ਹਨ ਅਤੇ ਉਨ੍ਹਾਂ ਦੀ ਬੜੀ ਵੱਡੀ ਮਿਹਨਤ ਵੀ ਹੈ। ਉਨ੍ਹਾਂ ਨੂੰ ਦੇਖ ਕੇ ਤਾਂ ਮਹਿਸੂਸ ਹੁੰਦਾ ਹੈ ਕਿ ਇਹ ਸਭ ਕੁਝ ਜੋ ਹੋਇਆ ਹੈ, ਇਹ ਠੀਕ ਹੈ। ਲੇਕਿਨ ਜਿਵੇਂ ਬਾਕੀ ਯੂਨੀਵਰਸਿਟੀਆਂ ਬਣੀਆਂ ਹਨ, ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਖਦਸ਼ਾ ਜ਼ਾਹਿਰ ਕੀਤਾ ਹੈ, ਮੈਂ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਦਾ ਹਾਂ। ਜਦੋਂ ਆਪਾਂ ਸਿੱਖਿਆ ਦਾ ਵਪਾਰੀਕਰਨ ਕਰ ਦਿੰਦੇ ਹਾਂ ..(ਵਿਘਨ).. ਉਸ ਵਿੱਚ ਕੀ ਹੁੰਦਾ ਹੈ ਕਿ ਇੱਕ ਤਾਂ ਇਹ ਯੂਨੀਵਰਸਿਟੀਆਂ ਬਣਨ ਨਾਲ ਸਾਡਾ ਸਟੈਂਡਰਡ ਮੇਨਟੇਨ ਨਹੀਂ ਰਹਿੰਦਾ। ਅੱਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਰਟੀਫਿਕੇਟਾਂ ਦੀ ਵੈਲਿਊ ਵਰਲਡ ਲੈਵਲ ਤੇ ਹੈ। ਜਿਹੜੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਹਨ, ਸਵਾਏ ਵਪਾਰੀਕਰਨ ਕਰਨ ਤੋਂ ਇਨ੍ਹਾਂ ਦਾ ਕੰਮ ਕੋਈ ਨਹੀਂ ਹੈ। ਹੁਣ ਜਿਵੇਂ ਇਨ੍ਹਾਂ ਨੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੀ ਗੱਲ ਕੀਤੀ ਸੀ, ਉਨ੍ਹਾਂ ਤੇ ਕਿਤੇ ਕੋਈ ਐਸਾ ਕੰਟਰੋਲ ਨਹੀਂ ਹੈ ਜਿਹੜਾ ਸਰਕਾਰ ਦੇ ਹੱਥ ਵਿੱਚ ਹੋਵੇ। ਉਨ੍ਹਾਂ ਦਾ ਸਿਲੇਬਸ ਕੀ ਹੋਵੇਗਾ? ਫੈਕਲਟੀਜ਼ ਕਿਹੋ ਜਿਹੀਆਂ ਹੋਣਗੀਆਂ? ਬੱਚਿਆਂ ਤੋਂ ਫੀਸਾਂ ਕਿੰਨੀਆਂ ਲੈਣੀਆਂ ਹਨ ਤੇ ਆਪਣੇ ਪ੍ਰੋਫੈਸਰਾਂ ਨੂੰ ਤਨਖਾਹਾਂ ਕਿੰਨੀਆਂ ਦੇਣੀਆਂ ਹਨ ਆਦਿ। ਦੇਖੋ, ਸਰਕਾਰ ਦਾ ਤਾਂ ਇਸ ਗੱਲ ਵਿੱਚ ਫਾਇਦਾ ਹੈ, ਜੇਕਰ ਡਿਸਇਨਵੈਸਟਮੈਂਟ ਨਾਲ ਸਰਕਾਰ ਦਾ ਭਲਾ ਹੁੰਦਾ ਹੋਵੇ ਕਿ ਉਨ੍ਹਾਂ ਨੇ ਵੀ ਕੀਤੀ ਹੈ ਅਤੇ ਅਸੀਂ ਵੀ ਕਰ ਰਹੇ ਹਾਂ। ਹਿੰਦੁਸਤਾਨ ਵਿੱਚ ਇੰਨੀ ਵੱਡੀ ਅਬਾਦੀ ਨੂੰ, ਭਾਵੇਂ ਕਿਸੇ ਸੂਬੇ ਦੀ ਸਰਕਾਰ ਹੋਵੇ, ਕੇਂਦਰ ਦੀ ਹੋਵੇ, ਯੂ.ਪੀ.ਏ. ਜਾਂ ਐਨ.ਡੀ.ਏ. ਦੀ ਹੋਵੇ, ਜਿੰਨਾ ਚਿਰ ਤੱਕ ਪ੍ਰਾਈਵੇਟ ਸਕੂਲ-ਕਾਲਜ਼ਿਜ ਜਾਂ ਪ੍ਰਾਈਵੇਟ ਹਸਪਤਾਲ ਨਹੀਂ ਹੋਣਗੇ, ਉਨੇ ਚਿਰ ਤੱਕ ਨਾ ਆਪਾਂ ਇਲਾਜ ਕਰ ਸਕਦੇ ਹਾਂ ਨਾ ਹੀ ਐਜੂਕੇਸ਼ਨ ਦੇ ਸਕਦੇ ਹਾਂ। ਮੇਰੀ ਉਨ੍ਹਾਂ ਤੇ ਕੰਟਰੋਲ ਰੱਖਣ ਲਈ ਛੋਟੀ ਜਿਹੀ ਬੇਨਤੀ ਹੈ। ਜਿਵੇਂ ਮੇਰੇ ਤੋਂ ਪਹਿਲਾਂ ਜ਼ਿਕਰ ਹੋਇਆ ਹੈ, ਇਸਦੇ ਸੈਕਸ਼ਨ-5 ਵਿੱਚ ਆ ਜਾਂਦਾ ਹੈ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰ ਜਾਂ ਰਾਜ ਏਜੰਸੀਆਂ ਜਾਂ ਹੋਰ ਵਿਅਕਤੀਆਂ ਤੋਂ ਗ੍ਰਾਂਟਾਂ ਪ੍ਰਾਪਤ ਕਰ ਸਕਦੇ ਹਨ। ਪਰ ਕਿਹੜੇ ਵਿਅਕਤੀਆਂ ਤੋ? ਉਹ ਜਿਨ੍ਹਾਂ ਨੂੰ ਐਡਮਿਸ਼ਨ ਦਿੰਦੇ ਹਨ, ਉਨ੍ਹਾਂ ਦਾ ਸੋਸ਼ਣ ਹੁੰਦਾ ਹੈ, ਉਨ੍ਹਾਂ ਤੋਂ ਗ੍ਰਾਂਟਾਂ ਪ੍ਰਾਪਤ ਕਰਦੇ ਹਨ। ਫਿਰ ਉਸ ਵਿੱਚ ਅੱਗੇ ਜਾ ਕੇ ਇਹ ਵੀ ਜ਼ਿਕਰ ਆਇਆ ਹੈ ਕਿ ਕਿਸੇ ਵੀ ਚੱਲ ਅਤੇ ਅਚੱਲ ਸੰਪਤੀ ਨੂੰ ਪਟੇ ਜਾਂ ਰਹਿਣ ਤੇ ਖਰੀਦਣ/ਲੈਣਾ ਜਾਂ ਰੱਖਣਾ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ, ਚੱਲ ਜਾਂ ਅਚੱਲ ਸੰਪਤੀ ਨੂੰ ਗਿਰਵੀ ਰੱਖਣਾ/ਟਰਾਂਸਫਰ ਕਰਨਾ ਆਦਿ। ਸਪੀਕਰ ਸਾਹਿਬ, ਗੱਲ ਇਹ ਆ ਜਾਂਦੀ

[ਸਰਦਾਰ ਮਹੇਸ਼ਇੰਦਰ ਸਿੰਘ]

ਹੈ ਜੋ ਮੈਂ ਤੁਹਾਡੇ ਸਾਹਮਣੇ ਰੱਖਣੀ ਚਾਹੁੰਦਾ ਹਾਂ ਕਿ ਉਸ ਨੂੰ ਕਤਈ ਤੌਰ ਤੇ ਐਜੂਕੇਸ਼ਨ ਅਦਾਰਾ ਛੱਡ ਕੇ ਵਪਾਰੀ ਅਦਾਰਾ ਬਣਾ ਦਿੰਦੇ ਹਨ, ਵਪਾਰ ਕਰਨ ਲੱਗ ਜਾਂਦੇ ਹਨ। ਜ਼ਮੀਨ ਖਰੀਦਦੇ ਵੀ ਹਨ ਅਤੇ ਵੇਚਦੇ ਵੀ ਹਨ। ਜਿਹੜੀ ਯੂਨੀਵਰਸਿਟੀ ਨੇੜੇ ਹੁੰਦੀ ਹੈ, ਉਹ ਜ਼ਮੀਨਾਂ ਲੈ ਲੈਂਦੇ ਹਨ ਅਤੇ ਪੈਸਾ ਕਮਾਉਣ ਖਾਤਰ ਵੇਚ ਦਿੰਦੇ ਹਨ।

ਇਕ ਹੋਰ ਗੱਲ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਐਕਟ ਦੇ ਸੈਕਸ਼ਨ 25 ਮੁਤਾਬਿਕ 11ਵੀਂ ਅਤੇ 12ਵੀਂ ਜਮਾਤ ਵਿਚ ਘੱਟੋ ਘੱਟ 50 ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਦੇਣ ਲਈ ਸਪੈਸ਼ਲ ਸਕੂਲ ਚਲਾਏ ਜਾਣਗੇ, ਜਿਸ ਵਿਚ ਮੁਫਤ ਰਿਹਾਇਸ਼ ਅਤੇ ਮੁਫਤ ਭੋਜਨ ਦੀ ਸੁਵਿਧਾ ਹੋਵੇਗੀ। ਵਿਦਿਆਰਥੀਆਂ ਦਾ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ। ਸਪੀਕਰ ਸਾਹਿਬ, ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਕਈ ਪ੍ਰਾਈਵੇਟ ਸਕੂਲ ਐਫੀਲੀਏਟਿਡ ਹਨ। ਇਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਹਦਾਇਤ ਕੀਤੀ ਗਈ ਹੈ ਕਿ ਤੁਸੀਂ ਆਪਣੇ ਟੀਚਰਾਂ ਦੀ ਤਨਖਾਹ ਬੇਸਿਕ ਪੇਅ ਸਕੇਲ ਮੁਤਾਬਿਕ ਦੇਣੀ ਹੈ, ਜਦੋਂ ਕਿ ਇਨ੍ਹਾਂ ਯੂਨੀਵਰਸਿਟੀਆਂ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ। ਸੋ, ਮੇਰੀ ਬੇਨਤੀ ਹੈ ਕਿ ਟੀਚਰਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜਿਹੜੇ ਪ੍ਰਾਈਵੇਟ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲਿਏਟਿਡ ਹਨ, ਉਥੇ 25 ਵਿਦਿਆਰਥੀਆਂ ਨੂੰ ਮੁਫਤ ਵਿਦਿਆ ਦੇਣ ਦੀ ਹਦਾਇਤ ਕੀਤੀ ਹੋਈ ਹੈ। ਇਹ ਪਤਾ ਨਹੀਂ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਹੈ ਜਾਂ ਹਾਈਕੋਰਟ ਵਲੋਂ ਕੀਤੀ ਗਈ ਹੈ। ਅੱਜ ਸਰਕਾਰੀ ਸਕੂਲਾਂ ਵਿਚ 25 ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਦਿੱਤੀ ਜਾ ਰਹੀ ਹੈ। ਇਸ ਲਈ ਡਿਸਟ੍ਰਿਕਟ ਐਜੂਕੇਸ਼ਨ ਅਫਸਰ ਇਨ੍ਹਾਂ ਬੱਚਿਆਂ ਨੂੰ ਸਿਲੈਕਟ ਕਰਦਾ ਹੈ। ਸੋ, ਜਦੋਂ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਫੈਕਲਟੀ ਨੂੰ ਤਨਖਾਹ ਦੇਣ ਦੀ ਖੁੱਲ ਹੈ, ਬੱਚਿਆਂ ਦੀ ਫੀਸ ਲੈਣ ਦੀ ਵੀ ਖੁੱਲ ਹੈ। ਸੋ, ਘੱਟੋ ਘੱਟ ਉਨ੍ਹਾਂ ਨੂੰ ਇਹ ਤਾਂ ਕਹਿਣਾ ਚਾਹੀਦਾ ਹੈ ਕਿ 25 ਫੀਸਦੀ ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਦਿਓ। ਇਸ ਦੇ ਨਾਲ ਨਾਲ ਸਭ ਤੋਂ ਜ਼ਰੂਰੀ ਗੱਲ ਹੈ ਕਿ ਭਾਰਤ ਵਿਚ ਕੁਝ ਅਜਿਹੇ ਅਦਾਰੇ ਹਨ ਜਿਵੇਂ ਬਿਹਾਰ ਵਿਚ ਨਾਲੰਦਾ ਯੂਨੀਵਰਸਿਟੀ ਬਣੀ ਹੈ, ਉਨ੍ਹਾਂ ਦਾ ਵੀ ਮਿਸ਼ਨ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰਿਆਂ ਦਾ ਹੀ

ਵਪਾਰੀਕਰਨ ਹੋ ਗਿਆ ਹੈ। ਜਿਵੇਂ ਡੀ.ਏ.ਵੀ. ਟਰੱਸਟ ਬਣਿਆ ਹੈ, ਇਸ ਤੋਂ ਇਲਾਵਾ ਸਨਾਤਨ ਧਰਮ ਸਭਾ ਬਣੀ ਹੈ, ਜਾਮੀਆ ਇਸਲਾਮੀਆ ਬਣੀ ਹੈ, ਇਨ੍ਹਾਂ ਦਾ ਮਿਸ਼ਨ ਸੀ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਪ੍ਰਾਈਵੇਟਾਈਜੇਸ਼ਨ ਅਤੇ ਵਪਾਰੀਕਰਨ ਵਿਚ ਕੀ ਫਰਕ ਹੈ। ਇਨ੍ਹਾਂ ਸਾਰੇ ਅਦਾਰਿਆਂ ਦਾ ਮਿਸ਼ਨ ਸੀ ਕਿ ਐਜੂਕੇਸ਼ਨ ਦਾ ਸਕੋਪ ਵਧਾਉਣਾ, ਇਸ ਨੂੰ ਪਰਮੋਟ ਕਰਨਾ। ਇਹ ਸਾਰੇ ਅਦਾਰੇ ਪ੍ਰਾਈਵੇਟ ਤਾਂ ਸੀ ਪਰ ਇਨ੍ਹਾਂ ਨੇ ਕੋਈ ਵਪਾਰੀਕਰਨ ਨਹੀਂ ਕੀਤਾ ਸੀ। ਅਕਾਲ ਅਕੈਡਮੀ, ਬੜੂ ਸਾਹਿਬ ਵਾਲੇ ਵੀ ਚੰਗੇ ਹਨ ਪਰ ਸਾਰੀਆਂ ਯੂਨੀਵਰਸਿਟੀਆਂ ਤਾਂ ਚੰਗੀਆਂ ਨਹੀਂ ਹਨ। ਇਥੇ ਕਾਂਗਰਸ ਸਰਕਾਰ ਵੇਲੇ ਲਵਲੀ ਯੂਨੀਵਰਸਿਟੀ ਬਣੀ ਸੀ ਤਾਂ ਉਸ ਸਮੇਂ *** ਰਹੇ ਕਿ ਤੁਸੀਂ ਗਲਤ ਕਰ ਰਹੇ ਹੋ।

ਮਾਨਯੋਗ ਸਪੀਕਰ: *** ਲਫਜ਼ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਮਹੇਸ਼ਇੰਦਰ ਸਿੰਘ: ਸੋ, ਤੁਸੀਂ ਯੂਨੀਵਰਸਿਟੀਆਂ ਬਣਾਓ, ਐਜੂਕੇਸ਼ਨ ਦੇਣਾ ਸਾਡਾ ਫਰਜ਼ ਹੈ ਪਰ ਇਸ ਦੇ ਨਾਲ ਸਾਡਾ ਕੰਟਰੋਲ ਹੋਣਾ ਵੀ ਬਹੁਤ ਜ਼ਰੂਰੀ ਹੈ। ਮੇਰੀ ਅਖੀਰਲੀ ਅਤੇ ਸਭ ਤੋਂ ਜਰੂਰੀ ਬੇਨਤੀ ਹੈ ਕਿ ਵੀਕਰ ਸੈਕਸ਼ਨ ਲਈ ਇਸ ਵਿਚ ਕੋਈ ਥਾਂ ਨਹੀਂ ਰੱਖੀ ਗਈ ਹੈ। ਸੋ, ਇਹ ਮੇਰੀਆਂ ਬੇਨਤੀਆਂ ਹਨ। .. (ਵਿਘਨ..ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਤਰਲੋਚਨ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜ਼ਾਜ਼ਤ ਮੰਗ ਰਹੇ ਸਨ।)

ਮਾਨਯੋਗ ਸਪੀਕਰ : ਤਰਲੋਚਨ ਜੀ, Please sit down., ਤੁਸੀਂ ਬੈਠੋ। ਮੇਰੀ ਗੱਲ ਸੁਣ ਲਓ।

EXTENSION OF TIME OF THE SITTING OF THE HOUSE

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਬੈਠਕ ਲਈ ਨੀਯਤ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

**Expunged as ordered by the Chair.

ਮਾਨਯੋਗ ਸਪੀਕਰ : ਅੱਜ ਦੀ ਬੈਠਕ ਲਈ ਨਿਯਤ ਕੰਮਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

ਸ਼੍ਰੀ ਸੁਨੀਲ ਜਾਖੜ : ਤੁਸੀਂ ਤਿੰਨ-ਚਾਰ ਦਿਨ ਦਾ ਸੈਸ਼ਨ ਹੀ ਵਧਾ ਲਓ।

ਮਾਨਯੋਗ ਸਪੀਕਰ : ਨਹੀਂ, ਜਾਖੜ ਸਾਹਿਬ, ਹੁਣ ਤੁਹਾਡਾ ਕੋਈ ਗਿਲਾ ਨਹੀਂ ਰਹਿਣਾ ਚਾਹੀਦਾ ਕਿ ਤੁਹਾਨੂੰ ਟਾਈਮ ਨਹੀਂ ਮਿਲਿਆ। ਤੁਹਾਨੂੰ ਅਤੇ ਤੁਹਾਡੇ ਹਰ ਬੰਦੇ ਨੂੰ ਪੂਰਾ ਟਾਈਮ ਮਿਲਿਆ ਹੈ। ਹਾਂ ਜੀ, ਟੀਨੂੰ ਸਾਹਿਬ।

THE AKAL UNIVERSITY BILL, 2015 (Resumption)

ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅਕਾਲ ਯੂਨੀਵਰਸਿਟੀ ਦੇ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਸ ਤਰ੍ਹਾਂ ਸਾਡੇ ਸਤਿਕਾਰਯੋਗ ਮੈਂਬਰ ਪਹਿਲਾਂ ਵੀ ਕਹਿ ਕੇ ਗਏ ਹਨ ਕਿ ਅਕਾਲ ਯੂਨੀਵਰਸਿਟੀ ਨੂੰ ਬੜੂ ਸਾਹਿਬ ਦੀ ਸੰਸਥਾ ਚਲਾ ਰਹੀ ਹੈ। ਇਹ ਬਿਲਕੁਲ ਠੀਕ ਗੱਲ ਹੈ ਕਿ ਇਹ ਧਾਰਮਿਕ ਸੰਸਥਾ ਹੈ ਅਤੇ ਗਰੀਬ ਤਬਕੇ ਦੇ ਬੱਚਿਆਂ ਨੂੰ ਵਿੱਦਿਆ ਦੇ ਰਹੀ ਹੈ। ਇਸ ਦੇ ਨਾਲ ਹੀ ਉਹ ਧਾਰਮਿਕ ਅਤੇ ਸੱਭਿਆਚਾਰਕ ਸਿੱਖਿਆ ਵੀ ਦੇ ਰਹੀ ਹੈ। ਮੈਨੂੰ ਇਨ੍ਹਾਂ ਦੇ ਸਕੂਲਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਸਕੂਲਾਂ ਵਿਚ ਬਹੁਤ ਚੰਗੀ ਪੜ੍ਹਾਈ ਕਰਵਾਈ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਵਿਚ ਪ੍ਰਾਫਿਟ ਮੇਕਿੰਗ ਵਾਲੀ ਕੋਈ ਗੱਲ ਨਹੀਂ ਹੈ। ਇਸੇ ਤਰ੍ਹਾਂ ਹੀ ਪਿਛਲੇ ਸੈਸ਼ਨ ਵਿਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਮੇਰੇ ਹਲਕੇ ਵਿਚ ਬਣੀ ਹੈ, ਉਸ ਦਾ ਬਿਲ ਪਾਸ ਕੀਤਾ ਸੀ, ਉਹ ਵੀ ਇੱਕ ਧਾਰਮਿਕ ਸੰਸਥਾ ਹੈ ਅਤੇ ਬੜੀ ਕਾਮਯਾਬੀ ਨਾਲ ਸਕੂਲਾਂ ਤੋਂ ਸ਼ੁਰੂ ਹੋਈ ਤੇ ਫਿਰ ਕਾਲਜ ਅਤੇ ਉਸ ਤੋਂ ਬਾਅਦ ਯੂਨੀਵਰਸਿਟੀ ਬਣ ਗਈ। ਮਾਨਯੋਗ ਸਪੀਕਰ ਸਾਹਿਬ, 2-3 ਪੁਆਇੰਟ ਮੈਂ ਜ਼ਰੂਰ ਕਹਾਂਗਾ, ਯੂਨੀਵਰਸਿਟੀਆਂ ਬਣ ਰਹੀਆਂ ਹਨ, ਬੜੀ ਖੁਸ਼ੀ ਦੀ ਗੱਲ ਹੈ। ਇਸ ਦੇ ਨਾਲ ਐਜੂਕੇਸ਼ਨ ਦਾ ਰੈਵੋਲਿਊਸ਼ਨ ਪੰਜਾਬ ਵਿੱਚ ਆ ਰਿਹਾ ਹੈ। ਬੱਚਿਆਂ ਨੂੰ ਪੜ੍ਹਨ ਦਾ ਮੌਕਾ ਮਿਲ ਰਿਹਾ ਹੈ। (ਵਿਘਨ)

Mr. Speaker : Please silence.

ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ : ਸਪੀਕਰ ਸਾਹਿਬ, ਪਹਿਲਾਂ ਤਿੰਨ-ਚਾਰ ਯੂਨੀਵਰਸਿਟੀਆਂ

ਹੁੰਦੀਆਂ ਸਨ। ਉਦੋਂ ਕਈ ਵਾਰ ਵੀਕਰ ਸੈਕਸ਼ਨ ਦੇ ਬੱਚਿਆਂ ਨੂੰ ਐਡਮਿਸ਼ਨ ਨਹੀਂ ਮਿਲਦੀ ਸੀ। ਉਹ ਘਰ ਬੈਠ ਜਾਂਦੇ ਸੀ। ਅੱਜ ਪੰਜਾਬ ਦੇ ਕੋਨੇ-ਕੋਨੇ ਵਿੱਚ ਯੂਨੀਵਰਸਿਟੀਆਂ ਹਨ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਐਜੂਕੇਸ਼ਨ ਦੇ ਦਰਵਾਜ਼ੇ ਖੋਲ੍ਹੇ ਹਨ। ਠੀਕ ਹੈ, ਪ੍ਰਾਈਵੇਟ ਪਲੇਅਰ ਆ ਰਹੇ ਹਨ। ਜੇਕਰ ਐਜੂਕੇਸ਼ਨ ਆਏਗੀ ਤਾਂ ਹੀ ਉਸ ਦਾ ਮਿਆਰ ਵਧੇਗਾ। ਇੱਕ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰੀਆਂ ਯੂਨੀਵਰਸਿਟੀਆਂ ਵਿੱਚ ਸਪੋਰਟਸ ਦੇ ਇਨਫਰਾਸਟਰਕਚਰ ਨੂੰ ਆਪਾਂ ਜ਼ਰੂਰ ਧਿਆਨ ਵਿੱਚ ਰੱਖੀਏ। ਅੱਜ ਪੰਜਾਬ ਦਾ ਯੂਥ ਜੇਕਰ ਭਟਕ ਰਿਹਾ ਹੈ ਤਾਂ ਉਸ ਦਾ ਕਿਤੇ ਬਿਜ਼ੀ ਹੋਣਾ ਜ਼ਰੂਰੀ ਹੈ। ਯੂਨੀਵਰਸਿਟੀਆਂ ਸਪੋਰਟਸ ਵੱਲ ਪੂਰਾ ਧਿਆਨ ਦੇਣ ਕਿਉਂਕਿ ਸਪੋਰਟਸ ਆਪਣੇ ਆਪ ਵਿੱਚ ਇੱਕ ਐਜੂਕੇਸ਼ਨ ਹੈ। ਜ਼ਿੰਦਗੀ ਜੀਊਣ ਦਾ ਤਰੀਕਾ, ਸਲੀਕਾ, ਬਲ ਸਪੋਰਟਸ ਦੇ ਅੰਦਰ ਸਾਨੂੰ ਮਿਲਦਾ ਹੈ। ਸਾਰੀਆਂ ਯੂਨੀਵਰਸਿਟੀਆਂ ਸਪੋਰਟਸ ਵੱਲ ਜ਼ਰੂਰ ਧਿਆਨ ਦੇਣ। ਆਪਸ ਵਿੱਚ ਇਨ੍ਹਾਂ ਦੇ ਕੰਪੀਟੀਸ਼ਨ ਹੋਣ ਅਤੇ ਇਹ ਸ਼ਿਓਰ ਕੀਤਾ ਜਾਵੇ ਕਿ ਖੇਡਾਂ ਦੀਆਂ ਐਕਟੀਵਿਟੀਜ਼ ਵੀ ਇਹ ਸਾਰੀਆਂ ਯੂਨੀਵਰਸਿਟੀਆਂ ਕਰਵਾਉਣਗੀਆਂ। ਦੂਜੀ ਗੱਲ, ਯੂਨੀਵਰਸਿਟੀਆਂ ਦੇ ਆਉਣ ਦੇ ਨਾਲ ਸਾਡੀ ਆਰਥਿਕਤਾ ਵੀ ਮਜ਼ਬੂਤ ਹੁੰਦੀ ਹੈ ਕਿਉਂਕਿ ਮੈਂ ਦੇਖਿਆ ਹੈ ਕਿ ਪੰਜਾਬ ਤੋਂ ਬਾਹਰੋਂ ਵੀ, ਜਿਵੇਂ ਕਿ ਹਿਮਾਚਲ ਪ੍ਰਦੇਸ਼, ਅਸਾਮ, ਨਾਗਾਲੈਂਡ, ਬਾਹਰਲੇ ਸੂਬਿਆਂ ਤੋਂ ਬਲਕਿ ਵਿਦੇਸ਼ਾਂ ਤੋਂ ਵੀ ਬੱਚੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਆ ਕੇ ਪੜ੍ਹ ਰਹੇ ਹਨ। ਉਹ ਇਥੇ ਇਕਾਨਮੀ ਵਿੱਚ ਵੀ ਹਿੱਸਾ ਪਾ ਰਹੇ ਹਨ ਅਤੇ ਆਰਥਿਕਤਾ ਨੂੰ ਮਜ਼ਬੂਤ ਕਰ ਰਹੇ ਹਨ। ਇਸ ਦਾ ਫਾਇਦਾ ਹੋ ਰਿਹਾ ਹੈ। ਇੰਪਲਾਇਮੈਂਟ ਜਨਰੇਟ ਹੁੰਦੀ ਹੈ। ਲੋਕਾਂ ਨੂੰ ਨੌਕਰੀਆਂ ਮਿਲਦੀਆਂ ਹਨ। ਇਸ ਦੇ ਵਿੱਚ ਵੀਕਰ ਸੈਕਸ਼ਨ ਦਾ ਜ਼ਰੂਰ ਧਿਆਨ ਰੱਖਿਆ ਜਾਵੇ। ਅਕਾਲ ਯੂਨੀਵਰਸਿਟੀ ਵਿੱਚ ਤਾਂ ਸਾਨੂੰ ਕੋਈ ਖਦਸ਼ਾ ਨਹੀਂ, ਕੋਈ ਸ਼ੱਕ-ਸ਼ੁਬਾ ਨਹੀਂ ਕਿਉਂਕਿ ਇਹ ਇੱਕ ਧਾਰਮਿਕ ਸੰਸਥਾ ਹੈ ਅਤੇ ਬਿਨਾ ਕਿਸੇ ਭੇਦ ਭਾਵ ਤੋਂ ਇਹ ਕੰਮ ਕਰੇਗੀ ਪਰ ਬਾਕੀ ਦੀਆਂ ਯੂਨੀਵਰਸਿਟੀਆਂ ਵਿੱਚ ਸਾਨੂੰ ਜ਼ਰੂਰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਅਗਲੀ ਗੱਲ ਸਟਾਫ਼ ਬਾਰੇ ਹੈ ਕਿ ਇਨ੍ਹਾਂ ਦਾ ਸਟਾਫ਼ ਪਰਾਪਰ ਕੁਆਲੀਫਾਈਡ ਹੋਵੇ, ਜੇਕਰ ਪੰਜਾਬ ਵਿੱਚ ਬੇਰੁਜ਼ਗਾਰੀ ਨੂੰ ਆਪਾਂ ਦੂਰ ਕਰਨਾ ਚਾਹੁੰਦੇ ਹਾਂ ਕਿਉਂਕਿ ਬੱਚੇ ਪੜ੍ਹ ਲਿਖ ਗਏ ਹਨ ਤਾਂ ਫਿਰ ਸਟਾਫ ਇੰਪਲਾਇ ਕਰਨ ਤੋਂ ਪਹਿਲਾਂ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਮੈਕਸੀਮਮ ਇੰਪਲਾਇਮੈਂਟ ਦਾ ਮੌਕਾ ਪੀਅਨ ਤੋਂ ਲੈ ਕੇ

ਪ੍ਰਿੰਸੀਪਲ ਤੱਕ ਅਸੀਂ ਪੰਜਾਬ ਦੇ ਬਸ਼ਿੰਦੇ, ਪੰਜਾਬ ਦੇ ਨਾਗਰਿਕ ਨੂੰ ਦੇਈਏ ਤਾਂ ਕਿ ਬੇਰੁਜ਼ਗਾਰੀ ਨੂੰ ਦੂਰ ਕਰਨ ਵਾਸਤੇ ਵੀ ਇਹ ਪ੍ਰਾਈਵੇਟ ਯੂਨੀਵਰਸਿਟੀਆਂ ਹਿੱਸਾ ਪਾ ਸਕਣ। ਮੈਂ ਇਸ ਯੂਨੀਵਰਸਿਟੀ ਦੇ ਹੱਕ ਵਿੱਚ ਹਾਂ। ਮੈਂ ਸਮਝਦਾ ਹਾਂ ਕਿ ਇਹ ਸਰਕਾਰ ਦਾ ਇੱਕ ਬਹੁਤ ਵਧੀਆ ਕਦਮ ਹੈ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਅਕਾਲ ਯੂਨੀਵਰਸਿਟੀ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 38 ਤੱਕ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿਉਂਜੋ ਕਲਾਜ਼ਾਂ 2 ਤੋਂ 38 ਤੱਕ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 38 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੈਂਬਰ ਸਾਹਿਬਾਨ ਨੇ ਜੋ ਕੁਝ ਕਿਹਾ ਹੈ, ਮੰਤਰੀ ਜੀ ਕੀ ਤੁਸੀਂ ਮਾਈਂਡ ਵਿੱਚ ਰੱਖਿਆ ਹੈ?

ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ : ਮੈਂ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਅਤੇ ਜੋ ਵੀ ਸੁਝਾਅ ਆਏ ਹਨ, ਇਨ੍ਹਾਂ ਸਾਰਿਆਂ ਨੂੰ ਕੰਸਿਡਰ ਕੀਤਾ ਜਾਵੇਗਾ। ਅਸੀਂ ਯੂਨੀਵਰਸਿਟੀ ਬਣਾਉਣ ਤੋਂ ਪਹਿਲਾਂ ਸਾਰੇ ਪੈਰਾਮੀਟਰਜ਼ ਦੇਖਦੇ ਹਾਂ। ਸਟਾਫ ਦੀ ਗੱਲ ਕੀਤੀ ਹੈ, ਉਹ ਯੂ.ਜੀ.ਸੀ. ਦੀਆਂ ਹਦਾਇਤਾਂ ਅਨੁਸਾਰ ਰੱਖਦੇ ਹਨ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੋ ਵੀ ਸੁਝਾਅ ਦਿੱਤੇ ਗਏ ਹਨ, ਉਨ੍ਹਾਂ ਨੂੰ ਇੰਨ-ਬਿੰਨ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗੇ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਅਕਾਲ ਯੂਨੀਵਰਸਿਟੀ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਅਕਾਲ ਯੂਨੀਵਰਸਿਟੀ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਅਕਾਲ ਯੂਨੀਵਰਸਿਟੀ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

6. SURYA WORLD UNIVERSITY BILL, 2015

ਮਾਨਯੋਗ ਸਪੀਕਰ : ਮੰਤਰੀ ਜੀ, ਬਿਲ ਪੇਸ਼ ਕਰਨ।

ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਸਰਦਾਰ ਪਰਗਟ ਸਿੰਘ ਜੀ।

ਸਰਦਾਰ ਪਰਗਟ ਸਿੰਘ (ਜਲੰਧਰ ਛਾਉਣੀ) : ਸਪੀਕਰ ਸਾਹਿਬ, ਇਹ ਬਹੁਤ ਚੰਗੀ ਗੱਲ ਹੈ ਕਿ ਯੂਨੀਵਰਸਿਟੀਆਂ ਵਿੱਚ ਪ੍ਰਾਈਵੇਟਾਈਜ਼ੇਸ਼ਨ ਹੋਈ ਹੈ। ਮੈਂ ਤਾਂ ਸਿਰਫ ਇੱਕ ਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਡਰੱਗਜ਼ ਦੀ ਬੜੀ ਗੱਲ ਹੁੰਦੀ ਹੈ ਅਤੇ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਫੌਰਨ ਨੈਸ਼ਨਲਜ਼ ਵੀ ਬੜੇ ਆ ਰਹੇ ਹਨ। ਇਸ ਵਿੱਚ ਇੱਕ ਕਲਾਜ਼ ਜ਼ਰੂਰ ਲਿਆਂਦੀ ਜਾਵੇ ਕਿ ਫੌਰਨ ਨੈਸ਼ਨਲਜ਼ ਦੀ ਵੈਰੀਫਿਕੇਸ਼ਨ ਉਨ੍ਹਾਂ ਦੀ ਕੰਟਰੀ ਦੀ ਪੁਲਿਸ ਤੋਂ ਕਰਵਾਈ ਜਾਵੇ ਕਿਉਂਕਿ ਯੂਨੀਵਰਸਿਟੀਆਂ ਵਿੱਚ ਵੀ ਡਰੱਗਜ਼ ਦੀ ਪ੍ਰਾਬਲਮ ਆ ਰਹੀ ਹੈ। ਸਾਡੇ ਸਮਾਜ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ

ਹਾਂ ਕਿ ਇਸ ਲਈ ਕੋਈ ਅਮੈਂਡਮੈਂਟ ਜ਼ਰੂਰ ਲਿਆਉਣ।

ਸ਼੍ਰੀ ਸੁਨੀਲ ਜਾਖੜ : ** ** ** ** **

ਸਰਦਾਰ ਪਰਗਟ ਸਿੰਘ : ਕ੍ਰਿਮੀਨਲ ਵੈਰੀਫਿਕੇਸ਼ਨ ਹੋ ਜਾਵੇ ਕਿਉਂਕਿ ਕਿਤੇ ਉਸ ਤੇ ਕੋਈ ਕੇਸ ਨਾ ਰਜਿਸਟਰ ਹੋਇਆ ਹੋਵੇ, ਕੋਈ ਅਜਿਹੀ ਐਕਟੀਵਿਟੀ ਵਿੱਚ ਇਨਵਾਲਵ ਨਾ ਹੋਵੇ।

ਸ਼੍ਰੀ ਸੁਨੀਲ ਜਾਖੜ : ** ** ** ** **

Mr. Speaker : Not to be recorded. ਜੋ ਵੀ ਮੇਰੇ ਪੁੱਛੇ ਤੋਂ ਬਗੈਰ ਕਿਹਾ ਗਿਆ ਹੈ, ਉਹ that should not be recorded.

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 38

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 38 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

**Expunged/Not recorded as ordered by the Chair.

[ਮਾਨਯੋਗ ਸਪੀਕਰ]

ਕਿ ਕਲਾਜ਼ਾਂ 2 ਤੋਂ 38 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼(1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸੂਰੀਆ ਵਰਲਡ ਯੂਨੀਵਰਸਿਟੀ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

7. THE PUNJAB ANCIENT, HISTORICAL MONUMENTS, ARCHAEOLOGICAL SITES AND CULTURAL HERITAGE MAINTENANCE BOARD (AMENDMENT) BILL, 2015

ਮਾਨਯੋਗ ਸਪੀਕਰ : ਮੰਤਰੀ ਜੀ ਬਿਲ ਪੇਸ਼ ਕਰਨ ।

ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ): ਸ਼੍ਰੀਮਾਨ ਜੀ, ਮੈਂ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ- ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ- ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ-ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਵਡਾਲਾ ਜੀ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) : ਸਪੀਕਰ ਸਾਹਿਬ, ਅਸੀਂ ਸਮਝ ਰਹੇ ਸੀ ਕਿ ਪੰਜਾਬ ਸਰਕਾਰ ਕੋਈ ਕਲਚਰਲ ਸੈੱਸ ਲਗਾਉਣ ਲੱਗੀ ਹੈ, for the maintenance of all the Heritage buildings ਜਿਹੜੀਆਂ ਗੌਰਮਿੰਟ ਦੇ ਅੰਡਰ ਹਨ। ਕਈ ਬਿਲਡਿੰਗਾਂ ਪੰਜਾਬ ਦੀਆਂ ਆਰਕਿਆਲੋਜੀਕਲ ਸਰਵੇ ਆਫ ਇੰਡੀਆ ਕੋਲ ਹਨ । ਉਹ ਬਿਲਡਿੰਗਜ਼ ਮੇਨਟੇਨ ਕਰਦੀ ਹੈ ਤੇ ਉਨ੍ਹਾਂ ਦੇ ਆਲੇ-ਦੁਆਲੇ ਕੋਈ ਹੋਰ ਕੰਸਟਰੱਕਸ਼ਨ ਨਹੀਂ ਹੋ ਸਕਦੀ, ਇਹ ਬਿਲਡਿੰਗਾਂ within the Municipal limits ਹਨ । ਸਪੀਕਰ ਸਾਹਿਬ, ਨੂਰਮਹਿਲ ਵਿਖੇ ਇੱਕ ਬੜੀ ਪੁਰਾਣੀ ਜਹਾਂਗੀਰ ਦੀ ਸਰ੍ਹਾਂ ਹੈ। ਇਹ ਬਿਲਡਿੰਗ ਆਰਕਿਆਲੋਜੀਕਲ ਸਰਵੇ ਆਫ ਇੰਡੀਆ ਕੋਲ ਹੈ ।

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

ਬਹੁਤ ਹੀ ਵਧੀਆ ਹੈਰੀਟੇਜ ਬਿਲਡਿੰਗ ਹੈ । ਲੇਕਿਨ ਉਸ ਦੇ ਆਲੇ-ਦੁਆਲੇ ਕੰਸਟਰੱਕਸ਼ਨ ਕਰਨ ਤੇ ਬੜੀ ਪ੍ਰਾਬਲਮ ਆਉਂਦੀ ਹੈ । ਉਥੇ ਇੱਕ ਹੋਰ ਦੱਖਣੀ ਸਰ੍ਹਾਂ ਹੈ, ਮੇਰੇ ਹਲਕੇ ਵਿੱਚ ਇੱਕ ਜਹਾਂਗੀਰ ਪਿੰਡ ਹੈ । ਜਿਹੜੀ ਪੁਰਾਣੀ ਗਰੈਂਡ ਟਰੰਕ ਰੋਡ (ਜੀ.ਟੀ.ਰੋਡ) ਸੀ, ਜਿਸ ਨੂੰ ਆਪਾਂ ਸ਼ੇਰ ਸ਼ਾਹ ਸੂਰੀ ਮਾਰਗ ਕਹਿੰਦੇ ਹਾਂ, ਇਹ ਸਾਰੇ ਉਸ ਤੇ ਪੈਂਦੇ ਹਨ । ਉਹ ਦੱਖਣੀ ਸਰ੍ਹਾਂ ਵੀ ਜਹਾਂਗੀਰ ਦੇ ਵੇਲੇ ਦੀ ਹੈ ਅਤੇ ਮੱਲੀਆਂ ਖੁਰਦ ਪਿੰਡ ਹੈ ਤੇ ਉਸ ਪਾਸੇ ਕੋਈ ਸੜਕ ਨਹੀਂ ਜਾਂਦੀ ਅਤੇ ਕੇਵਲ ਕੱਚਾ ਰੂਟ ਹੀ ਇਸ ਦੱਖਣੀ ਸਰ੍ਹਾਂ ਨੂੰ ਜਾਂਦਾ ਹੈ । ਮੇਰੀ ਬੇਨਤੀ ਹੈ ਕਿ ਕਲਚਰਲ ਡਿਪਾਰਟਮੈਂਟ ਲਾਸਟ ਪੁਆਇੰਟ ਇਹ ਸੜਕਾਂ ਬਣ ਸਕਦੀਆਂ ਹਨ ਜੇ ਪੱਕੀ ਸੜਕ ਨਾ ਵੀ ਹੋਵੇ ਤੇ ਕਲਚਰਲ ਬਾਰੇ ਮੇਰਾ ਪ੍ਰੋਗਰਾਮ ਵਿੱਚ ਜੇ ਕੋਈ ਸੈੱਸ ਵੀ ਲਗਾਉਣਾ ਹੈ, ਉਹ ਲਗਾ ਕੇ ਖਾਸ ਕਰਕੇ ਜਹਾਂਗੀਰ ਪਿੰਡ ਵੱਲ ਦੱਖਣੀ ਸਰ੍ਹਾਂ ਨੂੰ ਜ਼ਰੂਰ ਪੱਕੀ ਸੜਕ ਬਣਾਈ ਜਾਵੇ । ਇਹ ਮੇਰੀ ਬੇ ਨਤੀ ਹੈ ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ- ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ-ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ-ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਪੁਰਾਤਨ, ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ-ਸਾਂਭ-ਸੰਭਾਲ ਬੋਰਡ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

8. THE PUNJAB DEVELOPMENT OF TRADE, COMMERCE AND INDUSTRIES BILL, 2015

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪੰਜਾਬ ਵਪਾਰ, ਵਣਜ ਅਤੇ ਉਦਯੋਗਾਂ ਦਾ ਵਿਕਾਸ ਬਿਲ, 2015 ਵਿਦਡਰਾਅ ਕਰਦਾ ਹਾਂ ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਵਪਾਰ, ਵਣਜ ਅਤੇ ਉਦਯੋਗਾਂ ਦਾ ਵਿਕਾਸ ਬਿਲ, 2015 ਵਿਦਡਰਾਅ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਵਪਾਰ, ਵਣਜ ਅਤੇ ਉਦਯੋਗਾਂ ਦਾ ਵਿਕਾਸ ਬਿਲ, 2015 ਵਿਦਡਰਾਅ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

9. THE PUNJAB REGIONAL AND TOWN PLANNING AND DEVELOPMENT (AMENDMENT) BILL, 2015

ਮਾਨਯੋਗ ਸਪੀਕਰ : ਉਪ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

10. THE PUNJAB STATE BOARD OF TECHNICAL EDUCATION AND INDUSTRIAL TRAINING (AMENDMENT) BILL, 2015

ਮਾਨਯੋਗ ਸਪੀਕਰ : ਉਪ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

[ਮਾਨਯੋਗ ਸਪੀਕਰ]

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

11. THE EAST PUNJAB MINISTERS SALARIES (AMENDMENT) BILL, 2015

ਮਾਨਯੋਗ ਸਪੀਕਰ : ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਦੇ ਮੰਤਰੀ ਬਿਲ ਪੇਸ਼ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕ਼ਲਾਜ਼ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹਨ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 4

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਆਵਾਜਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

12. THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (AMENDMENT) BILL, 2015

ਮਾਨਯੋਗ ਸਪੀਕਰ : ਸੰਸਦੀ ਮਾਮਲੇ ਮੰਤਰੀ ਜੀ ਬਿਲ ਪੇਸ਼ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ,2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

> ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

[ਮਾਨਯੋਗ ਸਪੀਕਰ]

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 6

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 6 ਤੱਕ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

13. THE PUNJAB LEGISLATIVE ASSEMBLY (SALARIES AND ALLOWANCES OF MEMBERS) AMENDMENT BILL, 2015

ਮਾਨਯੋਗ ਸਪੀਕਰ : ਸੰਸਦੀ ਮਾਮਲੇ ਮੰਤਰੀ ਜੀ, ਬਿਲ ਪੇਸ਼ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ,2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ,2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਆਸ਼ੂ ਜੀ।

ਮਾਨਯੋਗ ਸਪੀਕਰ : ਹਾਂ ਜੀ, ਤੁਹਾਡੇ ਹੱਕ ਵਿਚ ਹੈ। ਕੀ ਤੁਸੀਂ ਕੋਈ ਬਿਲ ਦੀ ਮੁਖਾਲਫਤ ਕਰਨੀ ਹੈ?

ਸ਼੍ਰੀ ਭਾਰਤ ਭੂਸ਼ਣ ਆਸ਼ੂ (ਲੁਧਿਆਣਾ, ਪੱਛਮੀ) : ਸਪੀਕਰ ਸਾਹਿਬ, ਮੈਂ ਮੁਖਾਲਫਤ ਨਹੀਂ ਕਰਨੀ। ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਇਹ ਬਿਲ ਆ ਰਿਹਾ ਹੈ, ਮੈਂ ਐਮ.ਐਲ.ਏਜ਼ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਵੀ ਅੱਜ ਦੇ ਦਿਨ ਹੀ ਰਿਕੁਐਸਟ ਹੋਈ ਹੈ ਕਿ ਐਮ. ਐਲ.ਏ., ਇਕੱਲਾ ਵਿਧਾਨਕਾਰ ਹੀ ਨਹੀਂ ਹੈ, ਢਾਈ ਤਿੰਨ ਲੱਖ ਲੋਕਾਂ ਦਾ ਨੁਮਾਇੰਦਾ ਵੀ ਹੈ। ਨਾ ਉਸ ਕੋਲ ਕੋਈ ਦਫਤਰ ਹੈ, ਨਾ ਸਰਕਾਰੇ ਦਰਬਾਰੇ ਉਸ ਦੀ ਕੋਈ ਇੱਜ਼ਤ ਹੈ। ਇਸ ਦੇ ਉਤੇ ਬਹੁਤ ਵੱਡੀ ਡਿਬੇਟ ਦੀ ਲੋੜ ਹੈ । ਅਸੀਂ ਤਾਂ ਪਹਿਲਾਂ ਵੀ, ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਰਿਕੁਐਸਟ ਕੀਤੀ ਸੀ ਕਿ ਘੱਟੋ ਘੱਟ ਐਮ. ਐਲ.ਏਜ਼ ਵਾਸਤੇ ਐਮ.ਐਲ.ਏ. ਲੈਡ ਫੰਡ ਤਾਂ ਸ਼ੁਰੂ ਕੀਤਾ ਜਾਵੇ । ਹਰਿਆਣਾ ਵਿਚ ਨਵੀਂ-ਨਵੀਂ ਸਰਕਾਰ ਬਣੀ ਹੈ, ਉਨ੍ਹਾਂ ਨੇ ਆਉਂਦੇ ਹੀ ਇਸ ਨੂੰ ਪਾਸ ਕਰ ਦਿੱਤਾ ਹੈ। ਸਾਡੀ ਰਿਕੁਐਸਟ ਇਹ ਹੈ ਕਿ ਚਾਹੇ ਕੋਈ ਏਰੀਆ ਡਿਵੈਲਪਮੈਂਟ ਲੈਡ ਫੰਡ ਪੰਜ ਲੱਖ ਜਾਂ ਦਸ ਲੱਖ, ਭਾਵੇਂ ਇਕ ਟੋਕਨ ਤੌਰ ਦੇ ਉੱਤੇ ਹੀ ਕਰ ਦਿੱਤਾ ਜਾਵੇ। ਸਪੀਕਰ ਸਾਹਿਬ, ਇਹ ਮੇਰੀ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਨੂੰ ਰਿਕੁਐਸਟ ਹੈ । ਸਰ, ਐਮ.ਐਲ.ਏਜ਼. ਲੈਡ ਫੰਡ ਬਾਰੇ ਵੀ ਜ਼ਿਕਰ ਕੀਤਾ ਸੀ । ਐਮ.ਐਲ.ਏਜ. ਨੂੰ ਪੰਜ ਲੱਖ, ਦਸ ਲੱਖ, ਕੁਝ ਤਾਂ ਸ਼ੁਰੂ ਕਰ ਦਿਉ। ਇਹ ਸਾਡੀ ਰਿਕੁਐਸਟ ਮੰਨ ਲਵੋ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

> ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 3

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ 2 ਤੋਂ 3 ਤੱਕ ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

---

14. THE PUNJAB STATE LEGISLATIVE MEMBERS (PENSION AND MEDICAL FACILITIES REGULATION) AMENDMENT BILL, 2015

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 3

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਤੋਂ 3 ਤੱਕ ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

[ਮਾਨਯੋਗ ਸਪੀਕਰ]

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰਾਂ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

.....

ਮਾਨਯੋਗ ਸਪੀਕਰ: ਸਰਦਾਰ ਲਾਲ ਸਿੰਘ ਜੀ ਨੇ ਜੋ ਪ੍ਰਸਤਾਵ ਪੇਸ਼ ਕੀਤਾ ਹੈ ਕਿ ਐਮ.ਐਲ.ਏਜ਼ ਅਤੇ ਐਕਸ ਐਮ.ਐਲ.ਏਜ਼ ਲਈ ਮਕਾਨ ਦੀ ਸਹੂਲਤ ਪ੍ਰਦਾਨ ਕਰਨ ਲਈ ਜੋ ਇਹ ਪ੍ਰਸਤਾਵ ਪੇਸ਼ ਕੀਤਾ ਹੈ, ਉਹ ਸਰਬਸੰਮਤੀ ਨਾਲ ਹਾਊਸ ਵਿੱਚ ਪ੍ਰਵਾਨ ਹੋਇਆ ਹੈ ਅਤੇ ਡਿਪਟੀ ਸੀ.ਐਮ. ਸਾਹਿਬ ਨੇ ਉਨ੍ਹਾਂ ਬਾਰੇ ਵਿਸ਼ਵਾਸ ਦਿਵਾਇਆ ਹੈ ਕਿ ਉਹ ਇਹ ਕਰਨਗੇ, ਡਿਪਟੀ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ) ਇਹ ਸਰਬਸੰਮਤੀ ਨਾਲ ਪਾਸ ਹੋਇਆ ਹੈ ਜੀ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਪਤਾ ਕਰ ਲਿਆ ਹੈ, ਇਸ ਦਾ ਨੋਟੀਫਿਕੇਸ਼ਨ ਹੁੰਦਾ ਹੈ, ਇਸ ਦਾ ਕੋਈ ਬਿਲ ਨਹੀਂ ਆਉਂਦਾ।

ਮਾਨਯੋਗ ਸਪੀਕਰ : ਧੰਨਵਾਦ ਜੀ। ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਇਸ ਬਜਟ ਸਮਾਗਮ ਦੌਰਾਨ ਪਵਿੱਤਰ ਸਦਨ ਨੇ ਤਿੰਨ ਨਮਿੱਤਣ ਬਿੱਲ ਅਤੇ 13 ਹੋਰ ਬਿੱਲ ਪਾਸ ਕੀਤੇ। ਇਸ ਤੋਂ ਇਲਾਵਾ ਸਦਨ ਨੇ ਕਾਮਾਗਾਟਾਮਾਰੂ ਸਾਕੇ ਸਬੰਧੀ ਅਤੇ ਡਾ. ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਸਬੰਧੀ ਦੋ ਸਰਕਾਰੀ ਮਤੇ ਵੀ ਪਾਸ ਕੀਤੇ ਅਤੇ ਦੋ ਗੈਰ-ਸਰਕਾਰੀ ਮਤੇ ਇਕ, ਰਾਜ ਵਿੱਚ ਅਵਾਰਾ ਪਸ਼ੂਆਂ ਦੇ ਆਮ ਤੁਰੇ ਫਿਰਨ ਕਰਨ ਵਾਪਰਦੇ ਭਿਆਨਕ ਹਾਦਸਿਆਂ ਨੂੰ ਰੋਕਣ ਅਤੇ ਦੂਜਾ, ਅਵਾਰਾ ਕੁੱਤਿਆਂ ਦੁਆਰਾ ਕੀਤੇ ਜਾਂਦੇ ਭਾਰੀ ਨੁਕਸਾਨ ਤੋਂ ਬਚਾਉਣ ਅਤੇ ਇਨ੍ਹਾਂ ਦੀ ਤੇਜ਼ੀ ਨਾਲ ਹੋਰ ਵੱਧਦੀ ਸੰਖਿਆ ਨੂੰ ਰੋਕਣ ਲਈ ਵੀ ਸਦਨ ਨੇ ਸਰਬਸੰਮਤੀ ਨਾਲ ਪਾਸ ਕੀਤੇ। ਇਨ੍ਹਾਂ ਤੋਂ ਇਲਾਵਾ ਸਾਰੇ ਮੈਂਬਰ ਸਾਹਿਬਾਨ ਨੇ ਸਦਨ ਦੀਆਂ ਬੈਠਕਾਂ ਵਿੱਚ ਆਪਣੇ ਆਪਣੇ ਹਲਕਿਆਂ ਦੇ ਵਿਕਾਸ ਸਬੰਧੀ ਮਸਲੇ ਵੀ ਉਠਾਏ ਅਤੇ ਸਰਕਾਰ ਨੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਉਸਾਰੂ ਕਦਮ ਵੀ ਉਠਾਏ ਅਤੇ ਕਈ ਮਸਲਿਆਂ ਨੂੰ ਹੱਲ ਕਰਨ ਲਈ ਆਸ਼ਵਾਸਨ ਵੀ ਦਿੱਤੇ। (ਵਿਘਨ..ਸ਼ੋਰ) please silence. ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਨੇ ਰਾਜਪਾਲ ਦੇ ਭਾਸ਼ਣ ਦਾ ਜਵਾਬ ਦਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਸ਼੍ਰੀ ਨਰਿੰਦਰ ਮੋਦੀ, ਮਾਨਯੋਗ ਪ੍ਰਧਾਨ ਮੰਤਰੀ ਦੇ ਪੰਜਾਬ ਆਉਣ ਤੇ ਉਨ੍ਹਾਂ ਦਾ ਧੰਨਵਾਦ ਵੀ

[ਮਾਨਯੋਗ ਸਪੀਕਰ]

ਕੀਤਾ। ਇਸ ਤੋਂ ਇਲਾਵਾ ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਜੀ ਨੇ ਬਜਟ ਅਨੁਮਾਨਾਂ ਸਬੰਧੀ ਵੀ ਸਰਕਾਰ ਦਾ ਪੱਖ ਪੇਸ਼ ਕੀਤਾ। ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਵਿੱਤ ਮੰਤਰੀ ਨੇ ਬਜਟ ਅਨੁਮਾਨਾਂ ਦੀ ਬਹਿਸ ਦੌਰਾਨ ਮੈਂਬਰ ਸਾਹਿਬਾਨ ਵੱਲੋਂ ਉਠਾਏ ਗਏ ਵੱਖ ਵੱਖ ਨੁਕਤਿਆਂ ਦਾ ਵਿਸਥਾਰ ਪੂਰਵਕ ਜਵਾਬ ਦਿੱਤਾ ਅਤੇ ਉਨ੍ਹਾਂ ਨੇ ਪੰਜਾਬ ਦੇ ਲੋਕ ਭਲਾਈ ਦੀਆਂ ਮੰਗਾਂ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਪਾਸ ਵੀ ਕਰਵਾਇਆ। ਪਵਿੱਤਰ ਹਾਊਸ ਨੇ ਸਰਬਸੰਮਤੀ ਨਾਲ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਨੂੰ ਉਨ੍ਹਾਂ ਦੀਆਂ ਗਰੀਬ ਜਨਤਾ, ਦਲਿਤਾਂ ਅਤੇ ਕਿਸਾਨਾਂ ਪ੍ਰਤੀ ਬਹੁਤ ਲੰਮੇ ਸਮੇਂ ਤੋਂ ਲਗਾਤਾਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਦੇਸ਼ ਦਾ ਬਹੁਤ ਹੀ ਗੌਰਵਮਈ ਐਵਾਰਡ 'ਪਦਮ ਵਿਭੂਸ਼ਣ' ਪ੍ਰਦਾਨ ਕਰਨ ਲਈ ਮਾਨਯੋਗ ਰਾਸ਼ਟਰਪਤੀ ਜੀ ਦਾ ਵੀ ਧੰਨਵਾਦ ਕੀਤਾ। ਮੈਂ ਸਮੂਹ ਮੈਂਬਰ ਸਾਹਿਬਾਨ, ਸਮੇਤ ਵਿਰੋਧੀ ਧਿਰ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਸਮੁੱਚੇ ਹਾਊਸ ਦੀ ਕਾਰਵਾਈ ਨੂੰ ਨਿਰਵਿਘਨ ਚਲਾਉਣ ਲਈ ਆਪਣਾ ਪੂਰਨ ਸਹਿਯੋਗ ਦਿੱਤਾ। ਇਸ ਪਵਿੱਤਰ ਹਾਊਸ ਦੇ ਸਮੂਹ ਮੈਂਬਰ ਸਾਹਿਬਾਨ ਨੇ ਦੋਹਾਂ ਪਾਸਿਆਂ ਤੋਂ ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਜਟ ਅਨੁਮਾਨਾਂ ਦੀ ਬਹਿਸ ਦੌਰਾਨ ਆਪਸ ਵਿੱਚ ਇਕ ਦੂਸਰੇ ਦੇ ਵਿਚਾਰ ਸਹਿਨਸ਼ੀਲਤਾ ਨਾਲ ਸੁਣੇ ਅਤੇ ਵਧੀਆ ਹਾਂ ਪੱਖੀ ਅਤੇ ਉਸਾਰੂ ਵਿਚਾਰ ਪੇਸ਼ ਕੀਤੇ ਗਏ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਵੀ ਮੈਨੂੰ ਸਾਰੇ ਮੈਂਬਰ ਸਾਹਿਬਾਨ ਤੋਂ ਪੂਰਨ ਸਹਿਯੋਗ ਮਿਲਦਾ ਰਹੇਗਾ।

ਹੁਣ ਸਦਨ ਅਣਮਿੱਥੇ ਸਮੇਂ ਲਈ *ਸਥੱਗਿਤ ਕੀਤਾ ਜਾਂਦਾ ਹੈ।

*3.13 ਵਜੇ
ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਅਣਮਿਥੇ ਸਮੇਂ ਲਈ ਸਥੱਗਿਤ ਹੋ ਗਿਆ।)

APPENDIX
TO
PUNJAB VIDHAN SABHA DEBATES

Wednesday, he 25th March, 2015

Vol. X-No. 8

POSTPONED STARRED QUESTION AND ANSWER

ਹਸਪਤਾਲ ਬਣਾਉਣ ਲਈ ਜ਼ਮੀਨ ਲੀਜ ਤੇ ਦੇਣਾ

***1889 ਸਰਦਾਰ ਰਣਜੀਤ ਸਿੰਘ ਢਿੱਲੋਂ:** ਐਮ.ਐਲ.ਏ. ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਲੁਧਿਆਣਾ ਸ਼ਹਿਰ ਵਿੱਚ ਦਰੇਸੀ ਗਰਾਊਂਡ ਦੇ ਨੇੜੇ ਕਪੂਰ ਹਸਪਤਾਲ ਦੇ ਮਾਲਕਾਂ ਨੂੰ ਹਸਪਤਾਲ ਬਣਾਉਣ ਲਈ ਕਿੰਨੀ ਜ਼ਮੀਨ ਕਿੰਨੇ ਸਮੇਂ ਲਈ ਲੀਜ ਤੇ ਦਿੱਤੀ ਗਈ ਸੀ।

(ਅ) ਕੀ ਉਕਤ ਹਸਪਤਾਲ ਦੇ ਮਾਲਕਾਂ ਵੱਲੋਂ ਹਸਪਤਾਲ ਦੇ ਬਾਹਰਲੇ ਪਾਸੇ ਕਰੀਬ 100 ਦੁਕਾਨਾਂ ਬਣਾ ਕੇ ਕਿਰਾਏ ਤੇ ਦਿੱਤੀਆਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਹ ਜ਼ਮੀਨ ਉਕਤ ਹਸਪਤਾਲ ਦੇ ਮਾਲਕਾਂ ਤੋਂ ਖਾਲੀ ਕਰਾਉਣ ਲਈ ਕੀ ਉਪਰਾਲੇ ਕਰ ਰਹੀ ਹੈ?

ਸਰਦਾਰ ਬਿਕਰਮ ਸਿੰਘ ਮਜੀਠੀਆ: (ੳ) ਲੁਧਿਆਣਾ ਸ਼ਹਿਰ ਵਿੱਚ ਦਰੇਸੀ ਗਰਾਊਂਡ ਦੇ ਨੇੜੇ ਕਪੂਰ ਹਸਪਤਾਲ ਵਾਸਤੇ ਸਾਲ 1950 ਦੌਰਾਨ 30 ਸਾਲ ਵਾਸਤੇ 12.5 ਏਕੜ ਸਰਕਾਰੀ ਜ਼ਮੀਨ ਲੀਜ਼ ਤੇ ਦਿੱਤੀ ਗਈ ਸੀ।

(ਅ) ਜੀ ਹਾਂ। ਇਸ ਜ਼ਮੀਨ ਨੂੰ ਖਾਲੀ ਕਰਾਉਣ ਲਈ ਤਹਿਸੀਲਦਾਰ ਲੁਧਿਆਣਾ (ਪੂਰਬੀ) ਵੱਲੋਂ ਇੱਕ ਕੇਸ ਦੀ ਪੰਜਾਬ ਪਬਲਿਕ ਪ੍ਰੀਮਸਿਜ਼ ਲੈਂਡ (ਅਵਿਕਸਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਐਸ.ਡੀ.ਐਮ. ਕਮ ਕੁਲੈਕਟਰ ਲੁਧਿਆਣਾ (ਪੂਰਬੀ) ਦੀ ਅਦਾਲਤ ਵਿੱਚ ਦਾਇਰ ਕੀਤਾ ਗਿਆ ਸੀ। ਜਿਸ ਦਾ ਫੈਸਲਾ ਐਸ.ਡੀ.ਐਮ. (ਭੂਰਬੀ ਵੱਲੋਂ 07.11.2014 ਨੂੰ ਕੀਤਾ ਗਿਆ। ਜਿਸ ਅਨੁਸਾਰ ਹਸਪਤਾਲ ਅਥਾਰਟੀ ਨੂੰ ਇਹ ਜਗ੍ਹਾ ਖਾਲੀ ਕਰਨ ਦਾ ਹੁਕਮ ਕੀਤਾ ਗਿਆ। ਹੁਣ ਇਸ ਫੈਸਲੇ ਦੇ ਵਿਰੁੱਧ ਅਪੀਲ ਕੇਸ ਵਧੀਕ ਡਿਪਟੀ ਕਮਿਸ਼ਨਰ-ਕਮ-ਐਪੀਲਾਟ ਅਧਾਰਟੀ ਦੀ ਅਦਾਲਤ ਵਿੱਚ ਚੱਲ ਰਿਹਾ ਹੈ, ਜਿਸ ਦਾ ਫੈਸਲਾ ਹੋਣਾ ਅਜੇ ਬਾਕੀ ਹੈ।

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਮੈਂ ਏਜੰਡੇ ਦੀ ਅਗਲੀ ਆਈਟਮ ਲਵਾਂ, ਮੈਂ ਸਭ ਨਾਲ ਦੋ-ਚਾਰ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ। ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਇਸ ਬਜਟ ਸਮਾਗਮ ਦੌਰਾਨ....

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਮੈਨੂੰ ਬੋਲਣ ਲਈ ਇਜਾਜ਼ਤ ਦਿਉ ਜੀ।

ਮਾਨਯੋਗ ਸਪੀਕਰ : ਹਾਂ ਜੀ, ਲਾਲ ਸਿੰਘ ਜੀ, ਬੋਲੋ ਜੀ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਜੋ ਮਤੇ ਪਾਸ ਕੀਤੇ ਗਏ ਹਨ, ਇਨ੍ਹਾਂ ਵਿੱਚ ਕਾਫ਼ੀ ਪੈਸਾ ਇਨਵਾਲਵਡ ਹੈ। ਮੈਂ ਇਕ ਮਤਾ ਪੇਸ਼ ਕਰਨਾ ਚਾਹੁੰਦਾ ਹਾਂ ਜਿਸ ਵਿੱਚ ਸਰਕਾਰ ਦਾ ਕੋਈ ਪੈਸਾ ਨਹੀਂ ਲਗਣਾ। ਇਹ ਸਰਕਾਰ ਤੇ ਬੋਝ ਨਹੀਂ ਬਣਨਾ। ਅਗਰ ਇਜਾਜ਼ਤ ਹੋਵੇ ਤਾਂ ਮੈਂ ਇਸ ਨੂੰ ਪੇਸ਼ ਕਰ ਦੇਵਾਂ ਜੀ।

ਮਾਨਯੋਗ ਸਪੀਕਰ : ਕਰੋ ਜੀ।

RESOLUTION MOVED BY SARDAR LAL SINGH OF INDIAN NATIONAL CONGRESS PARTY REG. RECOMMENDATION TO THE STATE GOVERNMENT FOR DEVELOPING A COLONY FOR ALL THE MLA's/ EX-MLA's THROUGH GAMADA IN ORDER TO HELP GENERAL PUBLIC IN THE HOUR OF THEIR NEEDS.

ਸਰਦਾਰ ਲਾਲ ਸਿੰਘ : ਸ਼੍ਰੀਮਾਨ ਜੀ, ਮੈਂ ਆਪ ਜੀ ਦੀ ਆਗਿਆ ਨਾਲ ਪ੍ਰਸਤਾਵ ਪੇਸ਼ ਕਰਦਾ ਹਾਂ ਕਿ-

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਗਮਾਡਾ ਵੱਲੋਂ ਸਾਰੇ ਐਮ.ਐਲ.ਏਜ਼ ਲਈ ਹਾਊਸਿੰਗ ਸੁਸਾਇਟੀ ਬਣਾ ਕੇ ਇੱਕ ਕਲੋਨੀ ਦੀ ਉਸਾਰੀ ਕਰਕੇ ਦੇਵੇ ਤਾਂ ਜੋ ਇੱਕੋ ਹੀ ਸਥਾਨ ਤੇ ਆਮ ਜਨਤਾ ਐਮ.ਐਲ.ਏਜ਼ ਨੂੰ ਸੌਖ ਨਾਲ ਆਪਣੇ ਕੰਮਾਂ-ਕਾਰਾਂ ਲਈ ਮਿਲ ਸਕੇ ਅਤੇ ਉਹ ਵੀ ਦੁੱਖ-ਸੁੱਖ ਵਿੱਚ ਆਮ

[ਸਰਦਾਰ ਲਾਲ ਸਿੰਘ]

ਲੋਕਾਂ ਦੇ ਕੰਮ-ਕਾਰ ਕਰ ਸਕਣ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਉਪਰੋਕਤ ਮੰਤਵ ਲਈ ਰਾਜ ਸਰਕਾਰ ਕਿਸੇ ਬੈਂਕ ਨਾਲ ਟਾਈ-ਅੱਪ ਕਰਕੇ ਐਮ.ਐਲ.ਏਜ਼ ਨੂੰ ਬਣਦੀ ਕੀਮਤ ਕਿਸ਼ਤਾਂ ਵਿੱਚ ਦੇਣ ਦੀ ਸਹੂਲਤ ਪ੍ਰਦਾਨ ਕਰਵਾਏ।"

ਮਾਨਯੋਗ ਸਪੀਕਰ : ਇਸ ਵਿੱਚ ਐਕਸ ਐਮ.ਐਲ.ਏਜ਼ ਦਾ ਨਾਮ ਵੀ ਵਿੱਚ ਪਾ ਲਉ ਕਿਉਂਕਿ ਕੱਲ੍ਹ ਨੂੰ ਕਈਆਂ ਨੇ ਐਕਸ ਬਣਨਾ ਹੁੰਦਾ ਹੈ, ਜੇਕਰ ਐਕਸ ਐਮ.ਐਲ.ਏਜ਼ ਐਡ ਕਰ ਲਿਆ ਜਾਵੇ ਤਾਂ ਜ਼ਿਆਦਾ ਠੀਕ ਹੋਵੇਗਾ।

ਇਸ ਵਿੱਚ ਐਕਸ ਲਫਜ਼ ਵੀ ਐਡ ਕਰ ਲਿਆ ਜਾਵੇ। ਇਸ ਵਿੱਚ ਐਕਸ ਲਫਜ਼ ਪਹਿਲੋਂ ਹੀ ਐਡ ਕਰ ਲਉ।

ਮੁੱਖ ਸੰਸਦੀ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਮਨਤਾਰ ਸਿੰਘ ਬਰਾੜ): ਸਪੀਕਰ ਸਾਹਿਬ, ਤੁਸੀਂ ਐਮ.ਐਲ.ਏਜ਼ ਦਾ ਹੀ ਦਿੱਤਾ ਹੈ। ਸਾਰੇ ਚੀਫ ਪਾਰਲੀਮਾਨੀ ਸਕੱਤਰਾਂ ਵਲੋਂ ਇੱਕ ਬੇਨਤੀ ਹੈ। ਇਸ ਵਿੱਚ ਚੀਫ ਪਾਰਲੀਮਾਨੀ ਸਕੱਤਰਾਂ ਦਾ ਜ਼ਿਕਰ ਨਹੀਂ ਆਇਆ।

ਮਾਨਯੋਗ ਸਪੀਕਰ : ਉਹ ਐਮ.ਐਲ.ਏਜ਼ ਤਾਂ ਪਹਿਲਾਂ ਹੀ ਹਨ।

ਮੁੱਖ ਸੰਸਦੀ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤਾਂ : ਹਾਂ ਜੀ, ਬਿਲਕੁਲ ਹਾਂ। ਪਰ ਸਾਰੇ ਜਣਿਆਂ ਨੇ ਮੈਨੂੰ ਆਖਿਆ ਹੈ ਕਿ ਸਾਡਾ ਵੀ ਵਿੱਚ ਐਡ ਕਰ ਲਿਆ ਜਾਵੇ।

ਮਾਨਯੋਗ ਸਪੀਕਰ : ਉਹ ਆ ਗਿਆ ਹੈ ਜੀ। .. (ਵਿਘਨ)(ਸ਼ੋਰ).. ਇਸ ਬਾਰੇ ਸਰਕਾਰ ਨੇ ਨੋਟੀਫਿਕੇਸ਼ਨ ਕਰਨੀ ਹੁੰਦੀ ਹੈ। ਉਹ ਹੋ ਜਾਵੇਗੀ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਹ ਬਹੁਤ ਵਧੀਆ ਮਤਾ ਹੈ ਜੋ ਕਿ ਸਰਦਾਰ ਲਾਲ ਸਿੰਘ ਜੀ ਲੈ ਕੇ ਆਏ ਹਨ। ਇਹ ਸਰਬਸੰਮਤੀ ਨਾਲ ਪਾਸ ਹੋਣਾ ਹੈ। ਪਰ ਇਸ ਵਿੱਚ ਇੱਕ ਗੱਲ ਦਾ ਜ਼ਰੂਰ ਖਿਆਲ ਰੱਖਿਆ ਜਾਵੇ, ਕਿਉਂਕਿ ਇੱਕ ਸ਼ਰਤ ਲਗਾ ਦਿੱਤੀ ਜਾਂਦੀ ਹੈ ਕਿ ਜਿਨ੍ਹਾਂ ਐਮ.ਐਲ.ਏਜ਼ ਕੋਲ ਆਲਰੈਡੀ ਗਮਾਡਾ ਜਾਂ ਕਿਸੇ ਹੋਰ ਦੇ ਗੌਰਮਿੰਟ ਸੰਸਥਾ ਦੇ ਮਕਾਨ ਜਾਂ ਪਲਾਟ ਹਨ, ਉਹ ਅਪਲਾਈ ਨਹੀਂ ਕਰ ਸਕਦੇ। ਇਹੋ ਜਿਹੀ ਕੋਈ ਸ਼ਰਤ ਨਹੀਂ ਲਗਣੀ ਚਾਹੀਦੀ।

ਮਾਨਯੋਗ ਸਪੀਕਰ: ਇਹ ਸੁਸਾਇਟੀ ਹੈ।

ਸ਼੍ਰੀ ਤਰਲੋਚਨ ਸਿੰਘ : ਇਹ ਸ਼ਰਤ ਪਹਿਲਾਂ ਸੁਸਾਇਟੀ ਤੇ ਵੀ ਲਗਾ ਦਿੱਤੀ ਗਈ ਸੀ।

ਮਾਨਯੋਗ ਸਪੀਕਰ : ਇੱਕ ਹੋਰ ਗੱਲ ਹੈ। ਡਿਪਟੀ ਸੀ.ਐਮ. ਸਾਹਿਬ, ਪਾਰਲੀਮੈਂਟਰੀ ਸੈਕਟਰੀਜ਼ ਵਾਸਤੇ ਵੱਖਰੀ ਨੋਟੀਫਿਕੇਸ਼ਨ ਹੁੰਦੀ ਹੈ, ਉਨ੍ਹਾਂ ਦਾ ਨਾਮ ਵੀ ਆਪਾਂ ਨੂੰ ਨਾਲ ਐਡ ਕਰਨਾ ਪਵੇਗਾ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਜੇ ਹਾਊਸ ਪਾਸ ਕਰਦਾ ਹੈ ਤਾਂ we can look into it.

ਮਾਨਯੋਗ ਸਪੀਕਰ : ਸਰਦਾਰ ਲਾਲ ਸਿੰਘ ਜੀ, ਤੁਸੀਂ ਸੋਧਿਆ ਹੋਇਆ ਮਤਾ ਪੇਸ਼ ਕਰੋ।

RESOLUTION (AS AMENDED) MOVED BY SARDAR LAL SINGH OF INDIAN NATIONAL CONGRESS PARTY REG. RECOMMENDATION TO THE STATE GOVERNMENT FOR DEVELOPING A COLONY FOR ALL THE MLA's/EX-MLA's THROUGH GAMADA IN ORDER TO HELP GENERAL PUBLIC IN THE HOUR OF THEIR NEEDS.

ਸਰਦਾਰ ਲਾਲ ਸਿੰਘ : ਸ਼੍ਰੀਮਾਨ ਜੀ, ਮੈਂ ਸੋਧਿਆ ਹੋਇਆ ਪ੍ਰਸਤਾਵ ਪੇਸ਼ ਕਰਦਾ ਹਾਂ ਕਿ-

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਗਮਾਡਾ ਵੱਲੋਂ ਸਾਰੇ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਲਈ ਹਾਊਸਿੰਗ ਸੁਸਾਇਟੀ ਬਣਾ ਕੇ ਇੱਕ ਕਲੋਨੀ ਦੀ ਉਸਾਰੀ ਕਰਕੇ ਦੇਵੇ ਤਾਂ ਜੋ ਇੱਕੋ ਹੀ ਸਥਾਨ ਤੇ ਆਮ ਜਨਤਾ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਨੂੰ ਸੌਖ ਨਾਲ ਆਪਣੇ ਕੰਮਾਂ-ਕਾਰਾਂ ਲਈ ਮਿਲ ਸਕੇ ਅਤੇ ਉਹ ਵੀ ਦੁੱਖ-ਸੁੱਖ ਵਿੱਚ ਆਮ ਲੋਕਾਂ ਦੇ

[ਸਰਦਾਰ ਲਾਲ ਸਿੰਘ]

ਕੰਮ-ਕਾਰ ਕਰ ਸਕਣ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਉਪਰੋਕਤ ਮੰਤਵ ਲਈ ਰਾਜ ਸਰਕਾਰ ਕਿਸੇ ਬੈਂਕ ਨਾਲ ਟਾਈ-ਅੱਪ ਕਰਕੇ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਨੂੰ ਬਣਦੀ ਕੀਮਤ ਕਿਸ਼ਤਾਂ ਵਿੱਚ ਦੇਣ ਦੀ ਸਹੂਲਤ ਪ੍ਰਦਾਨ ਕਰਵਾਏ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ ਕਿ-

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਗਮਾਡਾ ਵੱਲੋਂ ਸਾਰੇ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਲਈ ਹਾਊਸਿੰਗ ਸੁਸਾਇਟੀ ਬਣਾ ਕੇ ਇੱਕ ਕਲੋਨੀ ਦੀ ਉਸਾਰੀ ਕਰਕੇ ਦੇਵੇ ਤਾਂ ਜੋ ਇੱਕੋ ਹੀ ਸਥਾਨ ਤੇ ਆਮ ਜਨਤਾ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਨੂੰ ਸੌਖ ਨਾਲ ਆਪਣੇ ਕੰਮਾਂ-ਕਾਰਾਂ ਲਈ ਮਿਲ ਸਕੇ ਅਤੇ ਉਹ ਵੀ ਦੁੱਖ-ਸੁੱਖ ਵਿੱਚ ਆਮ ਲੋਕਾਂ ਦੇ ਕੰਮ-ਕਾਰ ਕਰ ਸਕਣ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਉਪਰੋਕਤ ਮੰਤਵ ਲਈ ਰਾਜ ਸਰਕਾਰ ਕਿਸੇ ਬੈਂਕ ਨਾਲ ਟਾਈ-ਅੱਪ ਕਰਕੇ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਨੂੰ ਬਣਦੀ ਕੀਮਤ ਕਿਸ਼ਤਾਂ ਵਿੱਚ ਦੇਣ ਦੀ ਸਹੂਲਤ ਪ੍ਰਦਾਨ ਕਰਵਾਏ।"

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ-

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਗਮਾਡਾ ਵੱਲੋਂ ਸਾਰੇ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਲਈ ਹਾਊਸਿੰਗ ਸੁਸਾਇਟੀ ਬਣਾ ਕੇ ਇੱਕ ਕਲੋਨੀ ਦੀ ਉਸਾਰੀ ਕਰਕੇ ਦੇਵੇ ਤਾਂ ਜੋ ਇੱਕੋ ਹੀ ਸਥਾਨ ਤੇ ਆਮ ਜਨਤਾ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਨੂੰ ਸੌਖ ਨਾਲ ਆਪਣੇ ਕੰਮਾਂ-ਕਾਰਾਂ ਲਈ ਮਿਲ ਸਕੇ ਅਤੇ ਉਹ ਵੀ ਦੁੱਖ-ਸੁੱਖ ਵਿੱਚ ਆਮ ਲੋਕਾਂ ਦੇ ਕੰਮ-ਕਾਰ ਕਰ ਸਕਣ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਉਪਰੋਕਤ ਮੰਤਵ ਲਈ ਰਾਜ ਸਰਕਾਰ ਕਿਸੇ ਬੈਂਕ ਨਾਲ ਟਾਈ-ਅੱਪ ਕਰਕੇ ਐਮ.ਐਲ.ਏਜ਼/ਐਕਸ ਐਮ.ਐਲ.ਏਜ਼ ਨੂੰ ਬਣਦੀ ਕੀਮਤ ਕਿਸ਼ਤਾਂ ਵਿੱਚ ਦੇਣ ਦੀ ਸਹੂਲਤ ਪ੍ਰਦਾਨ ਕਰਵਾਏ।"

ਪ੍ਰਸਤਾਵ (ਸੋਧੇ ਅਨੁਸਾਰ) ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ: ਸਰਦਾਰ ਲਾਲ ਸਿੰਘ ਜੀ ਨੇ ਜੋ ਪ੍ਰਸਤਾਵ ਪੇਸ਼ ਕੀਤਾ ਹੈ ਕਿ ਐਮ.ਐਲ.ਏਜ਼ ਅਤੇ ਐਕਸ ਐਮ.ਐਲ.ਏਜ਼ ਲਈ ਮਕਾਨ ਦੀ ਸਹੂਲਤ ਪ੍ਰਦਾਨ ਕਰਨ ਲਈ ਜੋ ਇਹ ਪ੍ਰਸਤਾਵ ਪੇਸ਼ ਕੀਤਾ ਹੈ, ਉਹ ਸਰਬਸੰਮਤੀ ਨਾਲ ਹਾਊਸ ਵਿੱਚ ਪ੍ਰਵਾਨ ਹੋਇਆ ਹੈ ਅਤੇ ਡਿਪਟੀ ਸੀ.ਐਮ. ਸਾਹਿਬ ਨੇ ਉਨ੍ਹਾਂ ਬਾਰੇ ਵਿਸ਼ਵਾਸ ਦਿਵਾਇਆ ਹੈ ਕਿ ਉਹ ਇਹ ਕਰਨਗੇ, ਡਿਪਟੀ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ) ਇਹ ਸਰਬਸੰਮਤੀ ਨਾਲ ਪਾਸ ਹੋਇਆ ਹੈ ਜੀ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਪਤਾ ਕਰ ਲਿਆ ਹੈ, ਇਸ ਦਾ ਨੋਟੀਫਿਕੇਸ਼ਨ ਹੁੰਦਾ ਹੈ, ਇਸ ਦਾ ਕੋਈ ਬਿਲ ਨਹੀਂ ਆਉਂਦਾ।

ਮਾਨਯੋਗ ਸਪੀਕਰ : ਧੰਨਵਾਦ ਜੀ। ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਇਸ ਬਜਟ ਸਮਾਗਮ ਦੌਰਾਨ ਪਵਿੱਤਰ ਸਦਨ ਨੇ ਤਿੰਨ ਨਮਿੱਤਣ ਬਿੱਲ ਅਤੇ 13 ਹੋਰ ਬਿੱਲ ਪਾਸ ਕੀਤੇ। ਇਸ ਤੋਂ ਇਲਾਵਾ ਸਦਨ ਨੇ ਕਾਮਾਗਾਟਾਮਾਰੂ ਸਾਕੇ ਸਬੰਧੀ ਅਤੇ ਡਾ. ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਸਬੰਧੀ ਦੋ ਸਰਕਾਰੀ ਮਤੇ ਵੀ ਪਾਸ ਕੀਤੇ ਅਤੇ ਦੋ ਗੈਰ-ਸਰਕਾਰੀ ਮਤੇ ਇਕ, ਰਾਜ ਵਿੱਚ ਅਵਾਰਾ ਪਸ਼ੂਆਂ ਦੇ ਆਮ ਤੁਰੇ ਫਿਰਨ ਕਰਨ ਵਾਪਰਦੇ ਭਿਆਨਕ ਹਾਦਸਿਆਂ ਨੂੰ ਰੋਕਣੇ ਅਤੇ ਦੂਜਾ, ਅਵਾਰਾ ਕੁੱਤਿਆਂ ਦੁਆਰਾ ਕੀਤੇ ਜਾਂਦੇ ਭਾਰੀ ਨੁਕਸਾਨ ਤੋਂ ਬਚਾਉਣ ਅਤੇ ਇਨ੍ਹਾਂ ਦੀ ਤੇਜ਼ੀ ਨਾਲ ਹੋਰ ਵੱਧਦੀ ਸੰਖਿਆ ਨੂੰ ਰੋਕਣ ਲਈ ਵੀ ਸਦਨ ਨੇ ਸਰਬਸੰਮਤੀ ਨਾਲ ਪਾਸ ਕੀਤੇ। ਇਨ੍ਹਾਂ ਤੋਂ ਇਲਾਵਾ ਸਾਰੇ ਮੈਂਬਰ ਸਾਹਿਬਾਨ ਨੇ ਸਦਨ ਦੀਆਂ ਬੈਠਕਾਂ ਵਿੱਚ ਆਪਣੇ ਆਪਣੇ ਹਲਕਿਆਂ ਦੇ ਵਿਕਾਸ ਸਬੰਧੀ ਮਸਲੇ ਵੀ ਉਠਾਏ ਅਤੇ ਸਰਕਾਰ ਨੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਉਸਾਰੂ ਕਦਮ ਵੀ ਉਠਾਏ ਅਤੇ ਕਈ ਮਸਲਿਆਂ ਨੂੰ ਹੱਲ ਕਰਨ ਲਈ ਆਸ਼ਵਾਸਨ ਵੀ ਦਿੱਤੇ। (ਵਿਘਨ..ਸ਼ੋਰ) please silence. ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਨੇ ਰਾਜਪਾਲ ਦੇ ਭਾਸ਼ਣ ਦਾ ਜਵਾਬ ਦਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਸ਼੍ਰੀ ਨਰਿੰਦਰ ਮੋਦੀ, ਮਾਨਯੋਗ ਪ੍ਰਧਾਨ ਮੰਤਰੀ ਦੇ ਪੰਜਾਬ ਆਉਣ ਤੇ ਉਨ੍ਹਾਂ ਦਾ ਧੰਨਵਾਦ ਵੀ

[ਮਾਨਯੋਗ ਸਪੀਕਰ]

ਕੀਤਾ। ਇਸ ਤੋਂ ਇਲਾਵਾ ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਜੀ ਨੇ ਬਜਟ ਅਨੁਮਾਨਾਂ ਸਬੰਧੀ ਵੀ ਸਰਕਾਰ ਦਾ ਪੱਖ ਪੇਸ਼ ਕੀਤਾ। ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਵਿੱਤ ਮੰਤਰੀ ਨੇ ਬਜਟ ਅਨੁਮਾਨਾਂ ਦੀ ਬਹਿਸ ਦੌਰਾਨ ਮੈਂਬਰ ਸਾਹਿਬਾਨ ਵੱਲੋਂ ਉਠਾਏ ਗਏ ਵੱਖ ਵੱਖ ਨੁਕਤਿਆਂ ਦਾ ਵਿਸਥਾਰ ਪੂਰਵਕ ਜਵਾਬ ਦਿੱਤਾ ਅਤੇ ਉਨ੍ਹਾਂ ਨੇ ਪੰਜਾਬ ਦੇ ਲੋਕ ਭਲਾਈ ਦੀਆਂ ਮੰਗਾਂ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਪਾਸ ਵੀ ਕਰਵਾਇਆ। ਪਵਿੱਤਰ ਹਾਊਸ ਨੇ ਸਰਬਸੰਮਤੀ ਨਾਲ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਨੂੰ ਉਨ੍ਹਾਂ ਦੀਆਂ ਗਰੀਬ ਜਨਤਾ, ਦਲਿਤਾਂ ਅਤੇ ਕਿਸਾਨਾਂ ਪ੍ਰਤੀ ਬਹੁਤ ਲੰਮੇ ਸਮੇਂ ਤੋਂ ਲਗਾਤਾਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਦੇਸ਼ ਦਾ ਬਹੁਤ ਹੀ ਗੌਰਵਮਈ ਐਵਾਰਡ 'ਪਦਮ ਵਿਭੂਸ਼ਣ' ਪ੍ਰਦਾਨ ਕਰਨ ਲਈ ਮਾਨਯੋਗ ਰਾਸ਼ਟਰਪਤੀ ਜੀ ਦਾ ਵੀ ਧੰਨਵਾਦ ਕੀਤਾ। ਮੈਂ ਸਮੂਹ ਮੈਂਬਰ ਸਾਹਿਬਾਨ, ਸਮੇਤ ਵਿਰੋਧੀ ਧਿਰ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਸਮੁੱਚੇ ਹਾਊਸ ਦੀ ਕਾਰਵਾਈ ਨੂੰ ਨਿਰਵਿਘਨ ਚਲਾਉਣ ਲਈ ਆਪਣਾ ਪੂਰਨ ਸਹਿਯੋਗ ਦਿੱਤਾ। ਇਸ ਪਵਿੱਤਰ ਹਾਊਸ ਦੇ ਸਮੂਹ ਮੈਂਬਰ ਸਾਹਿਬਾਨ ਨੇ ਦੋਹਾਂ ਪਾਸਿਆਂ ਤੋਂ ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਜਟ ਅਨੁਮਾਨਾਂ ਦੀ ਬਹਿਸ ਦੌਰਾਨ ਆਪਸ ਵਿੱਚ ਇਕ ਦੂਸਰੇ ਦੇ ਵਿਚਾਰ ਸਹਿਨਸ਼ੀਲਤਾ ਨਾਲ ਸੁਣੇ ਅਤੇ ਵਧੀਆ ਹਾਂ ਪੱਖੀ ਅਤੇ ਉਸਾਰੂ ਵਿਚਾਰ ਪੇਸ਼ ਕੀਤੇ ਗਏ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਵੀ ਮੈਨੂੰ ਸਾਰੇ ਮੈਂਬਰ ਸਾਹਿਬਾਨ ਤੋਂ ਪੂਰਨ ਸਹਿਯੋਗ ਮਿਲਦਾ ਰਹੇਗਾ।

ਹੁਣ ਸਦਨ ਅਣਮਿੱਥੇ ਸਮੇਂ ਲਈ *ਸਥੱਗਿਤ ਕੀਤਾ ਜਾਂਦਾ ਹੈ।

*3.13 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਅਣਮਿਥੇ ਸਮੇਂ ਲਈ ਸਥੱਗਿਤ ਹੋ ਗਿਆ।)

APPENDIX
TO
PUNJAB VIDHAN SABHA DEBATES

Wednesday, he 25th March, 2015

Vol. X-No. 8

POSTPONED STARRED QUESTION AND ANSWER

ਹਸਪਤਾਲ ਬਣਾਉਣ ਲਈ ਜ਼ਮੀਨ ਲੀਜ ਤੇ ਦੇਣਾ

***1889 ਸਰਦਾਰ ਰਣਜੀਤ ਸਿੰਘ ਢਿੱਲੋਂ:** ਐਮ.ਐਲ.ਏ. ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਲੁਧਿਆਣਾ ਸ਼ਹਿਰ ਵਿੱਚ ਦਰੇਸੀ ਗਰਾਊਂਡ ਦੇ ਨੇੜੇ ਕਪੂਰ ਹਸਪਤਾਲ ਦੇ ਮਾਲਕਾਂ ਨੂੰ ਹਸਪਤਾਲ ਬਣਾਉਣ ਲਈ ਕਿੰਨੀ ਜ਼ਮੀਨ ਕਿੰਨੇ ਸਮੇਂ ਲਈ ਲੀਜ ਤੇ ਦਿੱਤੀ ਗਈ ਸੀ।

(ਅ) ਕੀ ਉਕਤ ਹਸਪਤਾਲ ਦੇ ਮਾਲਕਾਂ ਵੱਲੋਂ ਹਸਪਤਾਲ ਦੇ ਬਾਹਰਲੇ ਪਾਸੇ ਕਰੀਬ 100 ਦੁਕਾਨਾਂ ਬਣਾ ਕੇ ਕਿਰਾਏ ਤੇ ਦਿੱਤੀਆਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਹ ਜ਼ਮੀਨ ਉਕਤ ਹਸਪਤਾਲ ਦੇ ਮਾਲਕਾਂ ਤੋਂ ਖਾਲੀ ਕਰਾਉਣ ਲਈ ਕੀ ਉਪਰਾਲੇ ਕਰ ਰਹੀ ਹੈ?

ਸਰਦਾਰ ਬਿਕਰਮ ਸਿੰਘ ਮਜੀਠੀਆ: (ੳ) ਲੁਧਿਆਣਾ ਸ਼ਹਿਰ ਵਿੱਚ ਦਰੇਸੀ ਗਰਾਊਂਡ ਦੇ ਨੇੜੇ ਕਪੂਰ ਹਸਪਤਾਲ ਵਾਸਤੇ ਸਾਲ 1950 ਦੌਰਾਨ 30 ਸਾਲ ਵਾਸਤੇ 12.5 ਏਕੜ ਸਰਕਾਰੀ ਜ਼ਮੀਨ ਲੀਜ਼ ਤੇ ਦਿੱਤੀ ਗਈ ਸੀ।

(ਅ) ਜੀ ਹਾਂ। ਇਸ ਜ਼ਮੀਨ ਨੂੰ ਖਾਲੀ ਕਰਾਉਣ ਲਈ ਤਹਿਸੀਲਦਾਰ ਲੁਧਿਆਣਾ (ਪੂਰਬੀ) ਵੱਲੋਂ ਇੱਕ ਕੇਸ ਦੀ ਪੰਜਾਬ ਪਬਲਿਕ ਪ੍ਰੀਮਿਸਿਜ਼ ਲੈਂਡ (ਅਵਿਕਸਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਐਸ.ਡੀ.ਐਮ. ਕਮ ਕੁਲੈਕਟਰ ਲੁਧਿਆਣਾ (ਪੂਰਬੀ) ਦੀ ਅਦਾਲਤ ਵਿੱਚ ਦਾਇਰ ਕੀਤਾ ਗਿਆ ਸੀ। ਜਿਸ ਦਾ ਫੈਸਲਾ ਐਸ.ਡੀ.ਐਮ. (ਭੂਰਬੀ ਵੱਲੋਂ 07.11.2014 ਨੂੰ ਕੀਤਾ ਗਿਆ। ਜਿਸ ਅਨੁਸਾਰ ਹਸਪਤਾਲ ਅਥਾਰਟੀ ਨੂੰ ਇਹ ਜਗ੍ਹਾ ਖਾਲੀ ਕਰਨ ਦਾ ਹੁਕਮ ਕੀਤਾ ਗਿਆ। ਹੁਣ ਇਸ ਫੈਸਲੇ ਦੇ ਵਿਰੁੱਧ ਅਪੀਲ ਕੇਸ ਵਧੀਕ ਡਿਪਟੀ ਕਮਿਸ਼ਨਰ-ਕਮ-ਐਪੀਲਾਟ ਅਧਾਰਟੀ ਦੀ ਅਦਾਲਤ ਵਿੱਚ ਚੱਲ ਰਿਹਾ ਹੈ, ਜਿਸ ਦਾ ਫੈਸਲਾ ਹੋਣਾ ਅਜੇ ਬਾਕੀ ਹੈ।

©2015

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8669/6-2015(5)